# ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ
# ਸਟੀਕ

## ਗਿਆਨ ਪ੍ਰਬੋਧ

ਟੀਕਾਕਾਰ - ਸਵਾਮੀ ਹਰਿਨਾਮ ਦਾਸ ਉਦਾਸੀਨ

ਸੰਪਾਦਕ - ਭਜਨ ਸਿੰਘ

ਪ੍ਰਕਾਸ਼ਕ - ਵਿਸ਼ਵ ਨਾਮਧਾਰੀ ਸੰਗਤ
ਸ੍ਰੀ ਭੈਣੀ ਸਾਹਿਬ, ਲਧਿਆਣਾ (ਪੰਜਾਬ)

**ੴ ਸਤਿਗੁਰ ਪ੍ਰਸਾਦਿ॥ ਸ੍ਰੀ ਭਗਉਤੀ ਜੀ ਸਹਾਇ॥**
**ਅਥ ਗਿਆਨ ਪ੍ਰਬੋਧ ਗ੍ਰੰਥ ਲਿਖ੍ਯਤੇ॥ ਪਾਤਸਾਹੀ ੧੦॥**

***ਭਾਵਾਰਥ:–*** ਸ੍ਰੀ (ਭਗਉਤੀ) ਚੰਡਿਕਾ ਜੀ ਸਹਾਇਕ ਹੋਣ। ਹੁਣ (ਪਾਤਸ਼ਾਹੀ ੧੦) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗਿਆਨ ਪ੍ਰਬੋਧ ਨਾਮੇ ਗ੍ਰੰਥ ਲਿਖਦੇ ਹਨ।

**ਭੁਜੰਗ ਪ੍ਰਯਾਤ ਛੰਦ॥ ਤ੍ਵ ਪ੍ਰਸਾਦਿ[1]॥**
**ਨਮੋ ਨਾਥ ਪੂਰੇ ਸਦਾ ਸਿੱਧ ਕਰਮੰ॥ ਅਛੇਦੀ ਅਭੇਦੀ ਸਦਾ ਏਕ ਧਰਮੰ॥**
**ਕਲੰਕੰ ਬਿਨਾ ਨਿਹਕਲੰਕੀ ਸਰੂਪੇ॥ ਅਛੇਦੰ ਅਭੇਦੰ ਅਖੇਦੰ ਅਨੂਪੇ॥੧॥**

***ਭਾਵਾਰਥ:–*** ਹਮੇਸ਼ਾ (ਸਿੱਧ) ਪੂਰਨ ਕਰਮ ਵਾਲੇ ਪੂਰਨ ਸੁਆਮੀ ਨੂੰ ਨਮਸਕਾਰ ਹੈ। ਸੁਰਾਖ ਤੋਂ ਬਿਨਾਂ, ਭੇਦ ਤੋਂ ਬਿਨਾਂ, ਹਮੇਸ਼ਾ ਇੱਕ (ਧਰਮੰ) ਨਿਸਚੇ ਵਾਲਾ। (ਕਲੰਕ) ਦੂਸ਼ਣ ਤੋਂ ਰਹਿਤ ਨਿਰਦੂਸ਼ਿਤ ਸਰੂਪ ਵਾਲਾ। ਸੁਰਾਖ ਰਹਿਤ, ਭੇਤ ਰਹਿਤ, ਦੁੱਖ ਰਹਿਤ ਅਤੇ ਉਪਮਾ ਰਹਿਤ ਹੈ॥੧॥

**ਨਮੋ ਲੋਕ ਲੋਕੇਸ੍ਵਰੰ ਲੋਕ ਨਾਥੇ॥ ਸਦੈਵੰ ਸਦਾ ਸਰਬਸਾਥੰ ਅਨਾਥੇ॥**
**ਨਮੋ ਏਕ ਰੂਪੰ ਅਨੇਕੰ ਸਰੂਪੇ॥ ਸਦਾ ਸਰਬ ਸਾਹੰ ਸਦਾ ਸਰਬ ਭੂਪੇ॥੨॥**

***ਭਾਵਾਰਥ:–*** (ਲੋਕ) ਸ੍ਰਿਸ਼ਟੀ (ਲੋਕੇਸ੍ਵਰੰ) ਬ੍ਰਹਮਾ ਅਤੇ (ਲੋਕ ਨਾਥੇ) ਰਾਜੇ ਰੂਪ ਨੂੰ ਨਮਸਕਾਰ ਹੈ। ਹਮੇਸ਼ਾ ਤੋਂ ਸਭ ਨਾਲ, (ਅਨਾਥੇ) ਸੁਤੰਤਰ। ਇੱਕ ਰੂਪ ਅਤੇ ਅਨੇਕ ਰੂਪ ਨੂੰ ਨਮਸਕਾਰ। ਜੋ ਹਮੇਸ਼ਾ ਹੀ ਸਭ ਦਾ (ਸ਼ਾਹ) ਸ਼ਹਿਨਸ਼ਾਹ ਅਤੇ ਹਮੇਸ਼ਾ ਹੀ ਸਭ ਦੇ ਰਾਜਾ ਰੂਪ ਹੈ॥੨॥

**ਅਛੇਦੰ ਅਭੇਦੰ ਅਨਾਮੰ ਅਠਾਮੰ॥ ਸਦਾ ਸਰਬਦਾ ਸਿੱਧਿਦਾ ਬੁੱਧਿ ਧਾਮੰ॥**
**ਅਜੰਤ੍ਰੰ ਅਮੰਤ੍ਰੰ ਅਕੰਤ੍ਰੰ ਅਭਰਮੰ॥ ਅਖੇਦੰ ਅਭੇਦੰ ਅਛੇਦੰ ਅਕਰਮੰ॥੩॥**

***ਭਾਵਾਰਥ:–*** ਜੋ ਛਿੱਲਣ ਰਹਿਤ, ਭੇਦ ਰਹਿਤ, ਨਾਮ ਰਹਿਤ, ਥਾਂ ਰਹਿਤ ਹੈ। ਹਮੇਸ਼ ਦਰ ਹਮੇਸ਼ ਸਿੱਧੀ ਨੂੰ ਦੇਣ ਵਾਲਾ ਅਤੇ (ਬੁੱਧਿ) ਅਕਲ ਦਾ ਘਰ। ਯੰਤ੍ਰ ਰਹਿਤ, ਮੰਤ੍ਰ ਰਹਿਤ, (ਅਕੰਤ੍ਰੰ) ਅਕਰਤ੍ਰਿ ਜਾਂ ਕ੍ਰਿਆ ਰਹਿਤ[2] ਅਤੇ ਭ੍ਰਮ ਰਹਿਤ। ਦੁੱਖ ਰਹਿਤ, ਭੇਦ ਰਹਿਤ, ਸੁਰਾਖ ਤੋਂ ਬਿਨਾਂ ਅਤੇ ਕਰਮ ਰਹਿਤ॥੩॥

**ਅਗਾਧੇ ਅਬਾਧੇ ਅਗੰਤੰ ਅਨੰਤੰ॥ ਅਲੇਖੰ ਅਭੇਖੰ ਅਭੂਤੰ ਅਗੰਤੰ॥**
**ਨ ਰੰਗੰ ਨ ਰੂਪੰ ਨ ਜਾਤੰ ਨ ਪਾਤੰ॥ ਨ ਸਤ੍ਰੋ ਨ ਮਿਤ੍ਰੋ ਨ ਪੁਤ੍ਰੋ ਨ ਮਾਤੰ॥੪॥**

---

[1] ਇਹ ਮੰਗਲ ਸ੍ਰੀ ਗੁਰੂ ਜੀ ਦੀ ਕ੍ਰਿਤ ਹੈ, ਜਿਸਦਾ ਅਰਥ 'ਹੇ ਪਰਮੇਸ਼ਰ ! ਤੇਰੀ ਮਿਹਰ ਨਾਲ (ਉਚਾਰਨ ਕਰਦਾ ਹਾਂ) ਹੈ।

[2] ਸ੍ਰ. ਬ. ਕਾਨ੍ਹ ਸਿੰਘ ਜੀ ਨਾਭਾ ਨੇ 'ਅਕੰਤ੍ਰੰ' ਨੂੰ 'ਅਕਰਤ੍ਰਿ' ਸ਼ਬਦ ਮੰਨ ਕੇ ਉਪਰੋਕਤ ਹੀ ਅਰਥ ਕੀਤਾ ਹੈ। ਮੇਰੀ ਵਿਚਾਰ ਹੈ ਕਿ ਇਹ ਲਿਖਾਰੀ ਦੀ ਭੁੱਲ ਨਾਲ 'ਅਤੰਤ੍ਰੰ' ਸ਼ਬਦ ਦਾ ਬਦਲਿਆ ਹੋਇਆ ਰੂਪ ਹੈ ਕਿਉਂਕਿ ਯੰਤ੍ਰ ਮੰਤ੍ਰ ਨਾਲ ਤੰਤ੍ਰ ਦਾ ਹੀ ਜੋੜ ਹੈ, 'ਕੰਤ੍ਰੰ' ਜਾਂ 'ਕਰਤ੍ਰਿ' ਦਾ ਸੰਬੰਧ ਨਹੀਂ।

***ਭਾਵਾਰਥ:–*** ਗੰਭੀਰ, ਅਵਿਨਾਸ਼, (ਅਗੰਤੰ) ਆਦਿ ਰਹਿਤ ਅਤੇ ਅੰਤ ਰਹਿਤ ਹੈ। ਲੇਖ ਰਹਿਤ, ਭੇਖ ਰਹਿਤ, ਤੱਤ ਰਹਿਤ ਅਤੇ (ਅਗੰਤੰ) ਪਰਲੋਕ ਵਿੱਚ ਹੈ। ਰੰਗ ਨਹੀਂ, ਰੂਪ ਨਹੀਂ, ਜਾਤ ਨਹੀਂ ਅਤੇ (ਪਾਤੰ) ਬਰਾਦਰੀ ਨਹੀਂ ਹੈ। ਉਸ ਦਾ ਨਾ ਕੋਈ ਦੁਸ਼ਮਣ, ਨਾ ਕੋਈ ਮਿੱਤਰ ਹੈ, ਨਾ ਪੁੱਤਰ ਅਤੇ ਨਾ ਮਾਂ ਹੈ॥੪॥

**ਅਭੂਤੰ ਅਭੰਗੰ ਅਭਿੱਖੰ ਭਵਾਨੰ॥ ਪਰੇਯੰ ਪੁਨੀਤੰ ਪਵਿਤ੍ਰੰ ਪ੍ਰਧਾਨੰ॥**
**ਅਗੰਜੇ ਅਭੰਜੇ ਅਕਾਮੰ ਅਕਰਮੰ॥ ਅਨੰਤੇ ਬਿਅੰਤੇ ਅਭੂਮੇ ਅਭਰਮੰ॥੫॥**

***ਭਾਵਾਰਥ:–*** ਉਹ (ਅਭੰਗੰ) ਅਵਿਨਾਸ਼ੀ ਭੂਤ ਕਾਲ ਰਹਿਤ, (ਅਭਿਖੰ) ਭਵਿੱਖ (ਕਾਲ) ਰਹਿਤ ਅਤੇ (ਭਵਾਨੰ) ਵਰਤਮਾਨ ਕਾਲ ਰਹਿਤ ਹੈ। (ਯੰ) ਜੋ ਪਰੇ ਹੈ, ਪੁਨੀਤ ਹੈ, ਪਵਿੱਤਰ ਅਤੇ ਪ੍ਰਧਾਨ ਹੈ। (ਅਗੰਜੇ) ਲਾ ਮਕਾਨ, ਅਮਰ, ਨਿਰਿਛਿਤ ਅਤੇ ਕਰਮ ਰਹਿਤ ਹੈ। ਬੇਅੰਤ ਤੋਂ ਬੇਅੰਤ, ਜ਼ਮੀਨ ਰਹਿਤ ਅਤੇ ਭ੍ਰਮ ਰਹਿਤ ਹੈ॥੫॥

**ਨਹੀ ਜਾਨ ਜਾਈ ਕਛੂ ਰੂਪ ਰੇਖੰ॥ ਕਹਾ ਬਾਸੁ ਤਾ ਕੋ ਫਿਰੈ ਕੌਨ ਭੇਖੰ॥**
**ਕਹਾ ਨਾਮ ਤਾ ਕੋ ਕਹਾ ਕੈ ਕਹਾਵੈ॥ ਕਹਾ ਮੈ ਬਖਾਨੋ ਕਹੈ ਮੈ ਨ ਆਵੈ॥੬॥**

***ਭਾਵਾਰਥ:–*** (ਓਸ ਦੀ) ਕੁਝ ਵੀ ਰੂਪ ਰੇਖਾ (ਜਾਨ) ਸਮਝੀ ਨਹੀਂ ਜਾ ਸਕਦੀ। ਉਸ ਦਾ ਕਿੱਥੇ ਨਵਾਸ (ਘਰ) ਹੈ? ਕਿਸ ਲਿਬਾਸ ਵਿੱਚ ਫਿਰਦਾ ਹੈ? ਉਸਦਾ ਕੀ ਨਾਂ ਹੈ? ਕੀ (ਕੈ) ਨਾਲ ਅਖਵਾਉਂਦਾ ਹੈ? ਮੈਂ ਕੀ ਆਖਾਂ? ਕਹਿਣ ਵਿੱਚ ਹੀ ਨਹੀਂ ਆਉਂਦਾ॥੬॥

**ਅਜੋਨੀ ਅਜੈ ਪਰਮ ਰੂਪੀ ਪ੍ਰਧਾਨੈ॥ ਅਛੇਦੀ ਅਭੇਦੀ ਅਰੂਪੀ ਮਹਾਨੈ॥**
**ਅਸਾਧੇ ਅਗਾਧੇ ਅਗੰਜੁਲ ਗਨੀਮੇ॥ ਅਰੰਜੁਲ ਅਰਾਧੇ ਰਹਾਕੁਲ ਰਹੀਮੇ॥੭॥**

***ਭਾਵਾਰਥ:–*** ਯੋਨੀ ਰਹਿਤ, ਅਜਿੱਤ, ਉੱਤਮ ਰੂਪ ਵਾਲਾ ਅਤੇ ਪ੍ਰਧਾਨ (ਮੁਖ) ਹੈ। ਨਾ ਵਿੰਨ੍ਹਿਆ ਜਾਣ ਵਾਲਾ, ਭੇਦ ਰਹਿਤ, ਰੂਪ ਰਹਿਤ ਅਤੇ ਵੱਡਾ ਹੈ। (ਅਸਾਧੇ) ਜੋ ਵੱਸ ਨਾ ਹੋ ਸਕੇ, ਗੰਭੀਰ ਅਤੇ (ਗਨੀਮੇ) ਦੁਸ਼ਮਣਾਂ ਤੋਂ ਅਜਿੱਤ ਹੈ। (ਅਰੰਜੁਲ ਅਰਾਧੇ) ਆਰਾਧਣ ਵਾਲੇ ਨੂੰ ਸ਼ੋਕ ਰਹਿਤ ਕਰਨ ਵਾਲਾ ਅਤੇ (ਰਹਾਕੁਲ ਰਹੀਮੇ) ਬੰਧਨ ਤੋਂ ਮੁਕਤ ਕਰਨ ਵਾਲਾ ਅਤੇ ਮਿਹਰਵਾਨ ਹੈ॥੭॥

**ਸਦਾ ਸਰਬਦਾ ਸਿੱਧਿ ਦਾ ਬੁੱਧਿ ਦਾਤਾ॥ ਨਮੋ ਲੋਕ ਲੋਕੇਸ੍ਵਰੰ ਲੋਕ ਗਯਾਤਾ॥**
**ਅਛੇਦੀ ਅਭੈ ਆਦਿ ਰੂਪੀ ਅਨੰਤੰ॥ ਅਛੇਦੀ ਅਛੈ ਆਦਿ ਅਦ੍ਵੈ ਦੁਰੰਤੰ॥੮॥**

***ਭਾਵਾਰਥ:–*** ਹਮੇਸ਼ ਦਰ ਹਮੇਸ਼ ਸਿੱਧੀ ਦੇਣ ਵਾਲਾ ਅਤੇ ਬੁੱਧੀ ਦੇਣ ਵਾਲਾ ਹੈ। (ਲੋਕ) ਸ਼ਾਸਤਰ, (ਲੋਕੇਸ੍ਵਰ) ਬ੍ਰਹਮਾ ਅਤੇ (ਲੋਕ ਗਿਆਤਾ) ਵਿਦਵਾਨ (ਸ਼ਾਸਤਰੀ) ਰੂਪ ਨੂੰ ਨਮਸਕਾਰ ਹੈ। ਜੋ ਟੁਕੜੇ ਰਹਿਤ, ਨਿਰਭੈ, ਪਹਿਲੋਂ ਤੋਂ ਹੀ (ਅਨੰਤੰ) ਬੇਅੰਤ ਰੂਪ ਹੈ। ਸੁਰਾਖ਼ ਰਹਿਤ, ਅਵਿਨਾਸ, ਪਹਿਲਾ, ਇੱਕ ਅਤੇ (ਦੁਰੰਤ) ਜਿਸ ਦਾ ਅੰਤ ਲੁਕਿਆ ਹੋਇਆ ਹੈ॥੮॥

**ਨਰਾਜ ਛੰਦ॥**[1]

**ਅਨੰਤ ਆਦਿ ਦੇਵ ਹੈ॥ ਬਿਅੰਤ ਭਰਮ ਭੇਵ ਹੈ॥**
**ਅਗਾਧਿ ਬਜਾਧਿ ਨਾਸ ਹੈ॥ ਸਦੈਵ ਸਰਬ ਪਾਸ ਹੈ॥੧॥੯॥**

***ਭਾਵਾਰਥ:–*** ਅੰਤ ਰਹਿਤ ਅਤੇ ਪਹਿਲੇ (ਦੇਵ) ਪੂਜਯ ਹਨ। ਬਹੁਤ ਭਰਮਾਂ ਨੂੰ ਨਾਸ ਕਰਨ ਵਾਲੇ ਹਨ। ਗੰਭੀਰ ਰੋਗਾਂ ਨੂੰ ਨਾਸ ਕਰਨ ਵਾਲੇ ਹਨ। ਹਮੇਸ਼ਾ ਹੀ ਸਭ ਦੇ ਨੇੜੇ ਹਨ ॥੧॥੯॥

**ਬਚਿਤ੍ਰ ਚਿਤ੍ਰ ਚਾਪ ਹੈਂ॥ ਅਖੰਡ ਦੁਸ੍ਰ ਖਾਪ ਹੈਂ॥**
**ਅਭੇਦ ਆਦਿ ਕਾਲ ਹੈਂ॥ ਸਦੈਵ ਸਰਬ ਪਾਲ ਹੈਂ॥੨॥੧੦॥**

***ਭਾਵਾਰਥ:–*** (ਬਚਿਤ੍ਰ) ਕਈ ਤਰ੍ਹਾਂ ਦੀਆਂ (ਚਿਤ੍ਰ) ਚਿਤਰਕਾਰੀਆਂ ਵਾਲੇ (ਚਾਪ) ਧਨੁਸ਼ ਵਾਲੇ ਹਨ। (ਜਿਸ ਨਾਲ) (ਅਖੰਡ) ਅਵਧਜ ਦੁਸ਼ਟਾਂ ਨੂੰ ਖਪਾਉਣ ਵਾਲੇ ਹਨ। (ਆਦਿ ਕਾਲ) ਮੁੱਢ ਤੋਂ ਹੀ (ਅਭੇਦ) ਨਾ ਜਾਨਣ ਯੋਗ ਹਨ। ਹਮੇਸ਼ਾ ਹੀ ਸਭ ਦੀ ਪਾਲਣਾ ਕਰਨ ਵਾਲੇ ਹਨ॥੨॥੧੦॥

**ਅਖੰਡ ਚੰਡ ਰੂਪ ਹੈਂ॥ ਪ੍ਰਚੰਡ ਸਰਬ ਸ੍ਰੂਪ ਹੈਂ॥**
**ਕਾਲ ਹੂੰ ਕੇ ਕਾਲ ਹੈਂ॥ ਸਦੈਵ ਰੱਛ ਪਾਲ ਹੈਂ॥੩॥੧੧॥**

***ਭਾਵਾਰਥ:–*** (ਅਖੰਡ) ਇੱਕ ਰਸ (ਚੰਡ) ਤੇਜਮਈ ਰੂਪ ਨਾਲੇ ਹਨ। ਸਭ ਸਰੂਪਾਂ ਦੀ (ਪ੍ਰਚੰਡ) ਜਿਯੋਤੀ (ਕ੍ਰਾਂਤੀ) ਹਨ। (ਕਾਲ) ਯਮਰਾਜ ਦੇ ਵੀ ਕਾਲ ਕਰਨ ਵਾਲੇ ਹਨ। ਸਦਾ ਹੀ (ਰੱਛ ਪਾਲ) ਰਾਖੇ ਭਾਵ ਰੱਖਿਅਕ ਹਨ॥੩॥੧੧॥

**ਕ੍ਰਿਪਾਲ ਦਜਾਲ ਰੂਪ ਹੈਂ॥ ਸਦੈਵ ਸਰਬ ਭੂਪ ਹੈਂ॥**
**ਅਨੰਤ ਸਰਬ ਆਸ ਹੈਂ॥ ਪਰੇਵ ਪਰਮ ਪਾਸ ਹੈਂ॥੪॥੧੨॥**

***ਭਾਵਾਰਥ:–*** ਕ੍ਰਿਪਾ ਦੇ ਘਰ ਅਤੇ ਦਿਆਲ ਰੂਪ ਹਨ। ਹਮੇਸ਼ਾ ਸਭ ਦੇ ਰਾਜੇ ਹਨ। ਬੇਅੰਤ ਅਤੇ ਸਭ ਆਸ ਪੂਰਨ ਕਰਨ ਵਾਲੇ ਹਨ। (ਏਵ) ਨਿਸਚੇ (ਮਨ ਬਾਣੀ ਤੋਂ) ਪਰ੍ਹੇ ਅਤੇ ਪਰਮ (ਪਾਸ) ਨੇੜੇ ਹਨ॥੪॥੧੨॥

**ਅਦ੍ਰਿਸ੍ਰਿ ਅੰਤ੍ਰ ਧਜਾਨ ਹੈਂ॥ ਸਦੈਵ ਸਰਬ ਮਾਨ ਹੈਂ॥**
**ਕ੍ਰਿਪਾਲ ਕਾਲ ਹੀਨ ਹੈਂ॥ ਸਦੈਵ ਸਾਧ ਅਧੀਨ ਹੈਂ॥੫॥੧੩॥**
**ਭਜਸਤੁਯੰ॥ ਭਜਸਤੁਯੰ॥ ਰਹਾਉ॥**

---

[1] ਨਰਾਜ ਚੰਦ ਏਥੇ 'ਅਰਧ ਨਰਾਜ ਛੰਦ' ਲਈ ਆਇਆ ਹੈ ਏਸ ਦੇ ਨਗ ਸ੍ਰੂਪਿਣੀ ਅਤੇ ਪ੍ਰਮਾਣਿਕਾ ਨਾਮ ਭੀ ਹਨ। ਲਘੁ ਗੁਰੁ ਕ੍ਰਮ ਨਾਲ ਅੱਠ ਅੱਖਰ ਅਥਵਾ ਜ.ਰ.ਲ.ਗ. IS IS IS IS ਹੈ, ਪ੍ਰਤੂੰ ਲਿਖਾਰੀ ਦੀ ਗਲਤੀ ਨਾਲ ਇਹਨਾਂ ਤੁੱਕਾਂ ਵਿੱਚ ਇਹ ਲੱਛਣ ਭੰਗ ਹੋਇਆ ਹੋਇਆ ਦਿਸ ਰਿਹਾ ਹੈ।

***ਭਾਵਾਰਥ:–*** ਨਾ ਦਿਸਣ ਵਾਲੇ (ਅੰਤਰ ਧਿਆਨ) ਛਿਪੇ ਹੋਏ ਹਨ। ਹਮੇਸ਼ਾ ਸਭ ਦੇ ਮਾਨਜ (ਮੰਨਣ ਯੋਗ) ਹਨ। ਮਿਹਰਬਾਨ ਅਤੇ (ਕਾਲ) ਮੌਤ ਰਹਿਤ ਹਨ। ਹਮੇਸ਼ਾ ਹੀ ਸਾਧੂ ਦੇ ਅਨੁਸਾਰੀ ਹਨ॥੫॥੧੩॥ ਤੈਨੂੰ ਸਿਮਰਦਾ ਹਾਂ॥ ਤੈਨੂੰ ਸਿਮਰਦਾ ਹਾਂ ॥ਰਹਾਉ॥

**ਅਗਾਧਿ ਬਜਾਧਿ ਨਾਸਨੰ॥ ਪਰੇਯੰ ਪਰਮ ਉਪਾਸਨੰ॥**
**ਤ੍ਰਿਕਾਲ ਲੋਕ ਮਾਨ ਹੈਂ॥ ਸਦੇਵ ਪੁਰਖ ਪ੍ਰਧਾਨ ਹੈਂ॥੬॥੧੪॥**
**ਤਥਸਤੁਯੰ॥ ਤਥਸਤੁਯੰ ॥ਰਹਾਉ॥**

***ਭਾਵਾਰਥ:–*** ਗੰਭੀਰ ਰੋਗਾਂ ਨੂੰ ਨਾਸ ਕਰਨ ਵਾਲਾ ਹੈ। ਪਰਾ ਰੂਪ ਅਤੇ ਪਰਮ ਉਪਾਸਨਾ ਦੇ ਯੋਗ ਹੈ। ਤਿੰਨਾਂ ਕਾਲਾਂ ਵਿੱਚ (ਲੋਕਮਾਨ) ਸੰਸਾਰ ਦੇ ਮਾਨਣੀਯ (ਮੰਨਣ ਯੋਗ) ਹਨ, ਹਮੇਸ਼ਾ ਹੀ ਪ੍ਰਧਾਨ, ਪੌਰਸ਼ੇਯ ਹਨ॥੬॥੧੪॥ ਵੈਸੇ ਹੀ ਹਨ। ਵੈਸੇ ਹੀ ਹਨ॥ਰਹਾਉ॥

**ਕ੍ਰਿਪਾਲ ਦਜਾਲ ਕਰਮ ਹੈਂ॥ ਅਗੰਜ ਭੰਜ ਭਰਮ ਹੈਂ॥**
**ਤ੍ਰਿਕਾਲ ਲੋਕਪਾਲ ਹੈਂ॥ ਸਦੈਵ ਸਰਬ ਦਜਾਲ ਹੈਂ॥੭॥੧੫॥**
**ਜਪਸਤੁਯੰ॥ ਜਪਸਤੁਯੰ॥ਰਹਾਉ॥**[੧]

***ਭਾਵਾਰਥ:–*** ਮਿਹਰਬਾਨ ਤੋਂ ਮਿਹਰਬਾਨ ਕਰਮ ਵਾਲੇ ਹਨ। (ਅਗੰਜ) ਬੇਅੰਤ ਭਰਮਾਂ ਨੂੰ ਨਾਸ ਕਰਨ ਵਾਲੇ ਹਨ। ਤਿੰਨਾਂ ਸਮਿਆਂ ਭਾਵ ਹਮੇਸ਼ਾ ਹੀ ਲੋਕਾਂ ਦੀ ਪਾਲਣਾ ਕਰਨ ਵਾਲੇ ਹਨ। ਸਦਾ ਸਭ ’ਤੇ ਮਿਹਰਬਾਨ ਹਨ॥੭॥੧੫॥ ਤੈਨੂੰ ਜਪਦਾ ਹਾਂ। ਤੈਨੂੰ ਜਪਦਾ ਹਾਂ॥ਰਹਾਉ॥

**ਮਹਾਨ ਮੋਨਿ ਮਾਨ ਹੈਂ॥ ਪਰੇਵ ਪਰਮ ਪ੍ਰਧਾਨ ਹੈਂ॥**
**ਪੁਰਾਨ ਪ੍ਰੇਤ ਨਾਸਨੰ॥ ਸਦੈਵ ਸਰਬ ਪਾਸਨੰ॥੮॥੧੬॥**

---

[੧] ਅੰਵਾਣ ਲਿਖਾਰੀ ਦੀ ਲਿਖਤ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਰੂਪ ਚੰਦ੍ਰਮਾ ਦੀ ਸ਼ਕਲ ਨੂੰ ਬੱਦਲਾਂ ਵਾਂਗੂ ਘੇਰ ਕੇ ਧੁੰਧਲੀ ਜਿਹੀ ਬਣਾ ਦਿੱਤਾ ਹੈ। ਜਿੱਥੇ ਸ਼੍ਰੀ ਗੁਰੂ ਜੀ ਦੀ ਵਿੱਦਿਆ ਦਾ ਸਾਰੇ ਸੰਸਾਰ ਵਿੱਚ ਫੈਲਾਉ ਹੋਣਾ ਸੀ, ਓਥੇ ਇਹ ਸੀਮਤ ਰਹਿ ਗਈ ਹੈ। ਇਸ ਗ੍ਰੰਥ ਬਾਰੇ ਕੁਝ ਤਾਂ ਲਿਖਦੇ ਹਨ ਕਿ ਇਹ ਸ਼ੈਵ ਤਾਂਤ੍ਰਿਕ, ਕਾਲ ਉਪਾਸਕ ਦੀ ਰਚਨਾ ਹੈ। ਕੁਝ ਲਿਖਦੇ ਹਨ ਕਿ ਇਹ ਸ਼੍ਰੀ ਗੁਰੂ ਜੀ ਦੇ ਕਵੀਆਂ ਦੀ ਰਚਨਾ ਹੈ। ਕੁਝ ਕਹਿੰਦੇ ਹਨ ਕਿ ਪਤਾ ਹੀ ਨਹੀਂ ਕਿ ਕੀਹਦੀ ਰਚਨਾ ਹੈ? ਕਈਆਂ ਨੇ ਇਹਨੂੰ ਵਿੱਦਿਆਸਰ ਅਥਵਾ ਵਿੱਦਿਆ ਸਾਗਰ ਦਾ ਹਿੱਸਾ ਲਿਖਿਆ ਹੈ। ਅਸੀਂ ਭਾਈ ਮਨੀ ਸਿੰਘ ਜੀ ਦੀ ਅਗਵਾਈ ਨੂੰ ਮੰਨਦੇ ਹਾਂ। ਓਨਾਂ ਦੀ ਵਿਚਾਰ ਅਨੁਸਾਰ ਇਹ ਬਾਣੀ ਸ਼੍ਰੀ ਗੁਰੂ ਜੀ ਦੀ ਆਪਣੀ ਰਚਨਾ ਹੈ ਅਤੇ ਹੋਰ ਗੁਰੂਆਂ ਦੇ ਬਰਾਬਰ ਹੈ। ਇਨ੍ਹਾਂ ਕੋਝਿਆਂ ਝਗੜਿਆਂ ਵਿੱਚ ਫਸ ਕੇ ਅਸਲ ਵਿੱਦਿਅਕ ਰਾਹ ਹੀ ਗੁੰਮ ਹੋ ਗਿਆ। ਵਿੱਦਿਆ ਯੁੱਧ ਵਿੱਚ ਨਾਸ਼ ਹੋ ਜਾਂਦੀ ਹੈ। ਇਹ ਤਾਂ ਸ਼ਾਂਤਿ ਵਾਤਾਵਰਣ ਵਿੱਚ ਹੀ ਪਨਪ ਸਕਦੀ ਹੈ, ਹੋਰ ਕੋਈ ਮਾਰਗ ਏਸ ਦੇ ਪਨਪਣ ਦਾ ਨਹੀਂ ਹੋ ਸਕਦਾ। ਲੋਕ ਸ਼੍ਰੀ ਗੁਰੂ ਜੀ ਦੀ ਵਿੱਦਜਾ ਨੂੰ ਭੁਲਾ ਕੇ ਹੀ ਰਾਜ ਗੁਆ ਕੇ ਆਪੋ ਵਿੱਚ ਦੀ ਖ਼ੂਨ ਖ਼ਰਾਬੇ ਕਰਕੇ ਵੱਡੇ-ਵੱਡੇ ਮਹਾਂਪੁਰਸ਼ ਬਾਬਾ ਵੀਰ ਸਿੰਘ ਜੀ ਆਦਿਕਾਂ ਨੂੰ ਮਾਰ ਕੇ ਮਨਿਸ਼ਟਰੀਆਂ ਗੁਆ ਕੇ ਪੰਜਾਬ ਵਿੱਚ ਫਿਰਦੇ ਦਿੱਸਦੇ ਹਨ। ਸ਼੍ਰੀ ਗੁਰੂ ਜੀ ਨੇ ਪਿੰਗਲ ਅਤੇ ਸੰਗੀਤ ਨੂੰ ਇੱਕੇ ਥਾਂ ਕਰ ਦਿੱਤਾ ਹੈ। ਪਿੰਗਲ ਇੱਕ ਅੱਡਰਾ ਮਾਰਗ ਹੈ, ਸੰਗੀਤ ਓਸ ਤੋਂ ਵੱਖਰਾ ਹੈ, ਰਹਾਉ ਸੰਗੀਤ ਦੀ ਕਿਰਿਆ ਅਨੁਸਾਰ ਧਾਰਨਾ (ਟੇਕ) ਦਾ ਨਾਮ ਹੈ। ਏਥੇ ਅਤੇ ਸ਼੍ਰੀ ਸਰਬਲੋਹ ਵਿੱਚ ਵੀ ਸ਼੍ਰੀ ਗੁਰੂ ਜੀ ਨੇ ਏਨ੍ਹਾਂ ਨੂੰ ਇੱਕਤ੍ਰਿਤ ਕੀਤਾ ਹੋਇਆ ਹੈ। (ਵੇਖੋ ਸ਼੍ਰੀ ਸਰਬਲੋਹ ਅ.੧)

***ਭਾਵਾਰਥ:–*** ਮਹਾਂ ਮੋਨੀ (ਮਹਾਂਪੁਰਸ਼ਾਂ) ਦੇ ਮਾਨਜ (ਮੰਨਣ ਯੋਗ) ਹਨ। ਨਿਸਚਾ ਕਰਕੇ ਪਰਾ ਰੂਪ ਅਤੇ ਪਰਮ ਮੁਖਜ ਹਨ। ਪੁਰਾਤਨ ਅਤੇ (ਪ੍ਰੇਤ) ਨੀਚਪਨ ਨੂੰ ਨਾਸ ਕਰਨ ਵਾਲੇ ਹਨ। ਹਮੇਸ਼ਾ ਸਭ ਦੇ ਪਾਸ ਹਨ॥੮॥੧੬॥

**ਅਖੰਡ ਚੰਡ ਮੰਡਲੀ॥ ਉਦੰਡ ਰਾਜ ਸੁ ਥਲੀ॥**
**ਜਗੰਤਿ ਜੋਤਿ ਜ੍ਵਾਲਿਕਾ॥ ਜਲੰਤਿ ਦੀਪਮਾਲਿਕਾ॥੯॥੧੭॥**

***ਭਾਵਾਰਥ:–*** ਉਸ ਦੀ (ਮੰਡਲੀ) ਰਾਜ ਸਭਾ ਅਖੰਡ (ਪ੍ਰਚੰਡ) ਤੇਜਮਈ ਹੈ। ਉਸ ਦੀ (ਰਾਜ ਸੁ ਥਲੀ) ਰਾਜਧਾਨੀ (ਉਦੰਡ) ਦੰਡ ਦੇ ਡਰ ਤੋਂ ਰਹਿਤ ਹੈ। (ਜੁਆਲਿਕਾ) ਅੱਗ ਦੀ ਲਾਟ ਵਾਂਗ ਜਿਓਤੀ ਜਗਦੀ ਹੈ। (ਜਿਵੇਂ) ਦੀਪਮਾਲਾ ਜਗਦੀ ਹੈ॥੯॥੧੭॥

**ਕ੍ਰਿਪਾਲ ਦਯਾਲ ਲੋਚਨੰ॥ ਮਚੰਕ[੧] ਬਾਣ ਮੋਚਨੰ॥**
**ਸਿਰੰ ਕਰੀਟ ਧਾਰੀਯੰ॥ ਦਿਨੇਸ ਕ੍ਰਿਤ ਹਾਰੀਯੰ॥੧੦॥੧੮॥**

***ਭਾਵਾਰਥ:–*** ਮਿਹਰ ਤੋਂ ਮਿਹਰ ਭਰੇ ਨੇਤਰ ਹਨ। ਜੋ (ਮਚੰਕ) ਕਾਮਦੇਵ ਦੇ ਤੀਰਾਂ ਨੂੰ (ਮੋਚਨੰ) ਮਾਤ ਪਾ ਦੇਂਦੇ ਹਨ। ਸਿਰ ਤੇ (ਕਰੀਟ) ਮੁਕਟ ਧਾਰਿਆ ਹੈ। ਜਿਸ ਤੋਂ (ਦਿਨੇਸ) ਸੂਰਜ ਦੀ (ਕ੍ਰਿਤ) ਕੀਰਤੀ ਭਾਵ ਸ਼ੋਭਾ ਵੀ ਹਾਰ ਜਾਂਦੀ ਹੈ॥੧੦॥੧੮॥

**ਬਿਸਾਲ ਲਾਲ ਲੋਚਨੰ॥ ਮਨੋਜ ਮਾਨ ਮੋਚਨੰ॥**
**ਸੁਭੰਤ ਸੀਸ ਸੁਪ੍ਰਭਾ॥ ਚਕ੍ਰਤ ਚਾਰੁ ਚੰਦ੍ਰਕਾ॥੧੧॥੧੯॥**

***ਭਾਵਾਰਥ:–*** ਵੱਡੇ ਲਾਲ ਨੇਤਰ ਹਨ। ਜੋ (ਮਨੋਜ) ਕਾਮਦੇਵ ਦਾ (ਮਾਨ) ਅਭਿਮਾਨ ਵੀ ਨਾਸ ਕਰਦੇ ਹਨ। ਸਿਰ ਦੀ (ਸੁਪ੍ਰਭਾ) ਐਸੀ ਸ਼ੋਭਾ ਸੋਭਦੀ ਹੈ। ਜਿਸ ਤੋਂ (ਚਾਰੁ) ਸੋਹਣੀ ਚੰਦ ਦੀ (ਚੰਦ੍ਰਕਾ) ਚਾਨਣੀ ਵੀ (ਚਕ੍ਰਤ) ਹੈਰਾਨ ਹੁੰਦੀ ਹੈ॥੧੧॥੧੯॥

**ਜਗੰਤਿ ਜੋਤਿ ਜ੍ਵਾਲਿਕਾ॥ ਛਕੰਤ ਰਾਜ ਸੁ ਪ੍ਰਭਾ॥**
**ਜਗੰਤ ਜੋਤਿ ਜੈਤ ਸੀ॥ ਬਦੰਤ ਕ੍ਰਿਤ ਈਸੁਰੀ॥੧੨॥੨੦॥**

***ਭਾਵਾਰਥ:–*** (ਜ੍ਵਾਲਿਕਾ) ਅੱਗ ਦੀ ਲਾਟ ਵਾਂਗ (ਮੱਥੇ ਦੀ) (ਜੋਤਿ) ਕ੍ਰਾਂਤੀ ਚਮਕਦੀ ਹੈ। ਰਾਜਿਆਂ ਦੀ ਸ਼ੋਭਾ ਮਾਤ ਪਾ ਦਿੰਦੀ ਹੈ। ਜਿੱਤ ਵਰਗੀ ਜੋਤੀ ਪ੍ਰਕਾਸ਼ਦੀ ਹੈ। ਜਿਸ ਦੀ ਸ਼ੋਭਾ ਦੁਰਗਾ ਵੀ ਕਥਨ ਕਰਦੀ ਹੈ॥੧੨॥੨੦॥

**ਤ੍ਰਿਭੰਗੀ ਛੰਦ॥ ਤ੍ਵ ਪ੍ਰਸਾਦਿ॥**
**ਅਨਕਾਦਿ ਸਰੂਪੰ ਅਮਿਤ ਬਿਭੂਤੰ ਅਚਲ ਸਰੂਪੰ ਬਿਸੁ ਕਰਣੰ॥**
**ਜਗ ਜੋਤਿ ਪ੍ਰਕਾਸੰ ਆਦਿ ਅਨਾਸੰ ਅਮਿਤ ਅਗਾਸੰ ਸ੍ਰਬ ਭਰਣੰ॥**

---

[੧] ਇਹ ਸ਼ਬਦ ਕਿਸੇ ਤਰ੍ਹਾਂ ਵੀ ਸ਼ੁੱਧ ਨਹੀਂ, ਪਰ ਐਂਗਲੋ ਸੰਸਕ੍ਰਿਤ ਛਾਪਾਖਾਨਾ ਲਾਹੌਰ ਦੀ ਸਫ਼ਰੀ ਬੀੜ ਅਤੇ ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਵਾਲੀਆਂ ਸੈਂਚੀਆਂ ਵਿੱਚੋਂ ਵੀ ਪਾਠ "ਮਚੰਕ" ਹੀ ਮਿਲਿਆ ਹੈ। ਅਗੇ ਖੋਜ ਜਾਰੀ ਹੈ।

**ਅਨਗੰਜ ਅਕਾਲੰ ਬਿਸੁ ਪ੍ਰਤਿਪਾਲੰ ਦੀਨ ਦਯਾਲੰ ਸੁਭ ਕਰਣੰ॥**
**ਆਨੰਦ ਸਰੂਪੰ ਅਨਹਦਿ ਰੂਪੰ ਅਮਿਤ ਬਿਭੂਤੰ ਤਵ ਸਰਣੰ॥੧॥੨੧॥**

***ਭਾਵਾਰਥ:-*** ਅਨੇਕ (ਜੀਵਾਂ) ਤੋਂ ਪਹਿਲੇ ਸਰੂਪ ਵਾਲਾ, ਬਹੁਤ ਸਮੱਗਰੀ ਵਾਲਾ, ਅਹਿਲ ਸਰੂਪ ਵਾਲਾ, (ਬਿਸੁ) ਸੰਸਾਰ ਨੂੰ ਬਣਾਉਣ ਵਾਲਾ। ਸੰਸਾਰਰਿਕ ਜੀਵ ਦੀ (ਜੋਤਿ) ਜੀਵਨ ਕਲਾ (ਚੇਤਨਤਾ) ਨੂੰ ਪ੍ਰਕਾਸ਼ਨ ਵਾਲਾ, ਪਹਿਲੋਂ ਤੋਂ ਹੀ ਅਵਿਨਾਸੀ, ਬੇਅੰਤ, ਆਕਾਸ਼-ਮਈ, ਸਭ ਨੂੰ ਪਾਲਣ ਵਾਲਾ। (ਅਨਗੰਜ) ਅਜਿੱਤ, ਕਾਲ ਰਹਿਤ, ਸੰਸਾਰ ਨੂੰ ਪਾਲਣ ਵਾਲਾ, ਗ਼ਰੀਬਾਂ 'ਤੇ ਮਿਹਰਬਾਨ ਅਤੇ (ਸੁਭ) ਕਲਿਆਣ ਕਰਨ ਵਾਲਾ। (ਸਤ ਚਿੱਤ) ਅਨੰਦਮਈ, ਅਮਰ ਰੂਪ, ਹੇ ਬਹੁਤ ਸਮੱਗਰੀ ਵਾਲੇ! ਤੇਰੀ ਸ਼ਰਨ ਹਾਂ॥੧॥੨੧॥

**ਬਿਸ੍ਵੰਭਰ ਭਰਣੰ ਜਗਤ ਪ੍ਰਕਰਣੰ ਅਧਰੰ ਧਰਣੰ ਸ੍ਰਿਸ੍ਰਿ ਕਰੰ॥**
**ਆਨੰਦ ਸਰੂਪੀ ਅਨਹਦ ਰੂਪੀ ਅਮਿਤ ਬਿਭੂਤੀ ਤੇਜ ਬਰੰ॥**
**ਅਨਖੰਡ ਪ੍ਰਤਾਪੰ ਸਭ ਜਗ ਥਾਪੰ ਅਲਖ ਅਤਾਪੰ ਬਿਸੁ ਕਰੰ॥**
**ਅਦ੍ਵੈ ਅਬਿਨਾਸੀ ਤੇਜ ਪ੍ਰਕਾਸੀ ਸਰਬ ਉਦਾਸੀ ਏਕ ਹਰੰ॥੨॥੨੨॥**

***ਭਾਵਾਰਥ:-*** ਸੰਸਾਰ ਭਰ ਨੂੰ ਪਾਲਣ ਵਾਲਾ, ਸੰਸਾਰ ਨੂੰ ਬਣਾਉਣ ਵਾਲਾ, (ਅਧਰੰ) ਨਿਆਸਰਿਆਂ ਦਾ (ਧਰਣੰ) ਆਸਰਾ, ਪੈਦਾਇਸ਼ ਕਰਨ ਵਾਲਾ। (ਸਤ ਚਿਤ) ਆਨੰਦਮਈ, ਅਮਰ ਰੂਪ, ਬੇਅੰਤ ਵਿਭੂਤੀ ਵਾਲਾ, ਸ੍ਰੇਸ਼ਟ ਤੇਜ ਵਾਲਾ। ਅਟੁੱਟ ਪ੍ਰਭਾਵ ਵਾਲਾ, ਸਾਰੇ ਸੰਸਾਰ ਨੂੰ ਬਣਾਉਣ ਵਾਲਾ, ਨਾ ਜਾਣਨ ਯੋਗ, ਤਾਪ ਰਹਿਤ, ਵਿਸ਼ਵ ਦਾ ਕਰਤਾ। ਦ੍ਵੈਤ ਰਹਿਤ, ਅਵਿਨਾਸ਼, (ਤੇਜ) ਚੇਤਨਤਾ ਨੂੰ ਪ੍ਰਕਾਸ਼ਨ ਵਾਲਾ, ਸਭ ਤੋਂ ਤਿਆਗੀ, ਇੱਕ (ਹਰੰ) ਕਾਲ ਹੀ ਹੈ॥੨॥੨੨॥

**ਅਨਖੰਡ ਅਮੰਡੰ ਤੇਜ ਪ੍ਰਚੰਡੰ ਜੋਤਿ ਉਦੰਡੰ ਅਮਿਤ ਮਤੰ॥**
**ਅਨਭੈ ਅਨਗਾਧੰ ਅਲਖ ਅਬਾਧੰ ਬਿਸੁ ਪ੍ਰਸਾਧੰ ਅਮਿਤ ਗਤੰ॥**
**ਆਨੰਦ ਸਰੂਪੀ ਅਨਹਦ ਰੂਪੀ ਅਚਲ ਬਿਭੂਤੀ ਭਵ ਤਰਣੰ॥**
**ਅਨਗਾਧਿ ਅਬਾਧੰ ਜਗਤ ਪ੍ਰਸਾਧੰ ਸਰਬ ਅਰਾਧੰ ਤਵ ਸਰਣੰ[੧]॥੩॥੨੩॥**

***ਭਾਵਾਰਥ:-*** ਨਾ ਮਾਰਿਆ ਜਾਣ ਵਾਲਾ, ਨਾ ਮਲਿਆ (ਦਲਿਆ) ਜਾਣ ਵਾਲਾ, (ਉਦੰਡੰ) ਤੇਜਮਈ ਜਿਓਤੀ ਵਾਲਾ, ਬੇਹਿਸਾਬੇ ਮੱਤਾਂ ਵਾਲਾ। ਨਿਡਰ, ਗੰਭੀਰ, ਨਾ ਜਾਨਣ ਯੋਗ, ਅਮਰ, ਸੰਸਾਰ ਨੂੰ (ਪ੍ਰਸਾਧੰ) ਵੱਸ ਕਰਨ ਵਾਲਾ, ਬੇਅੰਤ ਚਾਲਾਂ ਵਾਲਾ। ਆਨੰਦਮਈ, ਅਮਰ ਸਰੂਪ, ਨਿਸਚਲ ਸਮੱਗਰੀ ਵਾਲਾ, ਸੰਸਾਰ ਦਾ (ਤਰਣੰ) ਰੱਖਿਅਕ। ਡੂੰਘਾ, ਅਮਰ, ਸੰਸਾਰ ਨੂੰ ਸਾਧਣ ਯੋਗ ਹੇ ਸਭ ਦੇ ਆਰਾਧਿਆ ਦੇਵ! ਤੇਰੀ ਸ਼ਰਨ ਹਾਂ॥੩॥੨੩॥

---

[੧] ਮੇਰੇ ਵਿਚਾਰਾਂ ਅਨੁਸਾਰ ਇਹ ਤਿੰਨਾਂ ਹੀ ਤ੍ਰਿਭੰਗੀ ਛੰਦਾਂ ਵਿੱਚੋਂ 'ਕਲਸ' ਨਾਮਕ 'ਚੌਪਈ' ਛੰਦਾਂ ਦੇ ਪਾਠ ਲਿਖਾਰੀ ਦੀ ਭੁੱਲ ਨਾਲ ਰਹੇ ਹੋਏ ਹਨ, ਕਿਉਂਕਿ 'ਤ੍ਰਿਭੰਗੀ' ਅਤੇ 'ਕਲਸ' ਛੰਦਾਂ ਦੇ ਅੰਤਿਮ ਅੰਗ ਇੱਕ ਹੀ ਪ੍ਰਕਾਰ ਦੇ ਹਨ, ਜੇ ਇਹ ਅੱਡਰੇ ਛੰਦ ਹੁੰਦੇ ਤਾਂ ਇਹਨਾਂ ਦੇ ਅੰਗ ਅੱਡ-ਅੱਡ ਲਿਖੇ ਹੋਣੇ ਚਾਹੀਦੇ ਸਨ, ਪਰ ਇਓਂ ਹੈ ਨਹੀਂ।

**ਅਕਲੰਕ ਅਬਾਧੰ ਬਿਸੁ ਪ੍ਰਸਾਧੰ ਜਗਤ ਅਰਾਧੰ ਭਵ ਨਾਸੰ॥[੧]**
**ਬਿਸੀਅੰ ਭਰ ਭਰਣੰ ਕਿਲਬਿਖ ਹਰਣੰ ਪਤਿਤ ਉਧਰਣੰ ਸਭ ਸਾਥੰ॥**
**ਅਨਾਥਨ ਨਾਥੇ ਅਕ੍ਰਿਤ ਅਗਾਥੇ ਅਮਿਤ ਅਨਾਥੇ ਦੁਖ ਹਰਣੰ॥**
**ਅਗੰਜ ਅਬਿਨਾਸੀ ਜੋਤਿ ਪ੍ਰਕਾਸੀ ਜਗਤ ਪ੍ਰਣਾਸੀ ਤੁਯ ਸਰਣੰ॥੪॥੨੪॥**

***ਭਾਵਾਰਥ:-*** ਕਲੰਕ ਰਹਿਤ, ਅਮਰ, ਸੰਸਾਰ ਨੂੰ (ਬਲ ਨਾਲ) ਵੱਸ ਕਰਨ ਵਾਲਾ, ਦੁਨੀਆਂ ਦਾ ਆਰਾਧਿਆ ਦੇਵ, ਸੰਸਾਰ ਨੂੰ ਨਾਸ ਕਰਨ ਵਾਲਾ। ਸੰਸਾਰ ਭਰ ਨੂੰ ਪਾਲਣ ਵਾਲਾ, (ਕਿਲ) ਨਿਸਚੇ ਹੀ ਵਿਸ਼ਿਆਂ ਨੂੰ ਨਾਸ ਕਰਨ ਵਾਲਾ, ਡਿੱਗਿਆਂ (ਨੀਵਿਆਂ) ਨੂੰ ਉੱਚਾ ਕਰਨ ਵਾਲਾ ਅਤੇ ਸਾਰਿਆਂ ਦੇ ਨਾਲ ਹੋਣ ਵਾਲਾ ਹੈ। (ਅਨਾਥਨ) ਜਤੀਆਂ ਦਾ ਸ੍ਵਾਮੀ, (ਅਕ੍ਰਿਤ) ਜੋ ਕਿਸੇ ਦਾ ਕੀਤਾ ਹੋਇਆ ਨਹੀਂ, ਅਕਥਨੀਯ, ਬੇਹੱਦੂਦ, (ਅਨਾਥੇ) ਸੁਤੰਤਰ ਅਤੇ ਦੁੱਖਾਂ ਨੂੰ ਨਾਸ ਕਰਨ ਵਾਲਾ ਹੈ। ਹੇ ਅਮਰ ਤੋਂ ਅਮਰ, ਚੇਤਨਤਾ ਪੈਦਾ ਕਰਨ ਵਾਲੇ ਅਤੇ ਸੰਸਾਰ ਨੂੰ ਨਾਸ ਕਰਨ ਵਾਲੇ, ਤੇਰੀ ਸ਼ਰਨ ਹਾਂ॥੪॥੨੪॥

**ਕਲਸ॥ ਅਮਿਤ ਤੇਜ ਜਗ ਜੋਤਿ ਪ੍ਰਕਾਸੀ॥ ਆਦਿ ਅਛੇਦ ਅਭੈ ਅਬਿਨਾਸੀ॥**
**ਪਰਮ ਤੱਤ ਪਰਮਾਰਥ ਪ੍ਰਕਾਸੀ॥ ਆਦਿ ਸਰੂਪ ਅਖੰਡ ਉਦਾਸੀ॥੫॥੨੫॥**

***ਭਾਵਾਰਥ:-*** ਸੰਸਾਰ ਦੀ ਬੇਅੰਤ ਚੇਤਨਤਾ ਨੂੰ ਪ੍ਰਕਾਸ਼ਿਤ ਕਰਨ ਵਾਲਾ ਪਹਿਲਾ, ਅਕੱਟ, ਨਿਡਰ ਅਤੇ ਅਮਰ। ਉੱਤਮ ਸਿਧਾਂਤਾਂ ਅਤੇ (ਪਰਮਾਰਥ) ਉੱਤਮ ਭਾਵ ਦਾ ਪ੍ਰਕਾਸ਼ ਕਰਨ ਵਾਲਾ ਹੈ। ਪਹਿਲ-ਮਈ ਅਤੇ ਇਕਰਸ ਉਦਾਸੀਨ ਹੈ॥੫॥੨੫॥

**ਤ੍ਰਿਭੰਗੀ ਛੰਦ॥**
**ਅਖੰਡ ਉਦਾਸੀ ਪਰਮ ਪ੍ਰਕਾਸੀ ਆਦਿ ਅਨਾਸੀ ਬਿਸ੍ਵ ਕਰੰ॥**
**ਜਗਤਾਵਲਿ ਕਰਤਾ ਜਗਤ ਪ੍ਰਹਰਤਾ ਸਭ ਜਗ ਭਰਤਾ ਸਿੱਧ ਭਰੰ॥**
**ਅਛੈ ਅਬਿਨਾਸੀ ਤੇਜ ਪ੍ਰਕਾਸੀ ਰੂਪ ਸੁ ਰਾਸੀ ਸਰਬ ਛਿਤੰ॥**
**ਆਨੰਦ ਸਰੂਪੀ ਅਨਹਦ ਰੂਪੀ ਅਲਖ ਬਿਭੂਤੀ ਅਮਿਤ ਗਤੰ॥੬॥੨੬॥**

***ਭਾਵਾਰਥ:-*** (ਅਖੰਡ) ਇਕਰਸ, ਅਲੇਪ, ਮਹਾਂ ਪ੍ਰਕਾਸ਼ਮਈ, ਪਹਿਲਾ, ਅਮਰ ਅਤੇ ਸੰਸਾਰ ਦਾ ਕਰਤਾ ਹੈ। ਸੰਸਾਰ ਦੀ ਲਾਈਨ ਬਣਾਉਣ ਵਾਲਾ, ਸੰਸਾਰ ਦਾ ਨਾਸ ਕਰਨ ਵਾਲਾ, ਸਾਰੇ ਸੰਸਾਰ ਦਾ ਮਾਲਕ ਅਤੇ (ਸਿੱਧੰ) ਪ੍ਰਤੱਖ (ਭਰੰ) ਪਾਲਣ ਵਾਲਾ ਹੈ। ਅਮਰ ਤੋਂ ਅਮਰ ਤੇਜ਼ ਨੂੰ ਪ੍ਰਕਾਸ਼ਨ ਵਾਲਾ ਅਤੇ ਸਾਰੀ (ਛਿਤੰ) ਦੁਨੀਆਂ ਦੇ ਰੂਪ ਦਾ ਪੁੰਜ ਹੈ। (ਸਤ ਚਿਤ) ਅਨੰਦ ਸਰੂਪ, ਅਮਰਮਈ (ਅਲਖ) ਬੇਅੰਤ ਸਮੱਗਰੀ ਵਾਲਾ ਅਤੇ ਬੇਗਿਣਤ (ਗਤੰ) ਤਰ੍ਹਾਂ ਦਾ ਹੈ॥੬॥੨੬॥

---

[੧] ਲਿਖਾਰੀ ਦੀ ਭੁੱਲ ਨਾਲ ਜਾਂ ਪ੍ਰੈਸ ਦੀ ਭੁੱਲ ਨਾਲ 'ਨਾਥੰ' ਦੀ ਥਾਂ 'ਨਾਸੰ' ਪਾਠ ਹੋ ਗਿਆ ਹੋਇਆ ਹੈ। ਵੇਖੋ ਸੈਂਚੀਆਂ ਭਾਈ ਜਵਾਹਰ ਸਿੰਘ, ਕ੍ਰਿਪਾਲ ਸਿੰਘ ਜੀ ਦੀਆਂ ਛਾਪੀਆਂ ਹੋਈਆਂ ਦਾ ਸਫ਼ਾ ੧੨੯

**ਕਲਸ[1]॥**

**ਆਦਿ ਅਭੈ ਅਨਗਾਧਿ ਸਰੂਪੰ॥ ਰਾਗ ਰੰਗ ਜਿਹ ਰੇਖ ਨ ਰੂਪੰ॥**
**ਰੰਕ ਭਯੋ ਰਾਵਤ ਕਹੂੰ ਭੂਪੰ॥ ਕਹੂੰ ਸਮੁਦ੍ਰ ਸਰਿਤਾ ਕਹੂੰ ਕੂਪੰ॥੭॥੨੭॥**

***ਭਾਵਾਰਥ:–*** ਪਹਿਲਾ, ਨਿਡਰ ਅਤੇ ਗੰਭੀਰ ਸਰੂਪ ਵਾਲਾ ਹੈ। ਜੀਹਦਾ ਨਾ (ਰਾਗ) ਸ਼ਿੰਗਾਰ, ਨਾ ਰੰਗ, ਨਾ ਰੇਖ ਅਤੇ ਨਾ ਹੀ ਰੂਪ ਹੈ। ਕਿਤੇ (ਰੰਕ) ਕੰਗਾਲ, ਕਿਤੇ (ਰਾਵਤ) ਰਾਜ ਕੁਮਾਰ ਅਤੇ ਕਿਤੇ ਰਾਜਾ ਬਣਿਆ ਹੋਇਆ ਹੈ। ਕਿਤੇ ਸਾਗਰ, ਕਿਤੇ (ਸਰਿਤਾ) ਨਦੀ ਅਤੇ ਕਿਤੇ ਖੂਹ ਰੂਪ ਹੈ[2]॥੭॥੨੭॥

**ਤ੍ਰਿਭੰਗੀ ਛੰਦ॥**

**ਸਰਿਤਾ ਕਹੂੰ ਕੂਪੰ ਸਮੁਦ ਸਰੂਪੰ ਅਲਖ ਬਿਭੂਤੰ ਅਮਿਤ ਗਤੰ॥**
**ਅਦ੍ਵੈਯ ਅਬਿਨਾਸੀ ਪਰਮ ਪ੍ਰਕਾਸੀ ਤੇਜ ਸੁ ਰਾਸੀ ਅਕ੍ਰਿਤ ਕ੍ਰਿਤੰ॥**
**ਜਿਹ ਰੂਪ ਨ ਰੇਖੰ ਅਲਖ ਅਭੇਖੰ ਅਮਿਤ ਅਦ੍ਵੈਖੰ ਸਰਬ ਮਈ॥**
**ਸਭ ਕਿਲਵਿਖ ਹਰਣੰ ਪਤਿਤ ਉਧਰਣੰ ਅਸਰਣਿ ਸਰਣੰ ਏਕ ਦਈ॥੮॥੨੮॥**

***ਭਾਵਾਰਥ:–*** ਕਿਤੇ ਸਰਿਤਾ ਨਦੀ, ਕਿਤੇ ਖੂਹ ਅਤੇ ਕਿਤੇ ਸਮੁੰਦਰ ਰੂਪ ਹੈ, ਬੇਅੰਤ ਮਾਇਆ ਬੇਅੰਤ ਤਰ੍ਹਾਂ ਦੀ ਹੈ। ਇੱਕ ਅਮਰ, ਮਹਾਨ ਪ੍ਰਕਾਸ਼ (ਅਕ੍ਰਿਤ) ਨਾ (ਵਰਣਨ) ਕਰਨ, ਯੋਗ ਤੇਜ਼ ਦਾ (ਪੁੰਜ) ਵਰਣਨ ਕੀਤਾ ਗਿਆ ਹੈ। ਜੀਹਦਾ ਰੂਪ ਨਹੀਂ, ਰੇਖ ਨਹੀਂ, ਨਾ ਜਾਨਣ ਯੋਗ, ਭੇਖ ਰਹਿਤ, ਬੇਅੰਤ, ਦ੍ਵੈਸ਼ ਰਹਿਤ ਅਤੇ ਸਾਰਿਆਂ ਵਿੱਚ ਹੈ। ਸਾਰੇ (ਕਿਲਵਿਖ) ਪਾਪ ਨਾਸ ਕਰਨ ਵਾਲਾ, ਨੀਚਾਂ ਤੋਂ ਉੱਚੇ ਕਰਨ ਵਾਲਾ, ਨਿਆਸਰਿਆਂ ਦਾ ਆਸਰਾ ਇੱਕ (ਦਈ) ਪ੍ਰੇਰਕ ਹੀ ਹੈ॥੮॥੨੮॥

**ਕਲਸ॥**

**ਆਜਾਨੁ ਬਾਹੁ ਸਾਰੰਗ ਕਰ ਧਰਣੰ॥ ਅਮਿਤ ਜੋਤਿ ਜਗ ਜੋਤਿ ਪ੍ਰਕਰਣੰ॥**
**ਖੜਗ ਪਾਣ ਖਲ ਦਲ ਬਲ ਹਰਣੰ॥ ਮਹਾਬਾਹੁ ਬਿਸ੍ਵੰਭਰ ਭਰਣੰ॥੯॥੨੯॥**

---

[1] ਇਹ ਕਿਸੇ ਛੰਦ ਦਾ ਨਾਮ ਨਹੀਂ, ਇਹ ਇੱਕ ਸ਼ਬਦਾਲੰਕਾਰ ਹੈ ਕਿਉਂਕਿ 'ਕਲਸ' ਦਾ ਅਰਥ 'ਉਹ ਗਾਗਰ ਹੈ ਜਿਹੜੀ ਕਿ ਮੰਦਰਾਂ ਦਿਆਂ ਗੁੰਬਦਾਂ 'ਤੇ ਸੋਨੇ ਆਦਿ ਦੀ ਬਣਾ ਕੇ ਸਜਾਈ ਹੁੰਦੀ ਹੈ ਅਤੇ ਉਹ ਗਾਗਰਾਂ ਦਰਜਾ-ਬ-ਦਰਜਾ ਹੇਠਾਂ ਉੱਤੇ ਟਿਕਾਈਆਂ ਹੋਈਆਂ ਸੋਹਣੀਆਂ ਲੱਗਦੀਆਂ ਹਨ। ਏਸੇ ਦ੍ਰਿਸ਼ਟਾਂਤ ਅਨੁਸਾਰ ਕਲਸ ਨੂੰ ਉੱਤੇ ਰੱਖ ਕੇ ਹੇਠਲੇ ਨਾਲ ਸਿਹਾਂਵਲੋਕਨ ਕੀਤਾ ਜਾਂਦਾ ਹੈ ਤਾਂ ਕਿ ਛੰਦ ਸੰਬੰਧਿਤ ਸਮਝਿਆ ਜਾ ਸਕੇ। ਏਸ ਵਿੱਚ ਕਿਸੇ ਛੰਦ ਦਾ ਨਿਯਮ ਨਹੀਂ, ਜਿਹੜਾ ਜੀ ਚਾਹੇ ਕਵੀਜਨ ਰਚ ਸਕਦੇ ਹਨ। ਕਲਸ ਦਾ ਆਧਾਰਭੂਤ ਸਿਹਾਂਵਲੋਕੀ ਪਦ ਹੀ ਹੈ, ਜੋ ਪਹਿਲੇ ਛੰਦ ਨੂੰ ਕਲਸ (ਮੁਕਟ) ਪਦਵੀ ਦਿਵਾਉਂਦਾ ਹੈ। ਸ੍ਰ. ਬ. ਕਾਨ੍ਹ ਸਿੰਘ ਜੀ ਨਾਭਾ ਨੇ 'ਕਲਸ' ਨੂੰ 'ਹੁੱਲਾਸ' ਛੰਦ ਵੀ ਮੰਨਿਆ ਹੈ ਪਰ ਹੁੱਲਾਸ ਛੰਦ ਦਾ ਲੱਛਣ ਨਹੀਂ ਲਿਖਿਆ। 'ਉੱਲਾਸ' ਅਰਥਾਲੰਕਾਰ ਹੈ, ਓਸਦਾ 'ਕਲਸ' ਨਾਲ ਸੰਬੰਧ ਨਹੀਂ।

[2] ਸੰਪ੍ਰਦਾਇ ਵਿੱਚ ਭਾਵੁਕ ਕਿਰਿਆ ਦਾ ਬਹੁਤ ਵਿਵਧਾਨ ਸੰਗ੍ਰਹਿ ਕੀਤਾ ਹੋਇਆ ਹੈ, ਜੀਹਨੇ ਕੁਝ ਹੋਰ ਸ਼ਾਸਤਰ ਗਿਆਨ ਪ੍ਰਾਪਤ ਕੀਤਾ ਹੋਵੇ। ਉਹਨੂੰ ਤਾਂ ਇਹ ਭਾਵੁਕਤਾ ਲਾਭਵੰਦ ਹੁੰਦੀ ਹੈ, ਪਰ ਜੀਹਨੂੰ ਹੋਰ ਗਿਆਨ ਨਾ ਹੋਵੇ-ਉਹਨੂੰ ਭਰਮ ਵਿੱਚ ਪਾ ਦਿੰਦੀ ਹੈ। ਏਸੇ ਭਾਵੁਕਤਾ ਅਨੁਸਾਰ ਸਮੁੰਦਰ- ਬ੍ਰਹਮ, ਸਰਿਤਾ- ਈਸ਼ਵਰ ਅਤੇ ਕੂਪੰ- ਜੀਵ ਆਦਿਕ ਅਰਥ ਕੀਤੇ ਜਾਂਦੇ ਹਨ। ਇਹ ਤ੍ਰਿਪੁਟੀਆਂ ਹੋਰ ਥਾਂਈਂ ਵੀ ਸੰਪ੍ਰਦਾਇਕ ਗਿਆਨੀ ਲਾਉਂਦੇ ਹਨ।

***ਭਾਵਾਰਥ:–*** (ਆਜਾਨੁ) ਗੋਡਿਆਂ ਤੱਕ ਬਾਹਾਂ ਵਾਲਾ, ਹੱਥ ਵਿੱਚ (ਸਾਰੰਗ) ਧਨੁਸ਼ ਧਾਰਨ ਵਾਲਾ। ਮਹਾਂ ਜਯੋਤੀ-ਮਈ ਅਤੇ ਸੰਸਾਰ ਦੀ ਚੇਤਨਤਾ ਦਾ ਕਰਤਾ ਹੈ। ਹੱਥ ਵਿੱਚ ਖੜਗ ਵਾਲਾ ਅਤੇ (ਖਲ) ਦੁਸ਼ਟ ਦਲ ਦੇ ਬਲ ਨੂੰ ਨਾਸ ਕਰਨ ਵਾਲਾ ਹੈ। (ਮਹਾਬਾਹੁ) ਮਹਾਂਰਥੀ ਸੰਸਾਰ ਭਰ ਨੂੰ ਪਾਲਣ ਵਾਲਾ ਹੈ॥੯॥੨੯॥

**ਤ੍ਰਿਭੰਗੀ ਛੰਦ॥**

**ਖਲ ਦਲ ਬਲ ਹਰਣੰ ਦੁਸ੍ਰ ਬਿਡਰਣੰ ਅਸਰਣਿ ਸਰਣੰ ਅਮਿਤ ਗਤੰ॥**
**ਚੰਚਲ ਚਖੁ ਚਾਰਣ ਮੱਛ ਬਿਡਾਰਣ ਪਾਪ ਪ੍ਰਹਾਰਣ ਅਮਿਤ ਮਤੰ॥**
**ਆਜਾਨੁ ਸੁ ਬਾਹੰ ਸਾਹਨ ਸਾਹੰ ਮਹਿਮਾ ਮਾਹੰ ਸਰਬ ਮਈ॥**
**ਜਲ ਥਲ ਬਨ ਰਹਿਤਾ ਬਨ ਤ੍ਰਿਨਿ ਕਹਿਤਾ ਖਲ ਦਲਿ ਦਹਿਤਾ ਸੁ ਨਰਿ ਸਹੀ॥੧੦॥੩੦॥**

***ਭਾਵਾਰਥ:–*** ਦੁਸਟ ਦਲ ਦਾ ਜ਼ੋਰ ਨਾਸ ਕਰਨ ਵਾਲਾ, ਦੁਸ਼ਟਾਂ ਨੂੰ ਮਾਰਨ ਵਾਲਾ, ਨਿਆਸਰਿਆਂ ਦਾ ਆਸਰਾ, ਬੇਅੰਤ ਪ੍ਰਕਾਰ ਨਾਲ। (ਚਖੁ) ਨੇਤਰਾਂ ਨੂੰ (ਚੰਚਲ) ਚੁਸਤੀ ਨਾਲ (ਚਾਰਣ) ਫੇਰਨ ਵਾਲਾ, ਮੱਛਾਂ ਦੀ ਆਪ ਚੰਚਲਤਾ ਨੂੰ ਆਪਣੇ ਨੇਤਰਾਂ ਦੀ ਚੰਚਲਤਾ ਨਾਲ (ਬਿਡਾਰਣ) ਮਾਤ ਪਾਉਣ ਵਾਲਾ, ਮਹਾਨ (ਮਤੰ) ਬੁੱਧੀ ਨਾਲ ਪਾਪਾਂ ਨੂੰ ਨਸ ਕਰਨ ਵਾਲਾ। ਗੋਡਿਆਂ ਤੱਕ ਬਾਹਾਂ ਵਾਲਾ ਸ਼ਹਿਨਸ਼ਾਹ, ਸਰਬ ਮਈ ਮਹਿਮਾ ਦਾ (ਮਾਹੰ) ਚੰਦ। (ਖਲ) ਮੂਰਖ ਦਲ ਨੂੰ ਬਲ ਰਹਿਤ ਕਰਨ ਵਾਲਾ (ਬਨ) ਜੰਗਲ ਦੇ ਤਿਣਕਿਆਂ ਵਿੱਚ ਵੀ ਕਿਹਾ ਜਾਂਦਾ ਹੈ, ਜਲਾਂ ਥਲਾਂ ਅਤੇ ਬਨਾਂ ਵਿੱਚ ਰਹਿਦਾ ਹੈ॥੧੦॥੩੦॥

**ਕਲਸ॥**[੧]

**ਅਤਿ ਬਲਿਸ੍ਰ ਦਲ ਦੁਸ੍ਰ ਨਿਕੰਦਨ॥ ਅਮਿਤ ਪ੍ਰਤਾਪ ਸਗਲ ਜਗ ਬੰਦਨ॥**
**ਸੋਹਤ ਚਾਰੁ ਚਿਤ੍ਰ ਕਰਿ ਚੰਦਨ॥ ਪਾਪ ਪ੍ਰਹਾਰਣ ਦੁਸ੍ਰ ਦਲ ਦੰਡਨ॥੧੧॥੩੧॥**

***ਭਾਵਾਰਥ:–*** ਬਹੁਤ ਬਲਵਾਨ-ਦੁਸ਼ਟਾਂ ਦੇ ਦਲ ਨੂੰ (ਨਿਕੰਦਨ) ਨਾਸ ਕਰਨ ਵਾਲਾ। ਬਹੁਤ ਪ੍ਰਭਾਵਸ਼ਾਲੀ ਅਤੇ ਸਾਰੇ ਸੰਸਾਰ ਦਾ ਪੂਜਯ। ਚੰਦਨ ਦੇ (ਚਾਰੁ) ਸੋਹਣਿਆਂ (ਚਿਤ੍ਰ) ਤਿਲਕਾਂ (ਕਰਿ)

---

[੧] ਇਹ ਛੰਦ ਕਲਸ ਤਾਂ ਹੀ ਕਿਹਾ ਜਾ ਸਕਦਾ ਹੈ, ਜੇ ਏਸ ਦੇ ਅਗਲੇ ਪਾਸੇ ਵੀ ਤ੍ਰਿਭੰਗੀ ਛੰਦ ਹੋਵੇ, ਕਿਉਂਕਿ ਮੰਦਿਰ ਦੇ ਦ੍ਰਿਸ਼ਮਈ ਆਕਾਰ ਨੂੰ ਸਾਹਮਣੇ ਰੱਖ ਕੇ 'ਕਲਸ' ਸ਼ਬਦਾਲੰਕਾਰ ਬਣਾਇਆ ਜਾਂਦਾ ਹੈ ਮੰਦਿਰ ਦਾ ਗੁੰਬਜ ਹੋਵੇ ਤਾਂ ਉਸ ਉਪਰ ਗਾਗਰਾਂ ਵੀ ਟਿਕਾਈਆਂ ਜਾ ਸਕਦੀਆਂ ਹਨ ਅਤੇ ਉਪਰੋਤਰ ਕਿਰਿਆ ਅਨੁਸਾਰ ਸੋਹਣੀਆਂ ਸਜਾਈਆਂ ਜਾਂਦੀਆਂ ਹਨ। ਜੇ ਮੰਦਿਰ ਹੀ ਨਹੀਂ ਤਾਂ 'ਕਲਸ' ਕਿਹਾ? ਏਸ ਕਾਰਣ ਤੋਂ ਤੋਂ ਏਸ ਸ਼ੱਕ ਵਿੱਚ ਪੈ ਗਏ ਹਾਂ ਕਿ ਜਾਂ ਤਾਂ ਏਸ ਦੇ ਨਾਲ ਵਾਲਾ ਤ੍ਰਿਭੰਗੀ ਛੰਦ ਵੀ ਲਿਖਾਰੀਆਂ ਦੀ ਭੁੱਲ ਕਰਕੇ ਰਿਹਾ ਹੋਇਆ ਹੈ ਅਤੇ ਜਾਂ ਇਹ ਛੰਦ ਪਹਿਲੇ ਆਏ ਤਿੰਨ ਤ੍ਰਿਭੰਗੀਆਂ ਵਿੱਚੋਂ ਕਿਸੇ ਦੇ ਨਾਲ ਦਾ ਹੈ। ਪਰ ਦੁੱਖ ਇਸ ਗੱਲ ਦਾ ਹੈ ਕਿ ਸਿਹਾਂਵਲੋਕੀ ਪਦ ਏਸ ਵਿੱਚੋਂ ਨਿਕਲ ਕੇ ਪਹਿਲੇ ਤਿੰਨਾਂ ਵਿੱਚੋਂ ਹੀ ਤ੍ਰਿਭੰਗੀਆਂ ਵਿੱਚੋਂ ਕਿਸੇ ਨਾਲ ਵੀ ਮੇਲ ਨਹੀਂ ਖਾਂਦਾ, ਜਿਸ ਤੋਂ 'ਕਲਸ' ਦੀ ਵਯਵਸਥਾ ਕਾਇਮ ਕੀਤੀ ਜਾ ਸਕਦੀ ਹੈ। ਸਿਹਾਂਵਲੋਕੀ ਪਦ ਹੀ ਕਲਸ ਦਾ ਮੂਲ ਹੈ।

ਨਾਲ (ਸੋਹਤ) ਚੰਗਾ ਲੱਗ ਰਿਹਾ ਹੈ। ਪਾਪਾਂ ਨੂੰ ਨਾਸ ਅਤੇ ਦੁਸ਼ਟਾਂ ਦੇ (ਦਲ) ਸਮੁਦਾਇ ਨੂੰ ਦੰਡ ਦੇਣ ਵਾਲਾ ਹੈ॥੧੧॥੩੧॥

**ਛੱਪਯ ਛੰਦ॥**

**ਬੇਦ ਭੇਦ ਨਹਿ ਲਖੈ ਬ੍ਰਹਮ ਬ੍ਰਹਮਾ ਨਹੀ ਬੁੱਝੈ॥**
**ਬਯਾਸ ਪਰਾਸਰ ਸੁਕ ਸਨਾਦਿ ਸਿਵ ਅੰਤੁ ਨ ਸੁੱਝੈ॥**
**ਸਨਤ ਕੁਮਾਰ ਸਨਕਾਦਿ ਸਰਬ ਜਉ ਸਮਾ ਨ ਪਾਵਹਿ॥**
**ਲਖ ਲਖਮੀ ਲਖ ਬਿਸਨੁ ਕਿਸਨ ਕਈ ਨੇਤਿ ਬਤਾਵਹਿ॥**
**ਅਸੰਭ ਰੂਪ ਅਨਭੈ ਪ੍ਰਭਾ ਅਤਿ ਬਲਿਸ੍ਟ ਜਲਿ ਥਲਿ ਕਰਣ॥**
**ਅਚੁਤ ਅਨੰਤ ਅਦ੍ਵੈ ਅਮਿਤਿ ਨਾਥ ਨਿਰੰਜਨ ਤਵ ਸਰਣ॥੧[੧]॥੩੨॥**

***ਭਾਵਾਰਥ:–*** ਵੇਦ (ਗ੍ਰੰਥ) ਵੀ ਮਰਮ ਨਹੀਂ ਜਾਣਦੇ, ਬ੍ਰਹਮੇ ਵੀ ਬ੍ਰਹਮ ਨੂੰ ਨਹੀਂ ਸਮਝਦੇ। ਵਿਆਸ, ਪਰਾਸਰ, ਸੁਰ ਅਤੇ (ਸਨਾਦਿ) ਨੰਦੀ ਗਣ (ਬੈਲ) ਵਾਲੇ ਸ਼ਿਵਾ ਨੂੰ ਵੀ ਅੰਤ ਨਹੀਂ ਸੁੱਝਦਾ। ਸੰਤ ਕੁਮਾਰ, ਸਨਕ, (ਸਨੰਦਨ, ਸਨਾਤਨ) ਆਦਿਕ ਸਾਰੇ ਹੀ ਜਦੋਂ ਅੰਤ ਨਹੀਂ ਪਾ ਸਕੇ। ਤਾਂ ਲੱਖਾਂ ਲੱਛਮੀਆਂ, ਲੱਖਾਂ ਵਿਸ਼ਨੂੰ ਅਤੇ ਕਈ ਲੱਖਾਂ ਕ੍ਰਿਸ਼ਨ ਵੀ (ਨੇਤ) ਬੇਅੰਤ ਹੀ ਦੱਸਦੇ ਹਨ। (ਅਸੰਭ) ਅਸੰਭਵ (ਅਜਨਮ) ਰੂਪ, ਨਿਡਰ ਜਿਓਤੀ, ਮਹਾਂ ਬਲਵਾਨ ਅਤੇ ਜਲਾਂ ਵਿੱਚ ਥਲਾਂ ਨੂੰ ਕਰ ਦੇਣ ਵਾਲਾ ਹੈ। ਹੇ (ਅਚੁਤ) ਅਡਿੱਗ, ਬੇਅੰਤ, ਇੱਕ, ਬੇਹੱਦ, ਸ੍ਵਾਮੀ, (ਨਿਰੰਜਨ) ਏਕਾਂਤ! ਤੇਰੀ ਸ਼ਰਨ ਹਾਂ॥੧॥੩੨॥

**ਅਚੁਤ ਅਭੈ ਅਭੇਦ ਅਮਿਤ ਆਖੰਡ ਅਤੁਲ ਬਲ॥**
**ਅਟਲ ਅਨੰਤ ਅਨਾਦਿ ਅਖੈ ਅਨਖੰਡ ਪ੍ਰਬਲ ਦਲ॥**
**ਅਮਿਤ ਅਮਿਟ ਅਨਤੋਲ ਅਭੂ ਅਨਭੇਦ ਅਭੰਜਨ॥**
**ਅਨਬਿਕਾਰ ਆਤਮ ਸਰੂਪ ਸੁਰ ਨਰ ਮੁਨਿ ਰੰਜਨ॥**
**ਅਬਿਕਾਰ ਰੂਪ ਅਨ ਭੈ ਸਦਾ ਮੁਨਿ ਜਨ ਗਨ ਬੰਦਤ ਚਰਨ॥**
**ਭਵ ਭਰਨ ਕਰਨ ਦੁਖ ਦੋਖ ਹਰਨ ਅਤਿ ਪ੍ਰਤਾਪ ਭ੍ਰਮ ਭੈ ਹਰਨ॥੨॥੩੩॥**

***ਭਾਵਾਰਥ:–*** ਡਿੱਗਣ ਰਹਿਤ, ਨਿਡਰ, ਫ਼ਰਕ ਰਹਿਤ, ਬੇਹੱਦ, ਅਟੁੱਟ ਅਤੇ ਮਹਾਂ ਬਲ ਵਾਲਾ। ਟਲਣ ਰਹਿਤ, ਬੇਅੰਤ, (ਅਨਾਦਿ) ਆਦਿ ਰਹਿਤ, ਨਾ ਮਰਨ ਵਾਲਾ, ਬੇ–ਹਿੱਸੇ (ਅਕੱਟ) ਅਤੇ ਮਹਾਨ ਫ਼ੌਜ ਤੋਂ ਹੈ। ਹੱਦਾਂ ਤੋਂ ਰਹਿਤ, ਮਿਟਣ ਰਹਿਤ, ਬੇ-ਮਾਪ, ਜ਼ਮੀਨ ਰਹਿਤ, ਫ਼ਰਕ ਤੋਂ ਬਿਨਾਂ ਅਤੇ ਨਾਸ ਤੋਂ ਰਹਿਤ ਹੈ। ਵਿਕਾਰ ਰਹਿਤ, (ਆਤਮ) ਆਪਣਾ ਆਪ ਮਈ, ਦੇਵਤਿਆਂ, ਮਨੁੱਖਾਂ ਅਤੇ ਮੁਨੀਆਂ ਨੂੰ (ਰੰਜਨ) ਪ੍ਰਸੰਨ ਕਰਨ ਵਾਲਾ ਹੈ। (ਵਿਕਾਰ) ਵਿਕਾਰ ਤੋਂ ਰਹਿਤ ਰੂਪ, ਸਦਾ ਨਿਡਰ, ਸਾਰੇ ਮੁਨੀਜਨ ਚਰਨਾਂ ਨੂੰ ਨਮਸਕਾਰਦੇ ਹਨ। (ਭਵ) ਸੰਸਾਰ ਨੂੰ (ਪੈਦਾ) ਕਰਨ, (ਭਰਨ)

---

[੧] ਏਸ ਛਪੈ ਛੰਦ ਵਿੱਚ ੩੭ ਗੁਰੂ ਅਤੇ ੭੮ ਲਘੂ ਹਨ।

ਪਾਲਣ ਅਤੇ ਦੁੱਖ ਦੋਸ਼ਾਂ ਨੂੰ (ਹਰਨ) ਨਾਸ ਕਰਨ ਵਾਲਾ ਹੈ, ਮਹਾਂ ਪ੍ਰਭਾਵ ਨਾਲ ਭਰਮ ਅਤੇ ਡਰ ਨਾਸ ਕਰਨ ਵਾਲਾ ਹੈ॥੨॥੩੩॥

**ਛੱਪਯ ਛੰਦ॥ ਤ੍ਵ ਪ੍ਰਸਾਦਿ॥**

**ਮੁਖ ਮੰਡਲ ਪਰਲਸਤਿ ਜੋਤਿ ਉਦੋਤ ਅਮਿਤ ਗਤਿ॥**
**ਜਟਿਤ ਜੋਤ ਜਗਮਗਤਿ ਲਜਤ ਲਖ ਕੋਟਿ ਨਖਤਿ ਪਤਿ॥**
**ਚਕ੍ਰ ਵਰਤੀ ਚਕ੍ਰਵੈ ਚਕ੍ਰਤ ਚਉ ਚਕ੍ਰ ਕਰਿ ਧਰਿ॥**
**ਪਦਮ ਨਾਥ ਪਦਮਾਛ ਨਵਲ ਨਾਰਾਇਣ ਨਰਹਰਿ॥**
**ਕਾਲਖ ਬਿਹੰਡਣ ਕਿਲਵਿਖ ਹਰਣ ਸੁਰ ਨਰ ਮੁਨਿ ਬੰਦਤ ਚਰਣ॥**
**ਖੰਡਣ ਅਖੰਡ ਮੰਡਣ ਅਭੈ ਨਮੋ ਨਾਥ ਭਉ ਭੈ ਹਰਣ॥੩॥੩੪॥**

***ਭਾਵਾਰਥ:–*** (ਅਮਿਤਿ ਗਤਿ) ਬੇਅੰਤ ਪ੍ਰਕਾਰ ਦੀ ਜਿਓਤੀ ਚਿਹਰੇ ਉੱਤੇ (ਲਮਤ) ਚਮਕਦੀ ਹੈ ਮਾਨੋ ਕਿ ਜਵਾਹਰਾਤ ਵਾਂਗ ਜੜਤਕਾਰੀ ਕੀਤੀ ਹੋਈ ਜਿਓਤੀ (ਜਗਮਗਤਿ) ਪ੍ਰਕਾਸ਼ਦੀ ਹੈ, ਲੱਖਾਂ ਕਰੋੜਾਂ ਭਾਵ ਬੇਗਿਣਤ (ਨਖਤਿ ਪਤਿ) ਤਾਰਿਆਂ ਦੇ ਸੁਆਮੀ ਭਾਵ ਚੰਦ ਵੀ ਸ਼ਰਮਿੰਦੇ ਹੁੰਦੇ ਹਨ। (ਚਉ ਚਕ੍ਰ) ਸਭ ਪਾਸਿਆਂ ਦੇ ਚਕ੍ਰਵਰਤੀ ਮਹਾਰਾਜੇ (ਚਕ੍ਰਵੈ) ਚੁਤਰਫ਼ੀਂ ਘੇਰੇ ਹੋਏ (ਕਰਿ ਧਰਿ) ਹੱਥਾਂ ਤੇ ਹੱਥ ਰੱਖ ਕੇ (ਚਕ੍ਰਿਤ) ਹੈਰਾਨ ਹੋ ਰਹੇ ਹਨ। (ਪਦਮ ਨਾਥ) ਲੱਛਮੀ ਪਤਿ, (ਪਦਮਾਛ) ਕਮਲ ਵਾਂਗ ਅੱਖਾਂ ਵਾਲਾ, (ਨਵਲ) ਸਦਾ ਨਵਾਂ, (ਨਾਰਾਇਣ) ਜਲ ਵਿੱਚ ਘਰ ਵਾਲਾ ਅਤੇ ਨਰ ਸਿੰਘ ਰੂਪ ਹੈ। (ਕਾਲਖ) ਕਲੰਕ (ਬਿਹੰਡਣ) ਨਾਸ ਕਰਨ ਵਾਲਾ, ਨਿਸਚਾ ਕਰਕੇ ਵਿਸ਼ਿਆਂ ਨੂੰ ਨਾਸ ਕਰਨ ਵਾਲਾ ਹੈ, (ਜੀਹਦੇ) ਚਰਨ–ਦੇਵਤੇ, ਮਨੁੱਖ ਮੁਨੀ (ਜਨ) ਵੀ ਨਮਸਕਾਰਦੇ ਹਨ। (ਅਖੰਡ) ਅਮਰਾਂ ਨੂੰ ਮਾਰਨ ਵਾਲੇ, ਨਿਡਰਾਂ ਨੂੰ (ਮੰਡਣ) ਮਲ ਦੇਣ ਵਾਲੇ ਅਤੇ (ਭਉ) ਸੰਸਾਰ ਦੇ ਡਰਾਂ ਨੂੰ ਨਾਸ ਕਰਨ ਵਾਲੇ ਸ੍ਵਾਮੀ ਨੂੰ ਨਮਸਕਾਰ ਹੈ॥੩॥੩੪॥

**ਛੱਪਯ ਛੰਦ॥**

**ਨਮੋ ਨਾਥ ਨ੍ਰਿਦਾਇਕ ਨਮੋ ਨਿਮ ਰੂਪ ਨਿਰੰਜਨ॥**
**ਅਗੰਜਾਣ ਅਗੰਜਣ ਅਭੰਜ ਅਨਭੇਦ ਅਭੰਜਨ[੧]॥**
**ਅਛੈ ਅਖੈ ਅਬਿਕਾਰ ਅਭੈ ਅਨਭਿੱਜ ਅਭੇਦਨ॥**
**ਅਖੇਦਾਨ ਖੇਦਨ ਅਖਿੱਜ ਅਨਛਿਦ੍ਰ ਅਛੇਦਨ॥**
**ਆਜਾਨੁ ਬਾਹੁ ਸਾਰੰਗਧਰ ਖੜਗਪਾਣ ਦੁਰਜਨ ਦਲਨ॥**
**ਨਰਵਰ ਨਰੇਸ ਨਾਇਕ ਨ੍ਰਿਪਣਿ ਨਮੋ ਨਵਲ ਜਲ ਥਲ ਰਵਣ॥੪॥੩੫॥**

***ਭਾਵਾਰਥ:–*** (ਨ੍ਰਿਦਾਇਕ) ਮਨੁੱਖਾਂ ਦੇ ਦਾਤੇ ਨਾਥ ਨੂੰ ਨਮਸਕਾਰ, (ਨਿਰੰਜਨ) ਜੋ ਦੋਸ਼ ਰਹਿਤ ਹੈ ਉਸ (ਨਮੋ ਨਿਮ–ਨਮ: ਓਨਮ) (ਨਿਰੰਜਨ) ਜੋ ਪ੍ਰਸੰਨ ਨਹੀਂ ਕੀਤਾ ਜਾ ਸਕਦਾ(ਓਸ) (ਓਨਸੀ)

---

[੧] ਏਸ ਤੁਕ ਦੀਆਂ ੨੫ ਮਾਤ੍ਰਾ ਹਨ।

ਓਅੰ ਰੂਪ ਨੂੰ ਨਮਸਕਾਰ। (ਅਗੰਜਾਣ) ਅਜਿੱਤ ਬੰਦਿਆਂ ਤੋਂ ਵੀ (ਅਗੰਜਣ) ਅਜਿੱਤ, (ਅਭੰਜ) ਅਵਿਨਾਸ (ਅਨਭੇਦ) ਸਮ ਰੂਪ ਭਾਵਰਥ ਇੱਕੋ ਜਿਹਾ ਅਤੇ (ਅਭੰਜਨ) ਵਾਯੂ (ਪ੍ਰਾਣ) ਰਹਿਤ ਹੈ। ਅਵਿਨਾਸ਼ਾਂ ਤੋਂ ਅਵਿਨਾਸੀ, ਵਿਕਾਰ ਰਹਿਤ, ਨਿਡਰ, (ਅਨਭਿਜ) ਜੋ ਅਲੇਪ ਅਤੇ (ਅਭੇਦਨ) ਜੋ ਵਿੰਨ੍ਹਿਆ ਨਹੀਂ ਜਾ ਸਕਦਾ ਹੈ। (ਅਖੇਦਾਨ) ਨਾ ਭੱਜਣ ਵਾਲਿਆਂ ਨੂੰ (ਖੇਦਨ) ਭਜਾਉਣ ਵਾਲਾ, (ਅਖਿਜ) ਜੋ ਕਮਜ਼ੋਰ ਨਹੀਂ ਹੁੰਦਾ, (ਅਨਛਿਦ੍ਰ) ਨਿਰਦੋਸ਼ ਅਤੇ (ਅਛੇਦਨ) ਭੱਜਣ ਵਾਲਾ ਨਹੀਂ। ਗੋਡਿਆਂ ਤੱਕ ਬਾਹਾਂ ਵਾਲਾ, (ਸਾਰੰਗ) ਧਨੁਸ਼ਧਾਰੀ, ਤਲਵਾਰਧਾਰੀ ਅਤੇ ਬੁਰੇ ਬੰਦਿਆਂ ਨੂੰ ਮਾਰਨ ਵਾਲਾ। ਰਾਜਿਆਂ ਦਾ ਰਾਜਾ, ਰਾਜਿਆਂ ਦਾ (ਨਾਇਕ) ਸ੍ਵਾਮੀ, (ਨਵਲ) ਯੁਵਾ (ਜੁਆਨ) ਅਤੇ ਜਲਾਂ ਥਲਾਂ ਦੇ (ਰਵਣ) ਵਿਆਪਕ ਨੂੰ ਨਮਸਕਾਰ ਹੈ॥੪॥੩੫॥

**ਦੀਨ ਦਯਾਲ ਦੁਖ ਹਰਨ ਦੁਰਮਤਿ ਹੰਤਾ ਦੁਖ ਖੰਡਣ॥**
**ਮਹਾ ਮੋਨਿ ਮਨ ਹਰਨ ਮਦਨ ਮੂਰਤਿ ਮਹਿ ਮੰਡਣ॥**
**ਅਮਿਤ ਤੇਜ ਅਬਿਕਾਰ ਅਖੈ ਆਭੰਜ ਅਮਿਤ ਬਲ॥**
**ਨਿਰਭੰਜ ਨਿਰਭਉ ਨਿਰਵੈਰ ਨਿਰਜੁਰ ਨ੍ਰਿਪ ਜਲ ਥਲ॥**
**ਅੱਛੈ ਸਰੂਪ ਅੱਛੂ ਅਛਿਤ ਅਛੈ ਅੱਛੈ ਅਛਾਨ ਅਛਰ[1]॥**
**ਅਦ੍ਵੈਯ ਸਰੂਪ ਅਦ੍ਵਿਯ ਅਮਰ ਅਭਿਬੰਦਤ ਸੁਰ ਨਰ ਅਸੁਰ॥੫॥੩੬॥**

***ਭਾਵਾਰਥ:–*** ਗ਼ਰੀਬਾਂ 'ਤੇ ਮਿਹਰਬਾਨ, ਦੁੱਖਾਂ ਨੂੰ ਨਾਸ ਕਰਨ ਵਾਲਾ, ਬੁਰੀ ਬੁੱਧੀ ਦਾ ਨਾਸ਼ਕ ਅਤੇ ਦੁੱਖਾਂ ਨੂੰ ਖ਼ਤਮ ਕਰਨ ਵਾਲਾ। ਮਹਾਨ (ਮੋਨਿ) ਮੁਨੀਆਂ ਦੇ ਮਨਾਂ ਨੂੰ (ਹਰਨ) ਮੋਹਣ ਵਾਲਾ, (ਮਦਨ) ਕਾਮਦੇਵ ਦਾ ਰੂਪ ਭਾਵ ਬਹੁਤ ਹੀ ਸੋਹਣਾ ਅਤੇ (ਮਹਿ) ਪ੍ਰਿਥਵੀ (ਸੰਸਾਰ) ਦਾ ਸ਼ਿੰਗਾਰ। ਬੇਅੰਤ (ਤੇਜ) ਪ੍ਰਭਾਵਮਈ, ਵਿਕਾਰ ਰਹਿਤ, (ਅਖੈ ਆਭੰਜ) ਅਮਰ, ਅਵਿਨਾਸ ਅਤੇ ਬੇਅੰਤ ਜ਼ੋਰ ਵਾਲਾ। (ਨਿਰਭੰਜ) ਸਤਜ, ਨਿਡਰ, ਨਿਰਵੈਰ, ਤਾਪ ਰਹਿਤ ਅਤੇ ਜਲਾਂ ਥਲਾਂ ਦਾ (ਨ੍ਰਿਪ) ਮਾਲਿਕ। ਅਮਰ-ਮਈ, ਸਪਰਸ਼ ਰਹਿਤ, (ਛਿਤਿ) ਨਾਸ (ਜ਼ਮੀਨ) ਤੋਂ ਬਿਨਾਂ, ਅੱਖਰਾਂ ਨਾਲ (ਅਛਾਨ) ਜੋ ਛਾਣ (ਬੀਣ) ਨਹੀਂ ਕੀਤਾ ਜਾ ਸਕਦਾ (ਅਛੈ) ਹੈ। ਏਕਮਯ (ਅਦ੍ਵਿਯ) ਅਸਚਰਜ਼, ਅਮਰ ਨੂੰ ਹੀ ਦੇਵਤੇ, ਮਨੁੱਖ ਅਤੇ ਦੈਂਤ (ਅਭਿਬੰਦਤ) ਹਿਰਦੇ ਵਿੱਚ ਨਮਸਕਾਰਦੇ ਹਨ॥੫॥੩੬॥

**ਕੁਲ ਕਲੰਕ ਕਰਿ ਹੀਨ ਕ੍ਰਿਪਾ ਸਾਗਰ ਕਰੁਣਾਕਰ॥**
**ਕਰਣ ਕਾਰਣ ਸਮਰੱਥ ਕ੍ਰਿਪਾ ਕੀ ਸੂਰਤਿ ਕ੍ਰਿਤ ਧਰ॥**
**ਕਾਲ ਕਰਮ ਕਰ ਹੀਨ ਕ੍ਰਿਯਾ ਜਿਹ ਕੋਇ ਨ ਬੁੱਝੈ॥**
**ਕਹਾ ਕਹੈ ਕਹਿ ਕਰੈ ਕਹਾ ਕਾਲਨ ਕੈ ਸੁੱਝੈ॥**
**ਕੰਜਲਕ ਨੈਨ ਕੰਬੂ ਗ੍ਰੀਵਹਿ ਕਟਿ ਕੇਹਰਿ ਕੁੰਜਰ ਗਵਨ॥**

---

[1] ਏਸ ਲਿਖਤ ਅਨੁਸਾਰ ਮਾਤ੍ਰਾ ਪੂਰੀਆਂ ਨਹੀਂ ਹੁੰਦੀਆਂ।

**ਕਦਲੀ ਕੁਰੰਕ ਕਰਪੂਰ ਗਤਿ ਬਿਨ ਅਕਾਲ ਦੂੱਜੋ ਕਵਨ॥੬[1]॥੩੭॥**

***ਭਾਵਾਰਥ:–*** ਕੁਲਾਂ ਦੇ ਕਲੰਕਾਂ ਤੋਂ (ਹੀਨ) ਬਿਨਾਂ ਕਰਨ ਵਾਲਾ, ਕ੍ਰਿਪਾ ਸਿੰਧ, ਕ੍ਰਿਪਾ ਦੀ ਖਾਣ। (ਕਾਰਣ) ਜ਼ਰੀਏ ਬਣਾਉਣ ਦੀ (ਸਮਰੱਥ) ਸ਼ਕਤੀ ਵਾਲਾ, ਮਿਹਰ ਦੀ ਮੂਰਤੀ ਹੀ (ਕ੍ਰਿਤ) ਬਣਾ ਕੇ ਰੱਖੀ ਹੋਈ ਹੈ। (ਕਾਲ) ਸਮਾਂ ਅਤੇ ਕਰਮਾਂ (ਕਰ) ਤੋਂ (ਹੀਨ) ਰਹਿਤ ਹੈ, ਜੀਹਦੀ (ਕਰਮ) ਕ੍ਰਿਆ ਕੋਈ ਨਹੀਂ ਸਮਝ ਸਕਦਾ। ਕੀ ਕਹਿੰਦਾ ਹੈ? ਕੀ ਕਰਦਾ ਹੈ? (ਕਾਲਨ) ਸਮੇਂ ਤੋਂ ਪੈਦਾ ਹੋਇਆਂ (ਕੈ) ਨੂੰ ਕੀ ਸੁੱਝ ਸਕਦਾ ਹੈ? (ਕੰਲਜਕ) ਕਮਲਾਂ ਵਾਂਗ, ਅੱਖਾਂ (ਕੰਬੂ) ਸੰਖ ਵਾਂਗ (ਗ੍ਰੀਵਹਿ) ਧੌਣ ਵਾਲੇ ਹਨ, (ਕੇਹਰ) ਸ਼ੇਰ ਵਾਂਗ (ਕਟਿ) ਲੱਕ, (ਕੁੰਜਰ) ਹਾਥੀ ਵਾਂਗ (ਗਵਨ) ਚਾਲ। (ਕਦਲੀ) ਕੇਲੇ (ਵਾਂਗ ਲੱਤਾਂ), (ਕੁਰੰਕ) ਹਰਨ (ਛਾਲਾਂ ਵਾਲੀ ਫੁਰਤੀ) ਕਪੂਰ (ਗਤਿ) ਵਾਂਗ (ਸੁਗੰਧੀ) ਅਕਾਲ ਤੋਂ ਬਿਨਾਂ (ਦੁੱਜੋ) ਹੋਰ ਕਿਹੜਾ ਹੈ?॥੬॥੩੭॥

**ਛੱਪਯ ਛੰਦ॥**

**ਅਲਖ ਰੂਪ ਅਲੇਖ ਅਬੈ ਅਨਭੂਤ ਅਭੰਜਨ[1]॥**
**ਆਦਿ ਪੁਰਖ ਅਬਿਕਾਰ ਅਜੈ ਅਨਗਾਧ ਅਗੰਜਨ॥**
**ਨਿਰਬਿਕਾਰ ਨਿਰਜੁਰ ਸਰੂਪ ਨਿਰਦ੍ਵੈਖ ਨਿਰੰਜਨ॥**
**ਅਭੰਜਾਨ ਭੰਜਨ ਅਨਭੇਦ ਅਨਭੂਤ ਅਭੰਜਨ[2]॥**
**ਸਾਹਾਨ ਸਾਹ ਸੁੰਦਰ ਸੁਮਤਿ ਬਡ ਸਰੂਪ ਬਡਵੈ ਬਖਤ॥**
**ਕੋਟਕਿ ਪ੍ਰਤਾਪ ਭੂਅ ਭਾਨੁ ਸਮ ਤਪਤ ਤੇਜ ਇਸਥਿਤ ਤਖਤ॥੭॥੩੮॥**

***ਭਾਵਾਰਥ:–*** ਜਾਨਣ ਤੋਂ ਰਹਿਤ, ਲੇਖ ਰਹਿਤ, (ਅਬੈ) ਅਵਿਨਾਸੀ, (ਅਨਭੂਤ) ਤੱਤਾਂ ਰਹਿਤ (ਅਭੰਜਨ) ਨਾਸ ਰਹਿਤ। ਸਭ ਤੋਂ ਪਹਿਲਾ, ਤਾਕਤ ਵਾਲਾ, ਵਿਕਾਰ ਰਹਿਤ, ਅਜਿੱਤ, ਗੰਭੀਰ (ਅਗੰਜਨ) ਲਾ ਮਕਾਨ। ਵਿਕਾਰ ਰਹਿਤ, ਤਾਪ ਰਹਿਤ, ਦ੍ਵੈਸ਼ ਭਾਵ ਈਰਖਾ ਰਹਿਤ, (ਨਿਰੰਜਨ) ਅਲੇਪ। ਨਾ ਮਰਨ ਵਾਲਿਆਂ ਨੂੰ ਮਾਰਨ ਵਾਲਾ, ਭੇਦ ਰਹਿਤ, (ਅਨਭੂਤ) ਅਨੁਭਵ ਗਿਆਨ ਵਾਲਾ ਅਤੇ ਅਮਰ। ਸੋਹਣਾ, ਉੱਤਮ ਬੁੱਧੀ ਵਾਲਾ, ਮਹਾਨ ਸਰੂਪ, ਵੱਡੇ ਭਾਗਾਂ ਵਾਲਾ ਸ਼ਹਿਨਸ਼ਾਹ ਹੈ। ਜ਼ਮੀਨ ਤੇ ਕਰੋੜਾਂ (ਭਾਨੁ) ਸੂਰਜਾਂ ਦੇ ਪ੍ਰਭਾਵ ਵਾਂਗ ਤੇਜ਼ ਨਾਲ (ਤਪਤ) ਪ੍ਰਕਾਸ਼ਦਾ ਹੋਇਆ (ਮੇਰੇ) ਏਸ ਤਖ਼ਤ (ਹਿਰਦੇ) 'ਤੇ ਟਿਕਿਆ ਹੋਇਆ ਹੈ॥੭॥੩੮॥

**ਛੱਪਯ ਛੰਦ॥ ਤ੍ਵ ਪ੍ਰਸਾਦਿ॥**

---

[1] ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਾਵਿ ਕਲਾ ਦਾ ਕਮਾਲ ਹੈ ਕਿ ਆਪ ਸਾਹਿਤ ਦੇ ਉੱਚ ਵਿਦਵਾਨ ਹਨ। ਏਸ ਕਾਵਜਾਲੰਕਾਰ ਦਾ ਨਾਮ ਅਨੁਪ੍ਰਾਸ ਹੈ, ਜਿਸ ਦੇ ਦੋ ਭੇਦ ਹੁੰਦੇ ਹਨ– ੧. ਪਦਮੈਤ੍ਰੀ ੨. ਵਰਨਮੈਤ੍ਰੀ। ਇਸ 'ਛਪੈ' ਵਿੱਚ ਦੋਹਾਂ ਭੇਦਾਂ ਨੂੰ ਬੜੀ ਕੌਸ਼ਲਤਾ ਨਾਲ ਨਿਬਾਹਿਆ ਹੋਇਆ ਹੈ। ਅਨੁਪ੍ਰਾਸਾਂ ਦੇ ੫ ਭੇਦ ਹਨ, ਜਿਨ੍ਹਾਂ 'ਚੋਂ ਮੁੱਖ 'ਛੇਕਾਨੁਪ੍ਰਾਸ' ਹੈ। ਏਸ ਦੀ ਵਰਨਮੈਤ੍ਰੀ 'ਕ' ਆਦਿ ਅੱਖਰਾਂ ਤੋਂ ਹੈ। ਪਦਮੈਤ੍ਰੀ– ਕੁਲ, ਕਲੰਕ, ਕਰਿ, ਕ੍ਰਿਪਾ ਸਾਗਰ, ਕਰੁਣਾਕਰ ਆਦਿਕ ਪਦ ਹਨ।

[2] ਪਹਿਲੀ ਅਤੇ ਚੌਥੀ ਤੁਕ ਵਿੱਚ 'ਅਨਭੂਤ ਅਭੰਜਨ' ਸਮ ਪਾਠ ਹੋਣ ਤੋਂ ਸ਼ੰਕਾ ਹੈ ਕਿ ਦੋਹਾਂ ਥਾਂਵਾਂ 'ਚੋਂ, ਇਕ ਥਾਂ ਕੁਝ ਹੋਰ ਪਾਠ ਹੈ ਪਰ ਅਜੇ ਖੋਜ ਨਹੀਂ ਹੋ ਸਕੀ ।

**ਚਕ੍ਰਤ ਚਾਰ ਚਕ੍ਰਵੈ ਚਕ੍ਰਤ ਚਉ ਕੁੰਟ ਚਵੱਗਨ॥**
**ਕੋਟ ਸੂਰ ਸਮ ਤੇਜ ਤੇਜ ਨਹੀ ਦੂਨ ਚਵੱਗਨ॥**
**ਕੋਟ ਚੰਦ ਚਕ ਪਰੈ ਤੁੱਲ ਨਹੀ ਤੇਜ ਬਿਚਾਰਤ॥**
**ਬਜਾਸ ਪਰਾਸਰ ਬ੍ਰਹਮ ਭੇਦ ਨਹਿ ਬੇਦ ਉਚਾਰਤ॥**
**ਸਾਹਾਨਸਾਹ ਸਾਹਿਬ ਸੁਘਰਿ ਅਤਿ ਪ੍ਰਤਾਪ ਸੁੰਦਰ ਸਬਲ॥**
**ਰਾਜਾਨ ਰਾਜ ਸਾਹਿਬ ਸਬਲ ਅਮਿਤ ਤੇਜ ਅਛੈ ਅਛਲ॥੮॥੩੯॥**

***ਭਾਵਾਰਥ:-*** ਚਹੁੰ ਚੱਕਾਂ ਵਾਲੇ ਚੱਕ੍ਰਵਰਤੀ ਰਾਜੇ ਅਤੇ (ਚਉ ਕੁੰਟ) ਚਹੁੰ ਚੱਕਾਂ ਵਿੱਚ ਰਹਿਣ ਵਾਲੇ ਵੀ ਹੈਰਾਨ ਹਨ। (ਕਾਲ ਦੇ) ਤੇਜ਼ ਦੇ ਸਮਾਨ, ਕਰੋੜਾਂ ਸੂਰਜਾਂ ਦਾ ਤੇਜ਼ ਵੀ ਨਹੀਂ, ਬਲਕਿ ਦੂਣਾ ਚੌਗੁਣਾ ਹੈ। (ਕਾਲ ਦੇ ਤੇਜ਼ ਦੇ) ਸਮਾਨ ਤੇਜ਼ ਨੂੰ ਨਾ ਵਿਚਾਰਦੇ ਹੋਏ ਕਰੋੜਾਂ ਚੰਦ੍ਰ ਵੀ (ਚਕ) ਹੈਰਾਨੀ ਵਿੱਚ (ਪਰੈ) ਪਏ ਹੋਏ ਨੇ। ਵਿਆਸ, ਪਰਾਸਰ, ਬ੍ਰਹਮੇ ਅਤੇ ਵੇਦ ਵੀ ਭੇਦ ਉਚਾਰ ਨਹੀਂ ਸਕਦੇ। ਸੋਹਣਾ (ਸਬਲ) ਜੁਆਨ, ਅਤਿ ਪ੍ਰਤਾਪ ਵਾਲਾ (ਸੁਘਰਿ) ਚਤੁਰ ਸਾਹਿਬ ਸ਼ਹਿਨਸ਼ਾਹ। ਰਾਜਿਆਂ ਦਾ ਰਾਜਾ, (ਸਬਲ) ਬਲਵਾਨ ਮਾਲਿਕ, ਅਵਿਨਾਸੀ, ਛਲ ਰਹਿਤ ਅਤੇ ਬੇਅੰਤ ਤੇਜ਼ ਵਾਲਾ ਹੈ॥੮॥੩੯॥

**ਕਬਿਤੁ॥ ਤ੍ਵ ਪ੍ਰਸਾਦਿ॥**
**ਗਹਯੋ ਜੋ ਨ ਜਾਇ ਸੋ ਅਗਾਹ ਕੈ ਕੈ ਗਾਹੀਯਤੁ**
**ਛੇਦਯੋ ਜੋ ਨ ਜਾਇ ਸੋ ਅਛੇਦ ਕੈ ਪਛਾਨੀਐ॥**
**ਗੰਜਿਓ ਜੋ ਨ ਜਾਇ ਸੋ ਅਗੰਜ ਕੈ ਕੈ ਜਾਨੀਯਤੁ**
**ਭੰਜਿਓ ਜੋ ਨ ਜਾਇ ਸੋ ਅਭੰਜ ਕੈ ਕੈ ਮਾਨੀਐ॥**
**ਸਾਧਿਓ ਜੋ ਨ ਜਾਇ ਸੋ ਅਸਾਧਿ ਕੈ ਕੈ ਸਾਧ ਕਰਿ**
**ਛਲਯੋ ਜੋ ਨ ਜਾਇ ਸੋ ਅਛਲ ਕੈ ਪ੍ਰਮਾਨੀਐ॥**
**ਮੰਤ੍ਰ ਮੈ ਨ ਆਵੈ ਸੋ ਅਮੰਤ੍ਰ ਕੈ ਕੈ ਮਾਨੁ ਮਨ**
**ਜੰਤ੍ਰ ਮੈ ਨ ਆਵੈ ਸੋ ਅਜੰਤ੍ਰ ਕੈ ਕੈ ਜਾਨੀਐ॥੧॥੪੦॥**

***ਭਾਵਾਰਥ:-*** (ਮਨ ਨੂੰ ਸਮਝਾਇਆ ਜਾ ਰਿਹਾ ਹੈ ਕਿ ਹੇ ਮਨ!) ਜਿਹੜਾ ਫੜ੍ਹਿਆ ਨਾ ਜਾਵੇ ਉਹ (ਅਗਾਹ) ਨਾ ਫੜ੍ਹੇ ਜਾਣ ਵਾਲਾ (ਕੈ ਕੈ) ਮੰਨ ਕੇ (ਗਾਹੀਅਤੁ) ਸਮਝ, ਜਿਹੜਾ (ਛੇਦਿਓ) ਭਜਾਇਆ ਨਾ ਜਾਵੇ, ਉਹ (ਅਛੇਦ) ਅਭੱਜ ਮੰਨ ਕੇ ਪਛਾਣ। ਜਿਹੜਾ (ਗੰਜਿਓ) ਮਾਰਿਆ ਨਾ ਜਾਵੇ, ਉਹ ਅਮਰ ਮੰਨ ਕੇ ਜਾਣ, ਜਿਹੜਾ (ਭੰਜਿਓ) ਤੋੜਿਆ ਨਾ ਜਾਵੇ-ਉਹ ਅਟੁੱਟ ਕਰਕੇ ਮੰਨ। ਜਿਹੜਾ (ਸਾਧਿਓ) ਜ਼ੇਰ ਨਾ ਕੀਤਾ ਜਾ ਸਕੇ-ਉਹ ਅਸਾਧਜ ਮੰਨ ਕੇ (ਸਾਧ ਕਰ) ਨਿਸਚੇ ਕਰ, ਜਿਹੜਾ ਛਲਿਆ ਨਾ ਜਾਵੇ-ਉਹ ਅਛਲ ਮੰਨ ਕੇ ਸਵੀਕਾਰ ਕਰ। ਹੇ ਮਨ! ਜੋ ਮੰਤਰ ਦੇ ਵਿੱਚ (ਵੱਸ) ਨਾ ਆਵੇ, ਉਹ ਅਮੰਤ੍ਰ ਸਮਝ ਕੇ ਮੰਨ, ਜੋ ਯੰਤਰ ਦੇ ਵਿੱਚ ਨਾ ਆਵੇ-ਉਹ ਅਯੰਤ੍ਰ ਮੰਨ ਕੇ ਜਾਣ॥੧॥੪੦॥

**ਕਬਿਤੁ॥ ਤ੍ਵ ਪ੍ਰਸਾਦਿ॥**
**ਜਾਤ ਮੈ ਨ ਆਵੈ ਸੋ ਅਜਾਤ ਕੈ ਕੈ ਜਾਨ ਜੀਯੁ**
**ਪਾਤ ਮੈ ਨ ਆਵੈ ਸੋ ਅਪਾਤ ਕੈ ਬੁਲਾਈਐ॥**
**ਭੇਦ ਮੈ ਨ ਆਵੈ ਸੋ ਅਭੇਦ ਕੈ ਕੈ ਭਾਖੀਅਤੁ**
**ਛੇਦਯੋ ਜੋ ਨ ਜਾਇ ਸੋ ਅਛੇਦ ਕੈ ਸੁਨਾਈਐ॥**
**ਖੰਡਯੋ ਜੋ ਨ ਜਾਇ ਸੋ ਅਖੰਡ ਜੂ ਕੋ ਖਿਆਲੁ ਕੀਜੈ**
**ਖਿਆਲ ਮੈ ਨ ਆਵੈ ਗਮ ਤਾ ਕੋ ਸਦਾ ਖਾਈਐ॥**
**ਜੰਤ੍ਰ ਮੈ ਨ ਆਵੈ ਸੋ ਅਜੰਤ੍ਰ ਕੈ ਕੈ ਜਾਪੀਅਤੁ**
**ਧਯਾਨ ਮੈ ਨ ਆਵੈ ਤਾ ਕੋ ਧਯਾਨ ਕੀਜੈ ਧਯਾਈਐ॥੨॥੪੧॥**

***ਭਾਵਾਰਥ:-*** ਹੇ ਜੀਅ! ਜੋ ਜਾਤ (ਵਿਜਾਤਿ ਆਦਿਕ) ਵਿੱਚ ਨਾ ਆਵੇ-ਉਹ ਅਜਾਤਿ ਮੰਨ ਕੇ ਸਮਝ, ਜਿਹੜਾ (ਪਾਤ) ਪੰਕਤੀ ਵਿੱਚ ਨਾ ਆਵੇ- ਉਹ ਅਪਾਤਿ ਮੰਨ ਕੇ (ਬੁਲਾਈਐ) ਬੋਲੀਦਾ ਹੈ। ਜਿਹੜਾ (ਭੇਦ) ਫ਼ਰਕ (ਅੰਤਰੇ) ਵਿੱਚ ਨਾ ਆਵੇ, ਉਹ ਅਭੇਦ ਕਰਕੇ ਕਹੀਦਾ ਹੈ, ਜਿਹੜਾ ਵਿੰਨ੍ਹਿਆ ਨਾ ਜਾਵੇ, ਉਹ ਅਵਿੰਨ੍ਹ (ਕਹਿ) ਕੇ ਸੁਣਾਈਦਾ ਹੈ। ਜਿਹੜਾ (ਖੰਡਿਓ) ਤੋੜਿਆ ਨਾ ਜਾਵੇ-ਉਹ ਅਖੰਡ ਮੰਨ, ਜਿਹੜਾ (ਖਿਆਲ) ਵਿੱਚ ਹੀ ਨਾ ਆਵੇ-ਉਹਦਾ ਹਮੇਸ਼ਾ ਗ਼ਮ ਖਾਓ (ਡਰ ਮੰਨੋ)। ਜੋ ਯੰਤ੍ਰ ਵਿੱਚ (ਵੱਸ) ਨਾ ਆਵੇ ਉਹ ਅਯੰਤ੍ਰ ਮੰਨ ਕੇ (ਜਾਪੀਅਤੁ) ਜਪੀਦਾ ਹੈ, ਜਿਹੜਾ ਧਿਆਨ ਵਿੱਚ ਨਹੀਂ ਆਉਂਦਾ-ਉਹ (ਧਿਆਈਐ) ਧਿਆਨ ਧਰ ਕੇ ਧਿਆਓ॥੨॥੪੧॥

**ਕਬਿਤੁ॥ ਤ੍ਵ ਪ੍ਰਸਾਦਿ॥**
**ਛਤ੍ਰਧਾਰੀ ਛਤ੍ਰੀਪਤਿ ਛੈਲਰੂਪ ਛਿਤਿਨਾਥ**
**ਛੌਣੀ ਕਰ ਛਾਯਾ ਬਰ ਛਤ੍ਰੀਪਤਿ ਗਾਈਐ॥**
**ਬਿਸ੍ਵਨਾਥ ਬਿਸੰ੍ਭਰ ਬੇਦ ਨਾਥ ਬਾਲਾ ਕਰ**
**ਬਾਜੀਗਰਿ ਬਾਨ ਧਾਰੀ ਬੰਧਨ ਬਤਾਈਐ॥**
**ਨਿਉਲੀ ਕਰਮ ਦੂਧਾਧਾਰੀ ਬਿਦਿਜਾਧਰ ਬ੍ਰਹਮਚਾਰੀ**
**ਧਯਾਨ ਕੋ ਲਗਾਵੈ ਨੈਕ ਧਯਾਨ ਹੂੰ ਨ ਪਾਈਐ॥**
**ਰਾਜਨ ਕੇ ਰਾਜਾ ਮਹਾਰਾਜਨ ਕੇ ਮਹਾਰਾਜਾ**
**ਐਸੋ ਰਾਜ ਛੋਡਿ ਅਉਰ ਦੂਜਾ ਕਉਨ ਧਯਾਈਐ॥੩॥੪੨॥**

***ਭਾਵਾਰਥ:-*** ਜੋ ਛਤ੍ਰਧਾਰੀ ਰਾਜਾ ਛਤ੍ਰੀਪਤਿ (ਯੋਧਾ) ਛੈਲ ਰੂਪ (ਸੋਹਣਾ, ਜੁਆਨ) (ਛਿਤਿ ਨਾਥ) ਜ਼ਮੀਨ ਦਾ ਮਾਲਕ, (ਛੋਣੀ ਕਰ) ਜ਼ਮੀਨ ਨੂੰ ਪੈਦਾ ਕਰਨ ਵਾਲਾ, (ਛਾਇਆ ਬਰ) ਮਾਇਆ ਦਾ ਪਤੀ, (ਛਤ੍ਰਪਤਿ) ਮਹਾਰਾਜਾ ਕਿਹਾ ਜਾਂਦਾ ਹੈ। ਸੰਸਾਰ ਦਾ ਸ੍ਵਾਮੀ, ਸੰਸਾਰ ਪਾਲਕ, (ਬੇਦ ਨਾਥ) ਬ੍ਰਹਮਾ (ਬਾਲਾ ਕਰ) ਉੱਚਾ ਕਰਨ ਵਾਲਾ (ਜ਼ਬਰਦਸਤ, ਮਾਇਆ ਦਾ ਰਚੈਤਾ, ਬਾਲਾਰਕ - ਉਦਯ

ਕਾਲ ਦਾ ਸੂਰਜ) ਬਾਜੀਗਰ ਵਾਂਗ ਬਾਣਾਂ ਦੀ ਧਾਰ ਨੂੰ ਬੰਨ੍ਹਣ ਵਾਲਾ ਕਿਹਾ ਜਾਂਦਾ ਹੈ[1]। ਨਿਉਲੀ ਕਰਮ ਨੂੰ ਕਰਨ ਵਾਲੇ, ਦੂਧਾਧਾਰੀ, (ਵਿਦਿਆਧਰ) ਵਿਦਵਾਨ (ਗਿਆਨਾਚਾਰੀਯ) ਅਤੇ ਬ੍ਰਹਮਚਾਰੀ ਲੋਕ ਧਿਆਨ ਨੂੰ ਲਾਉਂਦੇ ਤਾਂ ਹਨ ਪਰ ਧਿਆਨ ਵਿੱਚ (ਨੈਕ) ਰਤਾ ਮਾਤ੍ਰ ਵੀ ਨਹੀਂ ਆਉਂਦਾ। ਰਾਜਿਆਂ ਦੇ ਰਾਜੇ, ਮਹਾਰਾਜਿਆਂ ਦੇ ਮਹਾਰਾਜੇ ਦਾ ਐਹੋ ਜਿਹਾ ਰਾਜ ਛੱਡ ਕੇ ਦੂਜਾ ਹੋਰ ਕਿਹੜਾ ਸਿਮਰੀਏ॥੩॥੪੨॥

**ਕਬਿਤੁ॥ ਤ੍ਵ ਪ੍ਰਸਾਦਿ॥**

**ਜੁੱਧ ਕੇ ਜਿਤੱਯਾ ਰੰਗ ਭੂਮਿ ਕੇ ਭਵੱਯਾ**
**ਭਾਰ ਭੂਮਿ ਕੇ ਮਿਟੱਯਾ ਨਾਥ ਤੀਨ ਲੋਕ ਗਾਈਐ॥**
**ਕਾਹੂੰ ਕੇ ਤਨੱਯਾ ਹੈ ਨ ਮੱਯਾ ਜਾ ਕੇ ਭੱਯਾ ਕੋਊ**
**ਛੌਨੀ ਹੂੰ ਕੇ ਛੱਯਾ ਛੋਡਿ ਕਾ ਸਿਉ ਪ੍ਰੀਤਿ ਲਾਈਐ॥**
**ਸਾਧਨਾ ਸਧੱਯਾ ਧੂਲ ਧਾਨੀ ਕੇ ਧੁਜੱਯਾ**
**ਧੋਮ ਧਾਰ ਕੇ ਧਰੱਯਾ ਧਜਾਨ ਤਾ ਕੋ ਸਦਾ ਲਾਈਐ॥**
**ਆਉ ਕੇ ਬਢੱਯਾ ਏਕ ਨਾਮ ਕੇ ਜਪੱਯਾ**
**ਅਉਰ ਕਾਮ ਕੇ ਕਰੱਯਾ ਛੋਡਿ ਔਰ ਕਉਨ ਧਜਾਈਐ॥੪॥੪੩॥**

***ਭਾਵਾਰਥ:–*** ਜੰਗ ਜਿੱਤਣ ਵਾਲੇ, ਰੰਗ ਮੰਚ (ਨਾਟਕ ਖੇਡਣ) ਦੇ ਵਿੱਚ ਫਿਰਨ ਵਾਲੇ, ਜ਼ਮੀਨ ਦੇ ਬੋਝ (ਪਾਪ) ਦੇ ਮਿਟਾਉਣ ਵਾਲੇ, ਤਿੰਨ ਲੋਕ ਦੇ ਸ੍ਵਾਮੀ ਨੂੰ ਗਾਇਨ ਕਰੀਏ। (ਉਹ) ਕਿਸੇ ਦੇ (ਤਨੱਯਾ) ਪੁੱਤਰ ਨਹੀਂ, ਜੀਹਦੇ ਕੋਈ ਮਾਂ ਭਰਾ ਵੀ ਨਹੀਂ, (ਛੋਨੀ) ਧਰਤੀ ਦੇ (ਛੱਯਾ) ਬਣਾਉਣ ਵਾਲੇ ਨੂੰ ਛੱਡ ਕੇ ਪ੍ਰੀਤ ਕੀਹਦੇ ਨਾਲ ਜੋੜੀਏ? (ਸਾਧਨਾ) ਕਰਮਾਂ ਨੂੰ (ਸਧੱਯਾ) ਸਾਧਨ (ਸਿੱਧ ਕਰਨ) ਵਾਲੇ (ਧੂਲ ਧਾਨੀ) ਧਰਤੀ ਦੀ ਧੁਜਾ ਰੂਪ ਅਤੇ ਜੋ (ਧੋਮ ਧਾਰ) ਆਕਾਸ਼ ਨੂੰ (ਧਰੱਯਾ) ਬਣਾਉਣ ਵਾਲੇ ਹਨ, ਉਨ੍ਹਾਂ ਦਾ ਹੀ ਨਿਤ ਧਿਆਨ (ਲਾਈਐ) ਧਰੀਏ। ਆਯੂ (ਉਮਰ) ਦੇ ਵਧਾਉਣ ਵਾਲੇ (ਆਪਣੇ) ਇੱਕ ਨਾਮ (ਰੂਪ ਸਾਧਨ) ਨੂੰ ਹੀ (ਜਪੱਯਾ) ਜਪਾਉਣ ਵਾਲੇ (ਅਉਰ) ਅਤੇ ਕੰਮਾਂ ਦੇ (ਪੂਰਾ) ਕਰਨ ਵਾਲੇ ਨੂੰ ਛੱਡ ਕੇ ਹੋਰ ਕਿਹੜਾ ਸਿਮਰੀਏ॥੪॥੪੩॥

**ਕਬਿਤੁ॥ ਤ੍ਵ ਪ੍ਰਸਾਦਿ॥**

**ਕਾਮ ਕੋ ਕੁਨਿੰਦਾ ਖੈਰ ਖੂਬੀ ਕੋ ਦਿਹੰਦਾ**
**ਗਜ ਗਾਜੀ ਕੋ ਗਜਿੰਦਾ[2] ਸੋ ਕੁਨਿੰਦਾ ਕੈ ਬਤਾਈਐ॥**
**ਚਾਮ ਕੇ ਚਲਿੰਦਾ ਘਾਉ ਘਾਮ ਤੇ ਬਚਿੰਦਾ**
**ਛਤ੍ਰ ਛੌਨੀ ਕੇ ਛਲਿੰਦਾ ਸੋ ਦਿਹਿੰਦਾ ਕੈ ਮਨਾਈਐ॥**

---

[1] ਸੰਪ੍ਰਦਾਇਕ ਗਿਆਨੀ 'ਬੰਧ ਨ ਬਤਾਈਐ' ਉਚਾਰਣ ਕਰਕੇ ਵੀ ਅਰਥ ਕਰਦੇ ਹਨ।

[2] ਪਾਠ– ਗੰਜਿਦਾ, ਸ੍ਰ. ਬ. ਖਾਨ ਸਿੰਘ ਜੀ ਨਾਭਾ ਨੇ 'ਗਜਿੰਦਾ' ਹੀ ਸ਼ੁੱਧ ਮੰਨ ਕੇ ਅਰਥ (ਫ਼ਾ) ਗੁਜ਼ੀਨਿੰਦਹ, ਚੁਣਨ ਵਾਲਾ, ਇੰਤਖ਼ਾਬ, ਕੁਨਿੰਦਾ ਲਿਖਿਆ ਹੈ।

**ਜਰ ਕੋ ਦਿਹੰਦਾ ਜਾਨ ਮਾਨ ਕੋ ਜਨਿੰਦਾ**
**ਜੋਤਿ ਜੇਬ ਕੋ ਜਗਿੰਦਾ ਜਾਨ ਮਾਨ ਜਾਨ ਗਾਈਐ॥**
**ਦੋਖ ਕੇ ਦਲਿੰਦਾ ਦੀਨ ਦਾਨਸ ਦਿਹੰਦਾ**
**ਦੋਖ ਦੂਜਨ ਦਲਿੰਦਾ ਧਜਾਇ ਦੂਜੋ ਕਉਨ ਧਜਾਈਐ॥੫॥੪੪॥**

***ਭਾਵਾਰਥ:-*** ਕੰਮਾਂ ਨੂੰ ਪੂਰਾ ਕਰਨ ਵਾਲਾ, (ਖੈਰ) ਸੁੱਖ ਅਤੇ (ਖੂਬੀ) ਵਡਿਆਈ (ਅਸਚਰਜਤਾ) ਨੂੰ ਦੇਣ ਵਾਲਾ, (ਗਜ) ਚੋਟਾਂ ਨਾਲ (ਗਾਜੀ) ਬਹੁਤ ਖਾਣ ਵਾਲਿਆਂ ਨੂੰ ਵੀ (ਗਜਿੰਦਾ) ਮਾਰਨ ਵਾਲਾ ਹੈ, ਉਹ ਵੀ (ਕੁਨਿੰਦਾ) ਕਰਤਾ ਪੁਰਖ ਕਰ ਕੇ (ਬਤਾਈਐ) ਉਚਾਰੀਦਾ ਹੈ। ਚੰਮ ਦੇ (ਦਾਮ) ਚਲਾਉਣ ਵਾਲਾ ਭਾਵਅਰਥ ਮਨ ਮਾਨੀਆਂ ਕਰਨ ਵਾਲਾ, ਜ਼ਖ਼ਮ ਅਤੇ ਤਾਪ ਤੋਂ ਬਣਾਉਣ ਵਾਲਾ, (ਛੋਨੀ) ਧਰਤੀ ਦੇ ਛਤ੍ਰਾਂ ਵਾਲਿਆਂ ਨੂੰ ਛਲਣ ਵਾਲੇ, ਉਹ ਨੂੰ (ਦਿਹੰਦਾ) ਦਾਤਾਰ ਕਰਕੇ ਪੂਜੀਏ। (ਜਰ) ਸੋਨੇ (ਧਨ) ਨੂੰ ਦੇਣ ਵਾਲੇ, (ਜਾਨ ਮਾਨ) ਪਿਆਰਿਆਂ ਨੂੰ (ਜਨਿੰਦਾ) ਪਿਆਰ ਕਰਨ ਵਾਲਾ, (ਜੇਬ) ਸੋਹਣੀ ਜਿਓਤੀ ਨੂੰ ਜਗਾਉਣ ਵਾਲਾ (ਜਾਨ ਮਾਨ ਜਾਨ) ਜਾਨੇਮਨ ਜਾਂ ਮੇਰਾ ਪ੍ਰੀਤਮ ਹੈ, ਮੈਂ ਉਸਦਾ ਪਿਆਰਾ ਹਾਂ (ਉਹ) ਜਾਣ ਕੇ ਗਾਈਏ। ਦੋਸ਼ਾਂ ਨੂੰ ਦਲਣ ਵਾਲੇ, (ਦੀਨ ਦਾਨਸ਼) ਧਰਮ ਦੀ ਬੁੱਧੀ ਦੇਣ ਵਾਲਾ, ਦੋਸ਼ਾਂ ਅਤੇ ਦੁਸ਼ਟਾਂ ਨੂੰ ਦਲਣ ਵਾਲਾ ਸਿਮਰ ਕੇ ਹੋਰ ਕਿਹੜਾ ਸਿਮਰੀਏ॥੫॥੪੪॥

**ਖਬਿੱਤੁ॥ ਤ੍ਵ ਪ੍ਰਸਾਦਿ॥**
**ਸਾਲਿਸ ਸਿਹਿੰਦਾ ਸਿਧਤਾਈ ਕੋ ਸਧਿੰਦਾ**
**ਅੰਗ ਅੰਗ ਮੈ ਅਵਿੰਦਾ ਏਕੁ ਏਕੋ ਨਾਥ ਜਾਨੀਐ॥**
**ਕਾਲਖ ਕਟਿੰਦਾ ਖੁਰਾਸਾਨ ਕੋ ਖੁਨਿੰਦਾ**
**ਗ੍ਰਬ ਗਾਫਲ ਗਿਲਿੰਦਾ ਗੋਲ ਗੰਜਖ ਬਖਾਨੀਐ॥**
**ਗਾਲਬ ਗਿਰੰਦਾ ਜੀਤ ਤੇਜ ਕੇ ਦਿਹੰਦਾ**
**ਚਿਤ੍ਰ ਚਾਪ ਕੇ ਚਲਿੰਦਾ ਛੋਡ ਅਉਰ ਕਉਨ ਆਨੀਐ॥**
**ਸਤਤਾ ਦਿਹੰਦਾ ਸਤਤਾਈ ਕੋ ਸੁਖਿੰਦਾ**
**ਕਰਮ ਕਾਮ ਕੋ ਕੁਨਿੰਦਾ ਛੋਡ ਦੂਜਾ ਕਉਨ ਮਾਨੀਐ॥੬॥੪੫॥**

***ਭਾਵਾਰਥ:-*** (ਸਾਲਸ) ਤੀਜੇ (ਮਧਯਥ, ਪੰਚ, ਗੁਰੂ) ਨੂੰ ਸਹਿਣ ਕਰਨ ਵਾਲਾ ਜਾਂ ਉਨ੍ਹਾਂ ਦਾ ਹੁਕਮ ਮੰਨਣ ਵਾਲਾ, ਸਿੱਧੀ ਨੂੰ ਸਾਧਨਾ ਕਰਨ ਵਾਲਾ, ਅੰਗ ਅੰਗ ਵਿੱਚ ਆਉਣ ਵਾਲਾ, (ਏਕੁ) ਕੇਵਲ ਇੱਕ ਸ੍ਵਾਮੀ ਨੂੰ ਹੀ ਮੰਨੋ। (ਕਾਲਖ) ਦੂਸ਼ਣਾਂ ਨੂੰ ਕੱਟਣ ਵਾਲਾ, (ਖੁਰਾਸਾਨ) ਦੇਸ਼ ਦੇ ਨਿਵਾਸੀਆਂ ਨੂੰ (ਖੁਨਿੰਦਾ) ਖ੍ਵਾਹਿੰਦਾ ਜਾਂ ਚਾਹੁਣ ਵਾਲਾ, (ਗਾਫਲ) ਭੁੱਲੜਾਂ ਦਾ (ਗ੍ਰਬ) ਅਭਿਮਾਨ (ਗਿਰੰਦਾ) ਗੇਰਨ ਵਾਲਾ, (ਗੋਲ) ਭੂਤ ਪ੍ਰੇਤਾਂ ਨੂੰ (ਗੰਜਖ) ਭਜਾਉਣ ਵਾਲਾ ਕਹੀਦਾ ਹੈ। (ਗਾਲਬ) ਜ਼ਾਬਰਾਂ ਨੂੰ ਡੇਗਣ ਵਾਲਾ, ਜਿੱਤ ਦੇ ਤੇਜ ਨੂੰ ਦੇਣ ਵਾਲਾ, (ਚਿਤ੍ਰ) ਅਸਚਰਜ (ਵਚਿਤ੍ਰ) ਧਨੁਸ਼ ਨੂੰ ਚਲਾਉਣ ਵਾਲਾ ਛੱਡ ਕੇ ਹੋਰ ਕਿਹੜਾ ਮੰਨੀਏ। ਸੱਚਾਈ ਦੇਣ ਵਾਲਾ, ਸਚਾਈ ਨੂੰ (ਸੁਖਿੰਦਾ) ਸੁਖਾਉਂਦਾ ਜਾਂ ਚੰਗਾ ਲੱਗਣ ਵਾਲਾ, ਮਿਹਰ ਦਾ ਕੰਮ ਕਰਨ ਵਾਲਾ, ਛੱਡ ਕੇ ਹੋਰ ਕਿਹੜਾ ਮੰਨੀਏ॥੬॥੪੫॥

**ਕਬਿੱਤੁ॥ ਤ੍ਵ ਪ੍ਰਸਾਦਿ॥**

**ਜੋਤਿ ਕੋ ਜਗਿੰਦਾ ਜੰਗ ਜਾਫਰੀ ਦਿਹੰਦਾ**
**ਮਿਤ੍ਰ ਮਾਰੀ ਕੇ ਮਲਿੰਦਾ ਪੈ ਕੁਨਿੰਦਾ ਕੈ ਬਖਾਨੀਐ॥**
**ਪਾਲਕ ਪੁਨਿੰਦਾ ਪਰਮ ਪਾਰਸੀ ਪ੍ਰਗਿੰਦਾ**
**ਰੰਗ ਰਾਗ ਕੇ ਸੁਨਿੰਦਾ ਪੈ ਅਨੰਦਾ ਤੇਜ ਮਾਨੀਐ॥**
**ਜਾਪ ਕੇ ਜਪਿੰਦਾ ਖੈਰ ਖੂਬੀ ਕੇ ਦਿਹਿੰਦਾ**
**ਖੂਨ ਮਾਫ ਕੇ ਕੁਨਿੰਦਾ ਹੈ ਅਭਿੱਜ ਰੂਪ ਠਾਨੀਐ॥**
**ਆਰਜਾ ਦਿਹਿੰਦਾ ਰੰਗ ਰਾਗ ਕੇ ਬਢਿੰਦਾ**
**ਦੁਸ੍ਰ ਦ੍ਰੋਹ ਕੇ ਦਲਿੰਦਾ ਛੋਡ ਦੂਜੋ ਕੌਨ ਮਾਨੀਐ॥੭॥੪੬॥**

***ਭਾਵਾਰਥ:–*** ਜਿਓਤੀ ਜਗਾਉਣ ਵਾਲਾ, ਜੰਗ ਵਿੱਚ (ਜਾਫਰੀ) ਫ਼ਤਹ (ਜਿੱਤ) ਦੇਣ ਵਾਲਾ, ਮਿੱਤਰ ਮਾਰ ਕਰਨ ਦੀ ਕਿਰਿਆ ਵਾਲੇ ਨੂੰ ਮਲ ਭਾਵ ਨਾਸ ਕਰ ਦੇਣ ਵਾਲਾ (ਪੈ) ਅਤੇ ਕਰਤਾ ਕਰ ਕੇ ਉੱਚਾਰੀਦਾ ਹੈ। (ਪੁਨਿੰਦਾ) ਪੁਨੀਤਤਾ ਵਾਲਾ (ਪਵਿੱਤਰ) ਪਾਲਕ ਹੈ, ਮਹਾਂ ਫ਼ਾਰਸੀ ਦਾ ਪ੍ਰਗਜਤਾ, ਰਾਗ ਰੰਗ ਨੂੰ ਸੁਣਨ ਵਾਲਾ (ਪੈ) ਅਤੇ ਆਨੰਦ ਦਾ ਪ੍ਰਭਾਵ ਰੂਪ ਮੰਨੀਏ। ਜਾਪ ਦੇ ਕਰਨ ਵਾਲੇ, ਸੁੱਖ ਅਤੇ ਕਮਾਲੀਅਤ ਦੇ ਦੇਣ ਵਾਲੇ, ਖੂਨ ਦੇ ਵੀ ਮਾਫ਼ ਕਰਨ ਵਾਲੇ ਹਨ, ਨਾ ਭਿੱਜਣ–ਮਈ (ਠਾਨੀਐ) ਸਮਝੀਏ। (ਆਰਜਾ) ਸ੍ਰੇਸ਼ਟਤਾ (ਉਮਰ) ਦੇਣ ਵਾਲੇ, (ਰੰਗ ਰਾਗ) ਖੁਸ਼ੀਆਂ ਵਧਾਉਣ ਵਾਲੇ, ਦੁਸ਼ਟਾਂ ਦੇ (ਕੀਤੇ) (ਦ੍ਰੋਹ) ਛਲ ਨੂੰ ਨਾਸ ਕਰਨ ਵਾਲੇ ਨੂੰ ਛੱਡ ਕੇ ਹੋਰ ਕਿਹੜਾ ਮੰਨੀਏ॥੭॥੪੬॥

**ਖਬਿੱਤੁ॥ ਤ੍ਵ ਪ੍ਰਸਾਦਿ॥**

**ਆਤਮਾ ਪ੍ਰਧਾਨ ਜਾਹਿ ਸਿੱਧਿਤਾ ਸਰੂਪ ਤਾਹਿ**
**ਬੁੱਧਿਤਾ ਬਿਭੂਤਿ ਜਾਹਿ ਸਿੱਧਿਤਾ ਸੁ ਭਾਉ ਹੈ॥**
**ਰਾਗ ਭੀ ਨ ਰੰਗ ਤਾਹਿ ਰੂਪ ਭੀ ਨ ਰੇਖ ਜਾਹਿ**
**ਅੰਗ ਭੀ ਸੁਰੰਗ ਤਾਹਿ ਰੰਗ ਕੇ ਸੁਭਾਉ ਹੈ॥**
**ਚਿਤ੍ਰ ਸੋ ਬਿਚਿਤ੍ਰ ਹੈ ਪਰਮਤਾ ਪਵਿੱਤ੍ਰ ਹੈ**
**ਸੁ ਮਿਤ੍ਰ ਹੂੰ ਕੇ ਮਿਤ੍ਰ ਹੈ ਬਿਭੂਤਿ ਕੋ ਉਪਾਉ ਹੈ॥**
**ਦੇਵਨ ਕੋ ਦੇਵ ਹੈ ਕਿ ਸਾਹਨ ਕੋ ਸਾਹੁ ਹੈ ਕਿ**
**ਰਾਜਨ ਕੋ ਰਾਜੁ ਹੈ ਕਿ ਰਾਵਨ ਕੋ ਰਾਉ ਹੈ॥੮॥੪੭॥**

***ਭਾਵਾਰਥ:–*** ਜਿੱਥੇ ਆਤਮਾ ਹੀ ਮੁੱਖ ਹੈ, ਓਥੇ ਸਰੂਪ ਦੀ (ਸਿੱਧਿਤਾ) ਪ੍ਰਾਪਤੀ ਹੈ, ਜਿੱਥੇ ਬੁੱਧੀ ਰੂਪ (ਬਿਭੂਤਿ) ਸਮੱਗਰੀ ਹੈ, ਓਥੇ ਉੱਚ (ਭਾਉ) ਪ੍ਰੇਮ ਦੀ ਪ੍ਰਾਪਤੀ ਹੈ। ਜਿੱਥੇ ਰੂਪ ਅਤੇ ਰੇਖ ਵੀ ਨਹੀਂ, ਓਥੇ ਹੀ ਰਾਗ ਅਤੇ ਰੰਗ ਵੀ ਨਹੀਂ, ਜਿੱਥੇ (ਰੰਗ) ਆਨੰਦ ਦੇ ਸੁਭਾਅ ਵਾਲੇ ਮਹਾਂਪੁਰਸ਼ ਹਨ, ਓਥੇ ਹੀ (ਅੰਗ) ਹਿਰਦੇ (ਸੁਰੰਗ) ਲਾਲ ਹਨ। ਜਿਸ ਵਿੱਚ ਪਵਿੱਤਰ (ਪਰਮਤਾ) ਉੱਚਤਾ ਹੈ, ਉਹੋ ਹੀ

(ਬਿਚਿਤ੍ਰ) ਅਸਚਰਜ (ਚਿਤ੍ਰ) ਮੂਰਤ ਹੈ (ਜਿੱਥੇ) (ਸੁਮਿਤ੍ਰ) ਮਹਾਂਪੁਰਸ਼ਾਂ ਦੇ ਹੀ ਮਿੱਤਰ ਹਨ, ਓਥੇ ਹੀ (ਬਿਭੂਤਿ) ਮਾਇਆ (ਧਨ) ਦੀ (ਉਪਾਉ) ਪੈਦਾਇਸ਼ ਹੈ। (ਆਤਮਾ ਹੀ) ਦੇਵਤਿਆਂ ਦਾ ਦੇਵਤਾ ਹੈ, ਜਾਂ ਸ਼ਾਹਾਂ ਦਾ ਸ਼ਾਹ ਹੈ ਜਾਂ ਰਾਜਿਆਂ ਦਾ ਰਾਜਾ ਹੈ ਜਾਂ (ਰਾਵਨ) ਰਾਜ ਕੁਮਾਰਾਂ ਦਾ ਰਾਜ ਕੁਮਾਰ ਹੈ॥੮॥੪੭॥

**ਬਹਿਰ ਤਵੀਲ ਛੰਦ॥ ਪਸਚਮੀ[੧]॥ ਤ੍ਵ ਪ੍ਰਸਾਦਿ॥**

**ਕਿ ਅਗੰਜਸ॥ ਕਿ ਅਭੰਜਸ॥ ਕਿ ਅਰੂਪਸ॥ ਕਿ ਅਰੰਜਸ॥੧॥੪੮॥**

***ਭਾਵਾਰਥ:–*** ਜੋ ਅਮਰ ਹੈ। ਜੋ ਅਟੁੱਟ ਹੈ, ਜੋ ਰੂਪ ਰਹਿਤ ਹੈ। ਜੋ (ਰੰਜਸ਼) ਨਾਰਾਜਗੀ ਤੋਂ ਬਿਨਾਂ ਭਾਵ ਪ੍ਰਸੰਨ ਹੈ॥੧॥੪੮॥

**ਕਿ ਅਛੇਦਸ॥ ਕਿ ਅਭੇਦਸ॥ ਕਿ ਅਨਾਮਸ॥ ਕਿ ਅਕਾਮਸ॥੨॥੪੯॥**

***ਭਾਵਾਰਥ:–*** ਜੋ ਭੱਜਦਾ ਨਹੀਂ। ਜੋ ਵਿੰਨ੍ਹਿਆ ਨਹੀਂ ਜਾਂਦਾ। ਜੋ ਨਾਮ ਰਹਿਤ ਹੈ। ਜੋ ਕਾਮ (ਇੱਛਾ) ਰਹਿਤ ਹੈ॥੨॥੪੯॥

**ਕਿ ਅਭੇਖਸ॥ ਕਿ ਅਲੇਖਸ॥ ਕਿ ਅਨਾਦਸ॥ ਕਿ ਅਗਾਧਸ॥੩॥੫੦॥**

***ਭਾਵਾਰਥ:–*** ਜੋ ਭੇਖ ਰਹਿਤ ਹੈ, ਜੋ ਲੇਖ ਰਹਿਤ ਹੈ। ਜੋ ਸ਼ਬਦ ਰਹਿਤ ਅਥਵਾ ਅਨਾਦੀ ਹੈ। ਜੋ ਗੰਭੀਰ ਹੈ॥੩॥੫੦॥

**ਕਿ ਅਰੂਪਸ॥ ਕਿ ਅਭੂਤਸ॥ ਕਿ ਅਛਾਦਸ॥ ਕਿ ਅਰਾਗਸ॥੪॥੫੧॥**

***ਭਾਵਾਰਥ:–*** ਜੋ ਰੂਪ ਬਿਨਾਂ ਹੈ। ਜੋ ਬਿਨਾਂ ਤੱਤਾਂ ਤੋਂ ਹੈ। ਜੋ (ਛਾਦਸ) ਵੇਦਾਂ ਤੋਂ ਰਹਿਤ ਹੈ। ਜੋ (ਰਾਗ) ਮੋਹ ਰਹਿਤ ਹੈ॥੪॥੫੧॥

**ਕਿ ਅਭੇਦਸ॥ ਕਿ ਅਛੇਦਸ॥ ਕਿ ਅਛਾਦਸ॥ ਕਿ ਅਗਾਧਸ॥੫॥੫੨॥**

***ਭਾਵਾਰਥ:–*** ਜੋ ਬਿਨਾਂ ਫਰਕ ਭਾਵ ਵਿਤਕਰੇ ਰਹਿਤ ਹੈ। ਜੋ ਬਿਨਾਂ ਛਿਦ੍ਰ ਹੈ। ਜੋ ਢਕਿਆ ਨਹੀਂ ਹੈ। ਜੋ ਗੰਭੀਰ ਹੈ॥੫॥੫੨॥

**ਕਿ ਅਗੰਜਸ॥ ਕਿ ਅਭੰਜਸ॥ ਕਿ ਅਭੇਦਸ॥ ਕਿ ਅਛੇਦਸ॥੬॥੫੩॥**

---

[੧] ਬੜੀ ਹੈਰਾਨੀ ਵਾਲੀ ਗੱਲ ਹੈ ਕਿ ਏਸ ਅੰਗ ੧॥੪੮ ਤੋਂ ਲੈ ਕੇ... ਗਿਆਨ ਪ੍ਰਬੋਧ ਵਿੱਚ 'ਬਹਿਰ ਤਵੀਲ ਛੰਦ ਪਸਚਮੀ' 'ਬਹਿਰ ਤਵੀਲ ਪਸਚਮੀ' ਅਤੇ 'ਪਸਚਮੀ' ਪਾਠ ਤਿੰਨ ਵਾਰ ਪ੍ਰੈਸ ਦੀ ਬੀੜ 'ਚੋਂ ਮਿਲਦਾ ਹੈ ਪਰ ਇਨ੍ਹਾਂ ਵਿੱਚ ਛੰਦ ਦਾ ਨਾਮ ਕੋਈ ਵੀ ਨਹੀਂ, ਏਸ ਦਾ ਅਰਥ ਹੈ 'ਪੱਛਮੀ (ਦੇਸ਼ਾਂ ਵਾਂਗ) (ਤਵੀਲ) ਲੰਮੇ (ਬਹਿਰ) ਵਹਿਣ ਵਾਲਾ ਛੰਦ'। ਇਸ ਤਰ੍ਹਾਂ ਦੀਆਂ ਧ੍ਵਨੀਆਂ ਤਿਲੰਗ ਰਾਗ ਵਿੱਚ ਹੀ ਹੁੰਦੀਆਂ ਹਨ ਅਤੇ ਪਠਾਣਾਂ (ਪਖ਼ਤੂਨਸਤਾਨੀਆਂ) ਵਿੱਚ ਆਮ ਗਾਈਆਂ ਜਾਂਦੀਆਂ ਹਨ। ਏਸ ਨੂੰ ਉਪਰੋਕਤ ਰੂਪ ਅਨੁਸਾਰ 'ਨਾਯਕ' ਵੀ ਕਿਹਾ ਜਾ ਸਕਦਾ ਹੈ ਪਰ ਅੱਗੇ ਚੱਲ ਕੇ ਇਹ ਰੂਪ ਬਦਲ ਜਾਂਦਾ ਹੈ।

***ਭਾਵਾਰਥ:–*** ਜੋ ਅਮਰ ਹੈ। ਜੋ ਅਟੁੱਟ ਹੈ, ਜੋ ਬੇ ਫ਼ਰਕ ਹੈ। ਜੋ ਅਵਿੰਨ੍ਹ ਹੈ॥੬॥੫੩॥

**ਕਿ ਅਸੇਅਸ॥ ਕਿ ਅਧੇਅਸ॥ ਕਿ ਅਗੰਜਸ॥ ਕਿ ਇਕੰਜਸ॥੭॥੫੪॥**

***ਭਾਵਾਰਥ:–*** ਜੋ (ਅਸੇਅ) ਆਸ਼ਰਯ (ਆਸਰਾ) ਰੂਪ ਹੈ। ਜੋ (ਅਧੇਅ) ਧਾਰਨ ਕਰਨ ਯੋਗ ਨਹੀਂ ਹੈ। ਜੋ ਅਮਰ ਹੈ। ਜੋ (ਇਕੰਜਸ) ਅਦ੍ਵਿਤਿਯ ਸ਼ਕਤੀ ਵਾਲਾ ਹੈ॥੭॥੫੪॥

**ਕਿ ਉਕਾਰਸ॥ ਕਿ ਨਿਕਾਰਸ॥ ਕਿ ਅਖੰਜਸ॥ ਕਿ ਅਭੰਜਸ॥੮॥੫੫॥**

***ਭਾਵਾਰਥ:–*** ਜੋ (ਉਕਾਰ) ਓਅੰਕਾਰ ਹੈ। ਜੋ ਨਕਾਰ ਭਾਵ ਨਮ: ਰੂਪ ਹੈ (ਨਿਰਗੁਣ ਹੈ)। ਜੋ (ਖੰਜ) ਪਿੰਗਲਾ ਨਹੀਂ ਹੈ। ਜੋ ਅਮਰ ਹੈ॥੮॥੫੫॥

**ਕਿ ਅਘਾਤਸ॥ ਕਿ ਅਕਿਆਤਸ॥ ਕਿ ਅਚਲਸ॥ ਕਿ ਅਛਲਸ॥੯॥੫੬॥**

***ਭਾਵਾਰਥ:–*** ਜੋ ਬੇ-ਜ਼ਖ਼ਮ ਭਾਵ ਬੇਦਾਵ ਜਾਂ ਅਮਰ ਹੈ। ਜੋ (ਇਕਾਤਤ) ਪਾਲਣ ਵਾਲਾ ਹੈ। ਜੋ ਨਿਰਹੱਲ ਹੈ। ਜੋ ਛਲ ਬਿਨਾਂ ਹੈ॥੯॥੫੬॥

**ਕਿ ਅਜਾਤਸ॥ ਕਿ ਅਝਾਤਸ॥ ਕਿ ਅਛਲਸ॥ ਕਿ ਅਟਲਸ॥੧੦॥੫੭॥**

***ਭਾਵਾਰਥ:–*** ਜੋ ਜਾਤ ਰਹਿਤ ਹੈ। ਜੋ (ਝਾਤ) ਦੇਖਣ ਰਹਿਤ ਹੈ। ਜੋ ਛਲ ਰਹਿਤ ਹੈ। ਜੋ ਅਟੱਲ ਹੈ॥੧੦॥੫੭॥

**ਬਹਿਰ ਤਵੀਲ ਪਸਚਮੀ॥ ਤ੍ਵ ਪ੍ਰਸਾਦਿ॥**

**ਅਟਾਟਸਚ॥ ਅਡਾਟਸਚ॥ ਅਡੰਗਸਚ॥ ਅਨੰਗਸਚ॥੧੧॥੫੮॥**

***ਭਾਵਾਰਥ:–*** (ਟਾਟ) ਪੀੜ ਰਹਿਤ ਹੈ। ਬੇ-ਦਬਕਣ ਹੈ। (ਡੰਗ) ਡੰਗਣ ਰਹਿਤ ਅਰਥਾਤ ਨੰਗ ਭੁੱਖ ਰਹਿਤ ਹੈ। ਸਰੀਰ ਬਿਨਾਂ ਹੈ॥੧੧॥੫੮॥

**ਅਤਾਨਸਚ॥ ਅਥਾਨਸਚ॥ ਅਦੰਗਸਚ॥ ਅਨੰਗਸਚ॥੧੨॥੫੯॥**

***ਭਾਵਾਰਥ:–*** ਰੱਖਿਆ ਬਿਨਾਂ ਹੈ। ਥਾਂ ਬਿਨਾਂ ਹੈ। ਦੰਗੇ ਅਥਵਾ ਲੜਾਈ ਬਿਨਾਂ ਹੈ। (ਨੰਗ) ਲੁੱਚਪਨ ਬਿਨਾਂ ਹੈ॥੧੨॥੫੯॥

**ਅਪਾਰਸਚ॥ ਅਫਾਰਸਚ॥ ਅਬੇ ਅਸਤੁ॥ ਅਭੇ ਅਸਤੁ॥੧੩॥੬੦॥**

***ਭਾਵਾਰਥ:–*** ਅੰਤ ਰਹਿਤ ਹੈ। (ਫਾਰ) ਫਾਂਕ ਰਹਿਤ ਹੈ। ਅਵਿਨਾਸੀ ਹੈ। ਅਭੇਦ ਹੈ॥੧੩॥੬੦॥

**ਅਮਾਨਸਚ॥ ਅਹਾਨਸਚ॥ ਅੜੰਗਸਚ॥ ਅਤ੍ਰੰਗਸ ॥੧੪॥੬੧॥**

***ਭਾਵਾਰਥ:–*** ਮਾਨ ਰਹਿਤ ਹੈ। ਨਾਸ ਰਹਿਤ ਹੈ। (ਅੜੰਗ) ਵਿਆਪਕ ਹੈ। ਤਰੰਗ ਭਾਵ ਲਹਿਰ ਰਹਿਤ ਹੈ॥੧੪॥੬੧॥

**ਅਰਾਮਸਚ॥ ਅਲਾਮਸਚ॥ ਅਜੋਧਸਚ॥ ਅਵੋਜਸਚ॥੧੫॥੬੨॥**

***ਭਾਵਾਰਥ:–*** ਜੋ ਬਹਿਸ਼ਤ ਭਾਵ ਸਵਰਗ ਹੈ। (ਅਲਾਮ) ਬਹੁਤ ਜਾਨਣ ਵਾਲਾ ਹੈ। ਜੀਹਦੇ ਬਰਾਬਰ ਦਾ ਕੋਈ ਯੋਧਾ ਨਹੀਂ ਹੈ। ਜੀਹਦੇ ਬਰਾਬਰ ਕਿਸੇ ਦਾ ਜ਼ੋਰ ਨਹੀਂ ਹੈ॥੧੫॥੬੨॥

**ਪਸਚਮੀ॥**

**ਅਸੇਅਸਤੁ॥ ਅਭੇਅਸਤੁ॥ ਆ ਅੰਗਸਤੁ॥ ਇਅੰਗਸਤੁ॥੧੬॥੬੩॥**

***ਭਾਵਾਰਥ:–*** ਜੋ ਕਿਸੇ ਤੋਂ ਸੇਵਨ ਨਹੀਂ ਕੀਤਾ ਜਾ ਸਕਦਾ ਹੈ। ਅਭੇਦ ਹੈ। (ਆ) ਸਰਵ ਓਰ ਤੇ ਅੰਗ ਮਈ ਹੈ। ਇਹ (ਅੰਗ) ਸਰੀਰ ਰੂਪ ਹੀ ਹੈ॥੧੬॥੬੩॥

**ਉਕਾਰਸਤੁ॥ ਅਕਾਰਸਤੁ॥ ਅਖੰਡਸਤੁ॥ ਅਡੰਗਸਤੁ॥੧੭॥੬੪॥**

***ਭਾਵਾਰਥ:–*** ਊੜਾ (ਓਅੰ) ਹੈ। (ਅਕਾਰ) ਐੜਾ (ਬ੍ਰਹਮਾ) ਹੈ। ਅਖੰਡ ਹੈ। ਜੋ ਡੰਗਿਆ ਨਹੀਂ ਜਾ ਸਕਦਾ ਹੈ॥੧੭॥੬੪॥

**ਕਿ ਅਤਾਪਹਿ॥ ਕਿ ਅਤਾਪਹਿ[੧]॥ ਕਿ ਅਦੰਗਹਿ॥ ਕਿ ਅਨੰਗਹਿ॥੧੮॥੬੫॥**

***ਭਾਵਾਰਥ:–*** ਜੋ ਤਾਪ ਰਹਿਤ ਪੁਰਸ਼ ਹੈ। ਜੋ ਥਾਪਣ ਤੋਂ ਬਿਨਾਂ ਪੁਰਸ਼ ਹੈ। ਜੋ ਦੰਗੇ ਰਹਿਤ ਪੁਰਸ਼ ਹੈ। ਜੋ ਸਰੀਰ ਰਹਿਤ ਪੁਰਸ਼ ਹੈ॥੧੮॥੬੫॥

**ਕਿ ਅਤਾਪਹਿ॥ ਕਿ ਅਥਾਪਹਿ[੧]॥ ਕਿ ਅਨੀਲਹਿ॥ ਕਿ ਸੁ ਨੀਲਹਿ॥੧੯॥੬੬॥**

***ਭਾਵਾਰਥ:–*** ਜੋ ਤਾਪ ਬਿਨਾਂ ਮਨੁੱਖ ਹੈ। ਜੋ ਮਨੁੱਖ ਥਾਪਣ ਤੋਂ ਬਿਨਾਂ ਹੈ। ਜੋ (ਨੀਲ) ਸਿਆਮ ਰੰਗ ਤੋਂ ਬਿਨਾਂ ਪੁਰਸ਼ ਹੈ। ਜੋ ਸਿਆਮ (ਸੁ) ਸੁੰਦਰ ਪੁਰਸ਼ ਹੈ॥੧੯॥੬੬॥

**ਅਰਧ ਨਰਾਜ ਛੰਦ॥ ਤ੍ਵ ਪ੍ਰਸਾਦਿ॥**

**ਸਜਸਤੁਯੰ॥ ਧਜਸਤੁਯੰ॥ ਅਲਸਤੁਯੰ॥ ਇਕਸਤੁਯੰ॥੧॥੬੭॥**

***ਭਾਵਾਰਥ:–*** ਤੂੰ ਸਜਦਾ ਹੈਂ। ਤੂੰ ਧਜਾ (ਝੰਡਾ) ਰੂਪ ਭਾਵ ਉੱਚਾ ਹੈਂ। ਤੂੰ (ਅਲਸ) ਕਮਜ਼ੋਰ ਨਹੀਂ ਹੈਂ। ਤੂੰ ਇਕੱਲਾ ਹੈਂ॥੧॥੬੭॥

**ਜਲਸਤੁਯੰ॥ ਥਲਸਤੁਯੰ॥ ਪੁਰਸਤੁਯੰ॥ ਬਨਸਤੁਯੰ॥੨॥੬੮॥**

***ਭਾਵਾਰਥ:–*** ਤੂੰ ਹੀ ਜਲ ਵਿੱਚ ਹੈਂ। ਤੂੰ ਹੀ ਥਲ ਵਿੱਚ ਹੈਂ। ਤੂੰ ਹੀ ਨਗਰ ਵਿੱਚ ਹੈਂ। ਤੂੰ ਹੀ ਜੰਗਲ ਵਿੱਚ ਹੈਂ॥੨॥੬੮॥

**ਗੁਰਸਤੁਯੰ॥ ਗੁਫਸਤੁਯੰ॥ ਨਿਰਸਤੁਯੰ॥ ਨਿਦਸਤੁਯੰ॥੩॥੬੯॥**

---

[੧] ਇਹ ਦੋਵੇਂ ਤੁਕਾਂ ਦੋਹੀਂ ਥਾਂਈਂ ੧੮॥੬੫ ਅਤੇ ੧੯॥੬੬ ਵਿੱਚ ਇੱਕੋ ਰੂਪ ਵਿੱਚ ਹੋਣ ਤੋਂ ਹੀ ਸ਼ੱਕ ਪੈਦਾ ਕਰਦੀਆਂ ਹਨ।

***ਭਾਵਾਰਥ:-*** ਤੂੰ ਹੀ ਭਾਰੀ (ਗੁਰਸ) ਪਹਾੜ ਹੈਂ। ਤੂੰ ਹੀ (ਗੁਫਾ) ਕੰਦਰਾ ਹੈਂ। ਤੂੰ ਹੀ (ਨਿਰਸ) ਵੈਰਾਗੀ ਹੈਂ। ਤੂੰ ਹੀ (ਦਸ) ਪਤੇ ਤੋਂ ਰਹਿਤ ਹੈਂ॥੩॥੬੯॥

**ਰਵਿਸਤੁਯੰ॥ ਸਸਿਸਤੁਯੰ॥ ਰਜਸਤੁਯੰ॥ ਤਮਸਤੁਯੰ॥੪॥੭੦॥**

***ਭਾਵਾਰਥ:-*** ਤੂੰ ਹੀ ਸੂਰਜ ਹੈਂ। ਤੂੰ ਹੀ ਚੰਦ ਹੈਂ। ਤੂੰ ਹੀ ਰਜੋਗੁਣ ਹੈਂ। ਤੂੰ ਹੀ ਤਮੋਗੁਣ ਹੈਂ॥੪॥੭੦॥॥

**ਧਨਸਤੁਯੰ॥ ਮਨਸਤੁਯੰ॥ ਬ੍ਰਿਛਸਤੁਯੰ॥ ਬਨਸਤੁਯੰ॥੫॥੭੧॥**

***ਭਾਵਾਰਥ:-*** ਤੂੰ ਹੀ ਧਨ (ਦ੍ਰਵਜ) ਹੈਂ। ਤੂੰ ਹੀ ਮਨ ਹੈਂ। ਤੂੰ ਹੀ ਰੁੱਖ ਹੈ। ਤੂੰ ਹੀ (ਬਨ) ਪਾਣੀ ਹੈਂ॥੫॥੭੧॥

**ਮਤਸਤੁਯੰ॥ ਗਤਸਤੁਯੰ॥ ਬ੍ਰਤਸਤੁਯੰ॥ ਚਿਤਸਤੁਯੰ॥੬॥੭੨॥[1]**

***ਭਾਵਾਰਥ:-*** ਤੂੰ ਹੀ ਬੁੱਧੀ ਹੈਂ। ਤੂੰ ਹੀ ਮੁਕਤ ਹੈਂ। ਤੂੰ ਹੀ (ਬ੍ਰਤ) ਧਰਮ (ਉਪਵਾਸ) ਹੈਂ। ਤੂੰ ਹੀ (ਚਿਤ) ਚੇਤਨ ਹੈਂ॥੬॥੭੨॥

**ਪਿਤਸਤੁਯੰ॥ ਸੁਤਸਤੁਯੰ॥ ਮਤਸਤੁਯੰ॥ ਗਤਸਤੁਯੰ॥੭॥੭੩॥[1]**

***ਭਾਵਾਰਥ:-*** ਤੂੰ ਹੀ ਪਿਤਾ ਹੈਂ। ਤੂੰ ਹੀ ਪੁੱਤਰ ਹੈਂ। ਤੂੰ ਹੀ ਮੱਤ (ਵਿਚਾਰ, ਧਰਮ) ਹੈਂ। ਤੂੰ ਹੀ ਮੁਕਤ ਹੈਂ॥੭॥੭੩॥

**ਨਰਸਤੁਯੰ॥ ਤ੍ਰਿਯਸਤੁਯੰ॥ ਪਿਤਸਤੁਯੰ॥ ਬ੍ਰਿਧਸਤੁਯੰ॥੮॥੭੪॥**

***ਭਾਵਾਰਥ:-*** ਤੂੰ ਹੀ ਨਰ ਹੈਂ। ਤੂੰ ਹੀ ਇਸਤਰੀ ਹੈਂ। ਤੂੰ ਹੀ ਪਿਤਾ ਹੈਂ। ਤੂੰ ਬਿਰਧ ਭਾਵ ਦਾਦਾ, ਪਿਤਾਮਹ ਹੈਂ॥੮॥੭੪॥

**ਹਰਸਤੁਯੰ॥ ਕਰਸਤੁਯੰ॥ ਛਲਸਤੁਯੰ॥ ਬਲਸਤੁਯੰ॥੯॥੭੫॥**

***ਭਾਵਾਰਥ:-*** ਤੂੰ ਹੀ (ਹਰਸ) ਮੌਤ ਹੈਂ। ਤੂੰ ਹੀ (ਕਰਸ) ਪੈਦਾਇਸ਼ ਹੈਂ। ਤੂੰ ਹੀ ਛਲ ਹੈਂ। ਤੂੰ ਹੀ ਬਲ ਹੈਂ॥੯॥੭੫॥

**ਉਡਸਤੁਯੰ॥ ਪੁਡਸਤੁਯੰ॥ ਗਡਸਤੁਯੰ॥ ਦਧਸਤੁਯੰ॥੧੦॥੭੬॥**

***ਭਾਵਾਰਥ:-*** ਤੂੰ ਹੀ ਤੂੰ ਹੀ (ਉਡਸ ਪੁਡਸ) ਉਡ ਪੁਡ ਜਾਣ ਵਾਲਾ ਹੈਂ। ਤੂੰ ਹੀ (ਗਡਸ) ਗੜ੍ਹਾ ਭਾਵ ਟੋਆ ਹੈਂ। ਤੂੰ ਹੀ (ਦਧਸ) ਦਧਿ ਜਾਂ ਸਾਗਰ (ਸਾੜਨ ਵਾਲੀ ਅੱਗ) ਹੈਂ॥੧੦॥੭੬॥

**ਰਵਸਤੁਯੰ॥ ਛਪਸਤੁਯੰ॥ ਗਰਬਸਤੁਯੰ॥ ਦ੍ਰਬਸਤੁਯੰ॥੧੧॥੭੭॥**

---

[1] ਇਹ ਦੋਵੇਂ ਤੁਕਾਂ ਛੰਦਾਂਕ ੬॥੭੨ ਅਤੇ ੭॥੭੩ ਵਿੱਚ ਇੱਕੋ ਜਿਹੀਆਂ ਹੋਣ ਤੋਂ ਹੀ ਸ਼ੰਕਾ ਉਪਜਦੀ ਹੈ ਕਿ ਇਹ ਦੋਸ਼ ਲਿਖਾਰੀ ਦਾ ਹੈ।

***ਭਾਵਾਰਥ:-*** ਤੂੰ ਹੀ (ਰਵਿ) ਸੂਰਜ ਹੈਂ (ਰਵਸ- ਤੁਰਨ ਵਾਲਾ, ਰੀਤਿ, ਰੌਂਸ)। ਤੂੰ ਹੀ (ਛਪਸ) ਛਪਾਕਰ (ਚੰਦ) ਹੈਂ (ਛਪਾ- ਚਾਨਣੀ, ਛਿਪਣ ਵਾਲਾ)। ਤੂੰ ਹੀ (ਗਰਬ) ਅਹੰਕਾਰ ਹੈਂ। ਤੂੰ ਹੀ ਦ੍ਰਵਜ (ਧਨ) ਹੈਂ॥੧੧॥੭੭॥

**ਜਯਸਤੁਯੰ॥ ਖਯਸਤੁਯੰ॥ ਪਯਸਤੁਯੰ॥ ਤ੍ਰਿਯਸਤੁਯੰ॥੧੨॥੭੮॥**

***ਭਾਵਾਰਥ:-*** ਤੂੰ ਹੀ ਜੈ (ਜਿੱਤ, ਨਮਸਕਾਰ) ਹੈਂ। ਤੂੰ ਹੀ (ਖਯ) ਨਾਸ ਹੈਂ। ਤੂੰ ਹੀ (ਪਯ) ਦੁੱਧ ਹੈਂ। ਤੂੰ ਹੀ (ਤ੍ਰਿਯ) ਇਸਤਰੀ ਹੈਂ॥੧੨॥੭੮॥

**ਨਰਾਜ ਛੰਦ॥ ਤ੍ਵ ਪ੍ਰਸਾਦਿ॥**

**ਚਕੰਤ ਚਾਰ ਚੰਦ੍ਰਕਾ॥ ਸੁਭੰਤ ਰਾਜ ਸੁ ਪ੍ਰਭਾ॥**

**ਦਵੰਤ ਦੁਸ੍ਰ ਮੰਡਲੀ॥ ਸੁਭੰਤ ਰਾਜ ਸੁ ਥਲੀ॥੧॥੭੯॥**

***ਭਾਵਾਰਥ:-*** (ਚਾਰ) ਸੋਹਣੀ (ਚੰਦ੍ਰਕਾ) ਚਾਨਣੀ ਵੀ (ਚਕੰਤ) ਹੈਰਾਨ ਹੁੰਦੀ ਹੈ। (ਐਹੋ ਜਿਹੀ) ਰਾਜ ਦੀ ਸੋਭਾ ਸੋਭ ਰਹੀ ਹੈ। ਦੁਸਟ-ਮੰਡਲੀ (ਦਵੰਤ) ਸੜਦੀ ਹੈ। (ਰਾਜ ਸੁ ਥਲੀ) ਰਾਜਧਾਨੀ ਸੋਹਣੀ ਲੱਗਦੀ ਹੈ॥੧॥੭੯॥

**ਚਲੰਤ ਚੰਡ ਮੰਡਕਾ॥ ਅਖੰਡ ਖੰਡ ਦੁ ਪਲਾ॥**

**ਖਿਵੰਤ ਬਿਜੁ ਜ੍ਵਾਲਕਾ॥ ਅਨੰਤ ਗੱਦਿ ਬਿਦੱਸਾ॥੨॥੮੦॥**

***ਭਾਵਾਰਥ:-*** (ਚੰਡ) ਪ੍ਰਭਾਵਸ਼ਾਲੀ (ਮੰਡਕਾ) ਮੰਡਲਿਕਾ ਜਾਂ ਮੰਡਲੀ ਜਾਂ ਫ਼ੌਜ (ਚਲੰਤ) ਤੁਰਦੀ-ਫਿਰਦੀ ਜਾਂ ਚਲਾਇਮਾਨ ਹੁੰਦੀ ਹੈ। ਦੋਹਾਂ ਪਲਾਂ ਵਿੱਚ ਹੀ (ਅਖੰਡ) ਯੋਧਿਆਂ ਨੂੰ (ਖੰਡ) ਮਾਰ ਦੇਂਦਾ ਹੈ। ਬਿਜਲੀ ਦੀ (ਜ੍ਵਾਲਕਾ) ਲਾਟ ਵਾਂਗ (ਅਨੰਤ) ਬਹੁਤ ਤਰ੍ਹਾਂ ਨਾਲ (ਗੱਦਿ) ਗਦਾ (ਦਿਸ਼ਾਂ) ਵਿਦਿਸ਼ਾਂ ਵਿੱਚ (ਖਿਵੰਤ) ਚਮਕਦੀ ਹੈ॥੨॥੮੦॥

**ਲਸੰਤ ਭਾਵ ਉੱਜਲੰ॥ ਦਲੰਤ ਦੁੱਖ ਦੁੱਦਲੰ॥**

**ਪਵੰਗ ਪਾਤ ਸੋਹੀਯੰ॥ ਸਮੁੰਦ੍ਰ ਬਾਜਿ ਲੋਹੀਯੰ॥੩॥੮੧॥**

***ਭਾਵਾਰਥ:-*** (ਉੱਜਲੰ) ਨਿਰਮਲ ਪ੍ਰਭਾਵ (ਲਸੰਤ) ਪ੍ਰਕਾਸ਼ਦਾ ਹੈ। (ਦੁੱਦਲੰ) ਭਾਰੀ ਦੁੱਖ ਦਲ ਦੇਂਦਾ ਹੈ। (ਪਵੰਗ) ਘੋੜਿਆਂ ਦੀ (ਪਾਤਿ) ਕਤਾਰ ਸੋਹੰਦੀ ਹੈ। ਸਮੁੰਦਰੀ ਘੋੜੇ ਵੀ ਵੇਖ ਕੇ (ਲੋਹਿਯੰ) ਸੜਦੇ ਭਾਵ ਈਰਖਾ ਕਰਦੇ ਹਨ॥੩॥੮੧॥

**ਨਿਨੰਦ ਗੇਂਦ ਬ੍ਰਿੱਦਯੰ॥ ਅਖੇਦ ਨਾਦ ਦੁੱਧਰੰ॥**

**ਅਠੱਟ ਬੱਟ ਬੱਟਕੰ॥ ਅਘੱਟ ਨੱਟ ਸੁੱਖਲੰ॥੪॥੮੨॥**

***ਭਾਵਾਰਥ:-*** (ਬ੍ਰਿੱਦਯੰ) ਸਮੂਹ ਗੇਂਦ ਅਥਵਾ ਗੋਲਾ ਕਾਰ ਜਾਂ ਬ੍ਰਹਮਾਂਡ ਜਾਂ ਅਨਿੰਦਨੀਯ ਹਨ। (ਦੁੱਧਰੰ) ਦੁਰਧਰਸ਼ ਭਾਵ ਦਬਾਉ ਵਾਲਾ ਜਾਂ ਭਿਆਨਕ (ਨਾਦ) ਹੁਕਮ ਜਾਂ ਭਾਣਾ (ਅਖੇਦ) ਪਰਮੇਸ਼ਰ

ਦਾ ਮੇਟਿਆ ਨਹੀਂ ਜਾ ਸਕਦਾ। (ਅਠੱਟ) ਨਾ ਘੜੇ ਜਾਣ ਵਾਲੇ (ਬੱਟ) ਵੱਟੇ (ਬੱਟਕੰ) ਬਣਾਉਣ ਵਾਲਾ ਹੈ। (ਕਾਲ) (ਅਘੱਟ) ਨਾ ਘੜਨ ਯੋਗ ਅਤੇ (ਸੁੱਖਲੰ) ਸੁਖਾਲਾ ਨੱਟ ਹੈ॥੪॥੯੨॥

**ਅਖੁੱਟ ਤੁੱਟ ਦਿੱਬਕੰ॥ ਅਜੁੱਟ ਛੁੱਟ ਸੁੱਛਕੰ॥**
**ਅਘੁੱਟ ਤੁੱਟ ਆਸਨੰ॥ ਅਲੇਖ ਅਭੇਖ ਨਾਸਨੰ॥੫॥੯੩॥**

***ਭਾਵਾਰਥ:–*** ਅਖੁੱਟ ਅਤੇ ਅਤੁੱਟ (ਦਿਬਕੰ) ਦ੍ਰਵ ਭਾਵ ਧਨ ਵਾਲਾ ਹੈ। ਬੇਜੋੜ (ਅਤੁੱਲ) (ਸੁ) ਸੋਭਾ ਨਾਲ (ਛੁੱਟ) ਖੁੱਲ੍ਹਾ (ਬਹੁਤ) (ਛਕੰ) ਸਜਿਆ ਹੋਇਆ ਹੈ। (ਅਘੁੱਟ) ਖੁੱਲ੍ਹਾ ਅਤੇ ਅਤੁੱਟ (ਅਭੱਜ) ਆਸਣ (ਸਿੰਘਾਸਨ) ਹੈ। ਲੇਖ ਰਹਿਤ ਅਤੇ ਭੇਖ (ਨਾਸਨੰ) ਰਹਿਤ ਹੈ॥੫॥੯੩॥

**ਸੁਭੰਤ ਦੰਤ ਪਦੁਕੰ[੧]॥ ਜਲੰਤ ਸਜਾਮ ਸੁਘਟੰ॥**
**ਸੁਭੰਤ ਛੁਦ੍ਰਘੰਟਿਕਾ॥ ਜਲੰਤ[੨] ਭਾਰਕੱਛਟਾ॥੬॥੯੪॥**

***ਭਾਵਾਰਥ:–*** ਦੰਦਾਂ ਦੀ (ਪਦੁਕੰ) ਪੱਤਕੰ ਜਾਂ ਕਤਾਰ ਸੋਹੰਦੀ ਹੈ। ਜਿਵੇਂ (ਸਯਾਮ) ਕਾਲੀ ਘਟਾ ਵਿੱਚ ਬਿਜਲੀ (ਜਲੰਤ) ਚਮਕਦੀ ਹੈ। (ਛੁਦ੍ਰ ਘੰਟਿਕਾ) ਤੜਾਗੀ ਸੋਹੰਦੀ ਹੈ, (ਜਿਵੇਂ) (ਭਾਰਕਛੱਟਾ) ਸੂਰਜ ਦੀਆਂ ਕਿਰਨਾਂ ਦੀ ਸੋਭਾ (ਜਲੰਤ) ਪ੍ਰਕਾਸ਼ਦੀ ਹੈ॥੬॥੯੪॥

**ਸਿਰੀ ਸੁ ਸੀਸ ਸੁੱਭਿਯੰ॥ ਘਟਾ ਕਬਾਨ ਉੱਭਿਯੰ॥**
**ਸੁਭੰਤ ਸੀਸ ਸਿੰਧੁਰੰ॥ ਜਲੰਤ ਸਿੰਧੁਰੀ ਨਰੰ[੩]॥੭॥੯੫॥**

***ਭਾਵਾਰਥ:–*** ਸਿਰ ਤੇ (ਸਿਰੀ) ਕਲਗੀ ਸੋਹੰਦੀ ਹੈ। ਘਟਾ ਕਮਾਨ (ਇੰਦਰ ਧਨੁਸ਼ ਵਾਂਗ ਰੰਗ ਬਿਰੰਗੀ, ਸੱਤ ਰੰਗੀ, ਟੇਢੀ) (ਉੱਭਿਯੰ) ਖੜ੍ਹੀ ਹੈ। ਸਿਰ ਤੇ (ਸਿਧਰੰ) ਸੰਧੂਰ ਦਾ ਤਿਲਕ ਸੋਹੰਦਾ ਹੈ। (ਸਿੰਧੂਰੀ ਨਰੰ) ਸਮੁੰਦਰ ਦੇ ਬੰਦੇ, ਚੰਦ, ਧਨੰਤਰ, ਜਲੰਧਰ ਦੈਂਤ, ਵਿਸ਼ਨੂੰ, ਉੱਚੈਸ਼੍ਰਵਾ ਘੋੜਾ, ਆਦਿਕ ਵੀ ਸੜਦੇ ਹਨ॥੭॥੯੫॥

**ਚਲੰਤ ਦੰਤ ਪਤਕੰ॥ ਭਜੰਤ ਦੇਖਿ ਦੁੱਦਲੰ॥**
**ਤਜੰਤ ਸਸਤ੍ਰ ਅਸਤ੍ਰਕੰ॥ ਚਲੰਤ ਚੱਕ੍ਰ ਚਉਦਿਸੰ॥੮॥੯੬॥**

***ਭਾਵਾਰਥ:–*** ਦੰਦਾਂ ਦੀ ਕਤਾਰ (ਚਲੰਤ) ਹਿੱਲਦੀ ਹੈ। (ਦੁ) ਭਿਆਨਕ (ਕਠੋਰ) ਦਲ ਵੀ ਵੇਖ ਕੇ ਭੱਜਦੇ ਹਨ। ਸ਼ਸ਼ਤਰ ਅਸਤਰਾਂ ਨੂੰ (ਤਜੰਤ) ਚਲਾਉਂਦਾ ਹੈ। (ਸ਼ਸਤਰਾਂ ਅਸਤਰਾਂ ਦਾ) ਚਹੁੰ ਪਾਸੀਂ ਚਕ੍ਰ ਚਲਦਾ ਹੈ ॥੮॥੯੬॥

---

[੧] ਸ. ਬ. ਕਾਨ੍ਹ ਸਿੰਘ ਜੀ ਨੇ ਲਿਖਿਆ ਹੈ ਕਿ 'ਇਹ ਅੰਞਾਣ ਲਿਖਾਰੀ ਦਾ ਲਿਖਿਆ ਪਾਠ ਹੈ', ਸ਼ੁੱਧ ਪਾਠ ਪੱਤਕੰ ਹੈ, ਦੇਖੋ ਪੱਤਕ (ਮਹਾਨ ਕੋਸ਼ ਦੂਜੀ ਐਡੀਸ਼ਨ, ਸਫ਼ਾ ੫੫੬, ਕਾਲਮ ੧)

[੨] ਮਹਾਨ ਕੋਸ਼ ਵਿੱਚ 'ਜਲੰਤ' ਦੀ ਥਾਂ 'ਲਜੰਤ' ਪਾਠ ਹੈ (ਵੇਖੋ ਦੂਜੀ ਐਡੀਸ਼ਨ ਸਫ਼ਾ ੬੯੪, ਕਾਲਮ ੪)। ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਜੀ ਵਾਲੀਆਂ ਸੈਂਚੀਆਂ ਵਿੱਚ 'ਜਲੰਤ' ਪਾਠ ਹੈ, ਵੇਖੋ ਸਫ਼ਾ ੧੩੫।

[੩] ਮਹਾਨ ਕੋਸ਼ ਵਿੱਚ 'ਲਜੰਤ ਸਿੰਧੁਰੀ ਨਰੰ' ਪਾਠ ਹੈ, ਵੇਖੋ ਦੂਜੀ ਐਡੀਸ਼ਨ ਸਫਾ ੧੪੭।

**ਅਗੰਮ ਤੇਜ ਸੋਭੀਯੰ॥ ਰਿਖੀਸ ਈਸ ਲੋਭੀਯੰ॥**
**ਅਨੇਕ ਬਾਰ ਧਜਾਵਹੀ॥ ਨ ਤਤ੍ਰ ਪਾਰ ਪਾਵਹੀ॥੯॥੮੭॥**

***ਭਾਵਾਰਥ:–*** ਗਮਜਤਾ ਰਹਿਤ ਪ੍ਰਭਾਵ ਸੋਹੰਦਾ ਹੈ। ਮਹਾਂ ਰਿਸ਼ੀ ਅਤੇ (ਈਸ) ਸ਼ਿਵ ਵੀ ਲੁਭਾਇਮਾਨ ਹੁੰਦੇ ਹਨ। ਅਨੇਕਾਂ ਵਾਰ ਸਿਮਰਦੇ ਹਨ। ਤਾਂ ਵੀ ਪਾਰ ਨਹੀਂ ਪਾਉਂਦੇ॥੯॥੮੭॥

**ਅਧੋ ਸੁ ਧੂਮ ਧੂਮ ਹੀ॥ ਅਘੂਰ ਨੇਤ੍ਰ ਘੂਮ ਹੀ॥**
**ਸੁ ਪੰਚ ਅਗਨਿ ਸਾਧੀਯੰ॥ ਨ ਤਾਮ ਪਾਰ ਲਾਧੀਯੰ॥੧੦॥੮੮॥**

***ਭਾਵਾਰਥ:–*** (ਅਧੋ) ਉਲਟੇ ਲਟਕ (ਧੂਮ) ਧੂੰਏਂ (ਧੂਮ ਹੀ) ਤਪਦੇ ਹਨ। (ਅਘੂਰ) ਮਹਾਨ ਘੋਰ ਲਾਲ ਅੱਖਾਂ ਜਾਂ ਅਮਲ ਨਾਲ ਲਾਲ ਹੋਏ ਨੇਤਰਾਂ ਨਾਲ ਫਿਰਦੇ ਹਨ। ਪੰਚਾਗਨਿ (ਧੂਣੀਆਂ) ਸਾਧਦੇ ਹਨ। (ਤਾਮ) ਤਾਂ ਵੀ ਪਾਰ ਨਹੀਂ (ਲਾਧਿਯੰ) ਲੱਭਾ॥੧੦॥੮੮॥

**ਨਿਵਲਿ ਆਦਿ ਕਰਮਣੰ॥ ਅਨੰਤ ਦਾਨ ਧਰਮਣੰ॥**
**ਅਨੰਤ ਤੀਰਥ ਬਾਸਨੰ॥ ਨ ਏਕ ਨਾਮ ਕੇ ਸਮੰ॥੧੧॥੮੯॥**

***ਭਾਵਾਰਥ:–*** ਨਿਉਲੀ ਆਦਿਕ ਕਰਮ। ਧਰਮ ਵਾਸਤੇ ਬੇਅੰਤ ਦਾਨ ਅਤੇ ਅਨੇਕ ਤੀਰਥਾਂ ਦਾ ਨਿਵਾਸ ਵੀ ਇਕ ਨਾਮ (ਸਿਮਰਨ) ਦੇ ਬਰਾਬਰ ਨਹੀਂ॥੧੧॥੮੯॥

**ਅਨੰਤ ਜਗਤ ਕਰਮਣੰ॥ ਗਜਾਦਿ ਆਦਿ ਧਰਮਣੰ॥**
**ਅਨੇਕ ਦੇਸ ਭਰਮਣੰ॥ ਨ ਏਕ ਨਾਮ ਕੇ ਸਮੰ॥੧੨॥੯੦॥**

***ਭਾਵਾਰਥ:–*** ਯੱਗ ਰੂਪ ਅਨੇਕ ਕਰਮ। (ਗਜਾਦਿ ਆਦਿ) ਇਹ ਹਾਥੀ ਦਾਨ ਅਥਵਾ ਗਜਾਮੇਧ ਯੱਗ ਆਦਿਕ ਧਰਮ ਅਤੇ ਅਨੇਕਾਂ ਦੇਸ਼ਾਂ ਦਾ ਫਿਰਨ ਵੀ ਇੱਕ ਨਾਮ (ਸਿਮਰਨ) ਦੇ ਬਰਾਬਰ ਨਹੀਂ॥੧੨॥੯੦॥

**ਇਕੰਤ ਕੁੰਟ ਬਾਸਨੰ॥ ਭ੍ਰਮੰਤ ਕੋਟਕੰ ਬਨੰ॥**
**ਉਚਾਟਨਾਦਿ ਕਰਮਣੰ॥ ਅਨੇਕ ਉਦਾਸ ਭਰਮਣੰ॥੧੩॥੯੧॥**

***ਭਾਵਾਰਥ:–*** ਪਹਾੜ ਦੀ (ਕੁੰਟ) ਕੁੰਦਰਾ ਵਿੱਚ ਇਕਾਂਤ ਨਿਵਾਸ। ਕਰੋੜਾਂ ਜੰਗਲਾਂ ਵਿੱਚ ਫਿਰਣੇ, ਉੱਚਾਟਨ ਆਦਿਕ ਕਰਮ ਨਾਲ ਉਦਾਸ ਹੋ ਕੇ ਅਨੇਕ ਥਾਂ ਫਿਰਨਾ॥੧੩॥੯੧॥

**ਅਨੇਕ ਭੇਖ ਆਸਨੰ॥ ਕਰੋਰ ਕੋਟਕੰ ਬ੍ਰਤੰ॥**
**ਦਿਸਾ ਦਿਸਾ ਭ੍ਰਮੇਸਨੰ॥ ਅਨੇਕ ਭੇਖ ਪੇਖਨੰ॥੧੪॥੯੨॥**

***ਭਾਵਾਰਥ:–*** ਬੇਅੰਤ (ਭੇਖ ਆਸਨੰ) ਮਜ਼ਹਬਾਂ ਦੇ ਸਥਾਨ। ਕਰੋੜਾਂ ਦਰ ਕਰੋੜਾਂ (ਬ੍ਰਤੰ) ਉਪਵਾਸ। ਅਨੇਕਾਂ ਦਿਸ਼ਾਵਾਂ ਦਾ ਫਿਰਨਾ, ਅਨੇਕ (ਭੇਖ) ਪੰਥਾਂ ਨੂੰ ਵੇਖਣਾ॥੧੪॥੯੨॥

**ਕਰੋਰ ਕੋਟ ਦਾਨਕੰ॥ ਅਨੇਕ ਜਗਤ ਕ੍ਰਤੱਬਜੰ॥**

**ਸਨਜਾਸ ਆਦਿ ਧਰਮਣੰ॥ ਉਦਾਸ ਨਾਮ ਕਰਮਣੰ॥੧੫॥੯੩॥**

***ਭਾਵਾਰਥ:–*** ਕਰੋੜਾਂ ਦਰ ਕਰੋੜਾਂ ਦਾਨ ਕਰਨੇ, ਅਨੇਕ ਯੱਗ (ਕ੍ਰਤੱਬਯੰ) ਕਰਨੇ, (ਸਨਿਆਸ) ਤਿਆਗ ਆਦਿਕ ਧਰਮ ਅਤੇ ਉਦਾਸ ਨਾਮ ਦੇ ਕਰਮ ਕਰਨੇ॥੧੫॥੯੩॥

**ਅਨੇਕ ਪਾਠ ਪਾਠਨੰ॥ ਅਨੰਤ ਠਾਟ ਠਾਟਨੰ॥**
**ਨ ਏਕ ਨਾਮ ਕੇ ਸਮੰ[੧]॥ ਸਮੱਸਤ ਸ੍ਰਿਸ੍ਰਿ ਕੇ ਭ੍ਰਮੰ॥੧੬॥੯੪॥**

***ਭਾਵਾਰਥ:–*** ਅਨੇਕਾਂ ਪਾਠਯ-ਪੁਸਤਕ ਪੜ੍ਹਨੇ। ਅਨੇਕਾਂ (ਠਾਟ) ਅਡੰਬਰ ਕਰਨੇ ਅਤੇ ਸਾਰੀ ਸ੍ਰਿਸ਼ਟੀ ਦੇ (ਭ੍ਰਮੰ) ਫਿਰਨ ਆਦਿਕ ਕਰਮ ਵੀ ਇੱਕ ਨਾਮ (ਸਿਮਰਨ) ਦੇ ਬਰਾਬਰ ਨਹੀਂ ਹਨ॥੧੬॥੯੪॥

**ਜਗਾਦਿਆਦਿ ਧਰਮਣੰ॥ ਬੈਰਾਗ ਆਦਿ ਕਰਮਣੰ॥**
**ਦਯਾਦਿ ਆਦਿ ਕਾਮਣੰ॥ ਅਨਾਦਿ ਸੰਜਮੰ ਬ੍ਰਿਦੰ॥੧੭॥੯੫॥**

***ਭਾਵਾਰਥ:–*** ਯੱਗ, ਇਤਿਆਦਿ ਧਰਮ, ਵੈਰਾਗ ਆਦਿ ਕਰਮ, ਦਇਆ ਇਤਿਆਦਿਕ (ਕਾਮਣੰ) ਕਾਮਨਾਵਾਂ (ਇੱਛਾਵਾਂ), (ਬ੍ਰਿਦੰ- ਵ੍ਰਿਦੰ) ਸਭ ਅੰਨ ਆਦਿਕ (ਪਦਾਰਥਾਂ) ਦਾ ਸੰਜਮ॥੧੭॥੯੫॥

**ਅਨੇਕ ਦੇਸ ਭਰਮਣੰ॥ ਕਰੋਰ ਦਾਨ ਸੰਜਮੰ॥**
**ਅਨੇਕ ਗੀਤ ਗਜਾਨਨੰ॥ ਅਨੰਤ ਗਜਾਨ ਧਜਾਨਨੰ॥੧੮॥੯੬॥**

***ਭਾਵਾਰਥ:–*** ਬੇਅੰਤ ਦੇਸ਼ਾਂ ਵਿੱਚ ਫਿਰਨਾ। ਕਰੋੜਾਂ ਦਾਨ ਰੂਪ (ਸੰਜਮੰ) ਧਰਮ ਕਰਨਾ, ਅਨੇਕ (ਗੀਤ) ਸੰਗੀਤ-ਸ਼ਾਸਤਰਾਂ ਦਾ ਗਿਆਨ। ਬੇਅੰਤ ਧਿਆਨਾਂ ਨੂੰ ਜਾਨਣਾ॥੧੮॥੯੬॥

**ਅਨੰਤ ਗਜਾਨ ਸੁੱਤਮੰ॥ ਅਨੇਕ ਕ੍ਰਿਤ ਸੁਬ੍ਰਿਤੰ॥**
**ਬਿਆਸ ਨਾਰਦ ਆਦਿਕੰ॥ ਸੁ ਬ੍ਰਹਮੁ ਮਰਮ ਨਹਿ ਲਹੰ॥੧੯॥੯੭॥**

***ਭਾਵਾਰਥ:–*** ਅਨੇਕਾਂ ਹੀ ਉੱਤਮ ਭਾਵ ਉੱਚ ਗਿਆਨ, ਅਨੇਕ ਹੀ (ਸੁ ਬ੍ਰਿਤੰ) ਉੱਤਮ ਆਚਰਣ (ਕ੍ਰਿਤ) ਕੀਤੇ ਹੋਏ। ਬਿਆਸ ਅਤੇ ਨਾਰਦ ਆਦਿਕ ਰਿਸ਼ੀ। ਮਹਾਂ ਬ੍ਰਹਮ ਦਾ (ਮਰਮ) ਭੇਦ ਨਹੀਂ (ਲਹੰ) ਜਾਣਦੇ॥੧੯॥੯੭॥

**ਕਰੋਰ ਜੰਤ੍ਰ ਮੰਤ੍ਰਣੰ॥ ਅਨੰਤ ਤੰਤ੍ਰਣੰ ਬਣੰ॥**
**ਬਿਸੇਖ ਬਜਾਸ ਨਾਸਨੰ॥ ਅਨੰਤ ਨਜਾਸ ਪ੍ਰਾਸਨੰ॥੨੦॥੯੮॥**

***ਭਾਵਾਰਥ:–*** ਕਰੋੜਾਂ ਹੀ ਯੰਤਰ, ਮੰਤਰ ਅਤੇ ਬੇਅੰਤ ਤੰਤਰਾਂ ਦਾ (ਬਣੰ) ਬਣਾਉਣਾ। ਬਹੁਤ (ਬਯਾਸ ਨਾਸਨੰ) ਵਿਸਤਾਰਾਂ ਵਾਲੇ ਸਥਾਨ (ਬਣਾਉਣੇ)। ਬੇਅੰਤ (ਪ੍ਰਾਸਨੰ) ਭੋਜਨਾਂ ਦਾ (ਨਯਾਸ) ਤਿਆਗ ਕਰਨਾ॥੨੦॥੯੯॥

**ਜਪੰਤ ਦੇਵ ਦੈਤਨੰ॥ ਥਪੰਤ ਜੱਛ ਗੰਧ੍ਰਬੰ॥**

---

[੧] ਛੰਦਾਂਗ ੧੨॥੯੦ ਅਤੇ ੧੬॥੯੪ ਵਿੱਚ ਇੱਕ ਸਮ ਤੁਕਾਂ ਦਾ ਆਉਣਾ ਸ਼ੰਕਾ ਸਹਿਤ ਹੈ।

**ਬਦੰਤ ਬਿੱਦਣੋ ਧਰੰ॥ ਗਣੰਤ ਸੇਸ ਉਰਗਣੰ॥੨੧॥੯੯॥**

***ਭਾਵਾਰਥ:–*** ਜੋ ਦੇਵਤਿਆਂ ਅਤੇ ਦੈਂਤਾਂ ਨੂੰ ਜਪਦੇ ਹਨ। ਜੋ ਯੱਛਾਂ ਅਤੇ ਗੰਧਰਬਾਂ ਨੂੰ (ਥਪੰਤ) ਪੂਜਦੇ ਹਨ। ਵਿੱਦਿਆਧਰਾਂ ਨੂੰ (ਬਦੰਤ) ਉਚਾਰਦੇ ਭਾਵ ਸਿਮਰਦੇ, ਸਿੱਧ ਕਰਦੇ ਹਨ, ਸ਼ੇਸ਼ (ਉਰਗਣੰ) ਨਾਗ ਨੂੰ (ਗਣੰਤ) ਮੰਨਦੇ ਭਾਵ ਗੁੱਗਾ ਪੂਜਦੇ ਹਨ॥੨੧॥੯੯॥

**ਜਪੰਤ ਪਾਰਵਾਰਯੰ॥ ਸਮੁਦ੍ਰ ਸਪਤ ਧਾਰਯੰ॥**
**ਜਣੰਤ ਚਾਰ ਚਕ੍ਰਣੰ॥ ਧ੍ਰਮੰਤ ਚਕ੍ਰ ਬਕ੍ਰਣੰ[੧]॥੨੨॥੧੦੦॥**

***ਭਾਵਾਰਥ:–*** ਜੋ (ਪਾਰਵਾਰਯੰ) ਸਮੁੰਦਰ ਅਥਵਾ ਸਾਗਰ ਨੂੰ (ਜਪੰਤ) ਸਿਮਰਦੇ ਹਨ, ਸੱਤਾਂ ਸਾਗਰਾਂ ਨੂੰ (ਧਾਰਯੰ) ਧਾਰਦੇ, ਪੂਜਦੇ ਜਾਂ ਆਧਾਰ ਮੰਨਦੇ ਹਨ। ਜੋ ਚਹੁੰ ਪਾਸਿਆਂ (ਸਭ ਸ੍ਰਿਸ਼ਟੀ) ਨੂੰ ਜਾਣਦੇ ਹਨ। (ਚਕ੍ਰ ਬਕ੍ਰ) ਟੇਢੇ ਚਕ ਨੂੰ ਧਾਰਿਆ ਹੋਇਆ ਹੈ॥੨੨॥੧੦੦॥

**ਜਪੰਤ ਪੰਨਗੰ ਨਕੰ॥ ਬਰੰ ਨਰੰ ਬਨਸਪਤੰ॥**
**ਅਕਾਸ ਉਰਬੀਯੰ ਜਲੰ॥ ਜਪੰਤ ਜੀਵ ਜਲ ਥਲੰ॥੨੩॥੧੦੧॥**

***ਭਾਵਾਰਥ:–*** ਜੋ (ਪੰਨਗੰ) ਸੱਪਾਂ ਅਤੇ (ਨਕੰ) ਨਾਕੂ ਅਰਥਾਤ ਮਗਰਮੱਛਾਂ ਨੂੰ ਜਪਦੇ ਹਨ, ਸ੍ਰੇਸ਼ਟ (ਨਰੰ) ਨਰ ਅਵਤਾਰ ਅਤੇ ਬਨਸਪਤੀ। ਆਸਮਾਨ ਅਤੇ (ਜਲੰ) ਸਮੂਹ (ਉਰਬੀਅੰ) ਧਰਤੀ। ਅਤੇ ਜਲਾਂ ਥਲਾਂ ਦੇ (ਸਭ) ਜੀਵਾਂ ਨੂੰ ਜਾਣਦੇ ਹਨ ਅਥਵਾ ਜਾਪ ਕਰਕੇ ਸਿੱਧ ਕਰਦੇ ਹਨ ਅਥਵਾ ਪਰਮੇਸ਼ਰ ਜਲਾਂ ਥਲਾਂ ਦੇ ਸਭ ਜੀਵਾਂ ਨੂੰ ਜਣਦਾ ਹੈ॥੨੩॥੧੦੧॥

**ਸੁ ਕੋਟ ਚਕ੍ਰ ਬਕਤ੍ਰਣੰ॥ ਬਦੰਤ ਬੇਦ ਚਤ੍ਰਕੰ॥**
**ਅਸੰਭ ਸੰਭ ਮਾਨੀਐ॥ ਕਰੋਰ ਬਿਸਨੁ ਠਾਨੀਐ॥੨੪॥੧੦੨॥**

***ਭਾਵਾਰਥ:–*** ਕਰੋੜਾਂ ਹੀ (ਚਕ੍ਰ) ਚਾਰ (ਬਕਤ੍ਰਣੰ) ਮੂੰਹਾਂ ਵਾਲੇ (ਬ੍ਰਹਮੇ) (ਚਤ੍ਰਕੰ) ਚਹੁੰਆਂ ਵੇਦਾਂ ਨੂੰ ਉਚਾਰਦੇ ਹਨ। (ਅਸੰਭ ਸੰਭ) ਅਸੰਭਵ ਨੂੰ ਸੰਭਵ ਬਣਾਉਣਾ ਮੰਨਿਆ ਜਾਂਦਾ ਹੈ। ਕਰੋੜਾਂ ਹੀ ਵਿਸ਼ਨੂੰਆਂ ਦੀ (ਠਾਨੀਐ) ਪੂਜਾ ਕੀਤੀ ਜਾਂਦੀ ਹੈ॥੨੪॥੧੦੨॥

**ਅਨੰਤ ਸੁਰਸੁਤੀ ਸਤੀ॥ ਬਦੰਤ ਕ੍ਰਿਤ ਈਸੁਰੀ॥**
**ਅਨੰਤ ਨੰਤ ਭਾਖੀਐ॥ ਅਨੰਤ ਅੰਤ ਲਾਖੀਐ॥੨੫॥੧੦੩॥**

***ਭਾਵਾਰਥ:–*** ਬੇਅੰਤ ਸਰਸਵਤੀ ਅਤੇ (ਸਤੀ) ਦੱਛ ਪੁੱਤਰੀ ਅਰਥਾਤ ਸ਼ਿਵ ਦੀ ਇਸਤਰੀ ਅਤੇ (ਈਸੁਰੀ) ਅਲੌਕਿਕ (ਕ੍ਰਿਤ) ਕਰਮਾਂ ਨੂੰ ਉਚਾਰਦੇ ਹਨ। ਏਨ੍ਹਾਂ ਤੋਂ ਵੀ (ਅਨੰਤ ਨੰਤ) ਬੇਅੰਤ ਬੇਅੰਤ ਹੀ ਕਿਹਾ ਜਾਂਦਾ ਹੈ। ਬੇਅੰਤ ਨੂੰ ਲੱਭਦਿਆਂ ਜੀਵਾਂ ਦਾ ਹੀ (ਅੰਤ) ਨਾਸ ਭਾਵ ਕਾਲ ਜਾਣਿਆ ਜਾਂਦਾ ਹੈ॥੨੫॥੧੦੩॥

---

[੧] ਇਹ ਪਾਠ ਲਿਖਾਰੀ ਤੋਂ ਵਿਗੜਿਆ ਹੋਇਆ ਹੈ, ਮੇਰੀ ਵਿਚਾਰਾਨੁਸਾਰ ਸ਼ੁੱਧ ਪਾਠ 'ਭ੍ਰਮੰਤ ਚਕ੍ਰ ਬਕ੍ਰਣੰ' ਅਤੇ ਅਰਥ 'ਟੇਢਿਆਂ ਚਕ੍ਰਾਂ ਨਾਲ ਫਿਰਦੇ ਹਨ' ਹੈ।

**ਬ੍ਰਿਧ ਨਰਾਜ ਛੰਦ॥**[੧]

**ਅਨਾਦਿ ਅਗਾਧਿ ਬਜਾਧਿ ਆਦਿ ਅਨਾਦਿ ਕੋ ਮਨਾਈਐ॥**
**ਅਗੰਜ ਅਭੰਜ ਅਰੰਜ ਅਗੰਜ ਗੰਜ ਕਉ ਧਿਆਈਐ॥**
**ਅਲੇਖ ਅਭੇਖ ਅਦ੍ਵੈਖ ਅਰੇਖ ਅਸੇਖ ਕੋ ਪਛਾਨੀਐ॥**
**ਨ ਭੂਲ ਜੰਤ੍ਰ ਮੰਤ੍ਰ ਤੰਤ੍ਰ ਭਰਮ ਭੇਖ ਠਾਨੀਐ॥੧॥੧੦੪॥**

***ਭਾਵਾਰਥ:–*** ਅੰਨ ਆਦਿਕਾਂ, ਅਗਨੀ ਆਦਿਕਾਂ, ਰੋਗ ਆਦਿਕਾਂ ਤੋਂ (ਅਨਾਦਿ) ਪਹਿਲੇ ਪੂਰਬ ਬ੍ਰਹਮ ਨੂੰ (ਮਨਾਈਐ) ਪੂਜੀਏ। ਅਨਾਸ, ਅਟੁੱਟ, (ਰੰਜ) ਗੁੱਸੇ ਰਹਿਤ ਅਤੇ (ਅਗੰਜ) ਲਾ ਮਕਾਨ ਦੇ (ਗੰਜ) ਵਿਚਾਰ (ਸਿਮਰਨ) ਨੂੰ ਸਿਮਰੀਏ। ਲੇਖ ਰਹਿਤ, ਭੇਖ ਰਹਿਤ, ਦ੍ਵੈਸ਼ ਰਹਿਤ, ਰੇਖ ਰਹਿਤ ਅਤੇ (ਭੇਖ) ਪੰਥਾਂ ਨੂੰ ਨਾ (ਠਾਨੀਐ) ਮੰਨੀਏ॥੧॥੧੦੪॥

**ਕ੍ਰਿਪਾਲ ਲਾਲ ਅਕਾਲ ਅਪਾਲ ਦਯਾਲ ਕੋ ਉਚਾਰੀਐ॥**
**ਅਧਰਮ ਕਰਮ ਧਰਮ ਭਰਮ ਕਰਮ ਮੈ ਬਿਚਾਰੀਐ॥**
**ਅਨੰਤ ਦਾਨ ਧਯਾਨ ਗਯਾਨ ਧਯਾਨਵਾਨ ਪੇਖੀਐ॥**
**ਅਧਰਮ ਕਰਮ ਕੇ ਬਿਨਾ ਸੁਧਰਮ ਕਰਮ ਲੇਖੀਐ॥੨॥੧੦੫॥**

***ਭਾਵਾਰਥ:–*** ਕਿਰਪਾ ਵਾਲਾ, ਪ੍ਰੀਤਮ, ਕਾਲ ਰਹਿਤ, ਪਾਲਣ ਰਹਿਤ ਅਤੇ ਦਿਆਲੂ ਨੂੰ ਸਿਮਰੀਏ। (ਅਧਰਮ ਕਰਮ) ਬੁਰੇ ਕਰਮ ਅਤੇ (ਕਰਮ ਧਰਮ) ਚੰਗੇ ਕਰਮ (ਭਰਮ ਕਰਮ ਮੈ) ਵਿਅਰਥ ਕਰਮ ਰੂਪ ਹੀ ਸਮਝੋ। ਬੇਅੰਤ ਦਾਨ, ਧਿਆਨ, ਗਿਆਨ ਅਤੇ (ਧਿਆਨਵਾਨ) ਕਰਨ ਵਾਲੇ ਵੇਖੇ ਜਾਂਦੇ ਹਨ। ਪਰ (ਅਧਰਮ) ਬੁਰੇ ਕਰਮਾਂ ਤੋਂ ਬਿਨਾਂ ਉੱਤਮ ਧਰਮ ਵਾਲਾ (ਵਿਰਲਾ ਹੀ) ਜਾਣ ਸਕੀਦਾ ਹੈ॥੨॥੧੦੫॥

**ਬ੍ਰਤਾਦਿ ਦਾਨ ਸੰਜਮਾਦਿ ਤੀਰਥ ਦੇਵ ਕਰਮਣੰ॥**
**ਹੈ ਆਦਿ ਕੁੰਜਮੇਦ ਰਾਜਸੂ ਬਿਨਾ ਨ ਭਰਮਣੰ॥**
**ਨਿਵਲਿ ਆਦਿ ਕਰਮ ਭੇਖ ਅਨੇਕ ਭੇਖ ਮਾਨੀਐ॥**
**ਅਦੇਖ ਭੇਖ ਕੇ ਬਿਨਾ ਸੁ ਕਰਮ ਭਰਮ ਜਾਨੀਐ॥੩॥੧੦੬॥**

---

[੧] 'ਬ੍ਰਿਧ' ਸ਼ਬਦ ਸਿਰਫ 'ਅਰਧ ਨਰਾਜ' ਦੇ ਮੁਕਾਬਲੇ ਤੇ ਲਿਖਿਆ ਗਿਆ ਹੈ। ਏਸ ਦੀ ਇਥੇ ਹੋਰ ਕੋਈ ਲੋੜ ਨਹੀਂ, 'ਨਰਾਜ' ਨੂੰ 'ਨਰਾਚ', 'ਨਾਰਾਚ', 'ਨਾਰਾਜ', 'ਨਾਗਰਾਜ', 'ਪੰਚ ਚਾਮਰ' ਅਤੇ ਵਿਚਿਤ੍ਰਾ ਵੀ ਗ੍ਰੰਥਾਂ ਵਿੱਚ ਲਿਖਿਆ ਹੋਇਆ ਹੈ। ਲਘੁ ਗੁਰੂ ਕ੍ਰਮ ਨਾਲ ਸੋਲਾਂ ਅੱਖਰ, ਅੱਠ-ਅੱਠ ਅੱਖਰ ਤੇ ਵਿਸ਼੍ਰਾਮ ਲੱਛਣ ਹੈ। ਇਹ ਏਨਾ ਵਿਗੜਿਆ ਹੋਇਆ ਹੈ ਕਿ ਜਿਸ ਨਾਲ ਸ਼੍ਰੀ ਗੁਰੂ ਗੋਬਿੰਦ ਸਾਹਿਬ ਜੀ ਉਪਰ ਦੂਸ਼ਣ ਅਰੋਪਿਤ ਹੋ ਸਕਦਾ ਹੈ। ਪਰ ਇਹ ਭੁੱਲਾਂ ਅੰਵਾਣ ਲਿਖਾਰੀਆਂ ਤੋਂ ਹੋਈਆਂ ਹਨ ਅਤੇ ਪਹਿਲੀ, ਦੂਜੀ ਤੁੱਕ ਦੇ ਹੀ ੧੯-੧੯ ਅੱਖਰ ਅਤੇ ਲਘੁ ਗੁਰੂ ਕ੍ਰਮ ਵਿਗਾੜ ਕੇ ਕੀਤੇ ਹੋਏ ਹਨ। ਦੂਜੀ ਦੇ ੨੦ ਅੱਖਰ ਬਣਾਏ ਹੋਏ ਹਨ, ਲਘੁ ਗੁਰੂ ਕ੍ਰਮ ਵੀ ਵਿਗਾੜਿਆ ਹੋਇਆ ਹੈ। ਚੌਥੀ ਤੁੱਕ ਠੀਕ ਹੈ ਜਿਹਨਾਂ ਬਾਣੀਆਂ ਦੇ ਮੂਲ ਪਾਠ ਵਿਗਾੜੇ ਹੁੰਦੇ ਨੇ, ਓਨ੍ਹਾਂ ਦੇ ਅਰਥ ਕਿਸੇ ਤਰ੍ਹਾਂ ਵੀ ਸ਼ੁੱਧ ਨਹੀਂ ਹੋ ਸਕਦੇ। ਏਹੋ ਜਿਹੀਆਂ ਥਾਵਾਂ ਵਿੱਚ ਸੰਪ੍ਰਦਾਇਕਾਂ ਵਾਂਗ ਕੇਵਲ ਅੱਖਰ ਪੂਰੇ ਕਰਨ ਦਾ ਹੀ ਯਤਨ ਕੀਤਾ ਜਾ ਸਕਦਾ ਹੈ। ਸ਼੍ਰੀ ਗੁਰੂ ਜੀ ਦਾ ਉਦਯ ਭਾਵ ਨਹੀਂ ਲੱਭਿਆ ਜਾ ਸਕਦਾ।

***ਭਾਵਾਰਥ:–*** ਵ੍ਰਤ (ਉਪਵਾਸ) ਆਦਿਕ, ਦਾਨ, ਸੰਜਮ, ਤੀਰਥ ਆਦਿਕ (ਦੇਵ ਕਰਮਣੰ) ਭਲੇ ਕਰਮ। (ਹੈ) ਅਸ੍ਵਮੇਧ, (ਕੁੰਜ ਮੇਦ) ਗਜ ਮੇਧ ਅਤੇ ਰਾਜ ਮੇਧ ਆਦਿਕ (ਯੱਗ) ਵੀ ਭਰਮ ਬਿਨਾਂ ਕਰਨੇ ਚਾਹੀਦੇ ਹਨ। ਨਿਉਲੀ ਆਦਿਕ ਕਰਮ, (ਭੇਖ) ਪੰਥ ਅਤੇ ਅਨੇਕਾਂ (ਭੇਖ ਮਾਨੀਐ) ਪੰਥਾਂ ਵਾਲੇ। (ਅਦੇਖ) ਗੁਪਤ (ਭੇਖ) ਪੰਥ (ਬ੍ਰਹਮ ਸਿਮਰਨ) ਤੋਂ ਰਹਿਤ ਚੰਗੇ ਕਰਮਾਂ ਨਾਲ ਵੀ ਭ੍ਰਮ ਭਾਵ ਚਕ੍ਰ ਵਿੱਚ ਪੈਣਾ ਹੀ ਜਾਣੋ॥੩॥੧੦੬॥

**ਅਜਾਤਿ ਪਾਤਿ ਅਮਾਤ ਤਾਤ ਅਜਾਤਿ ਸਿੱਧ ਹੈ ਸਦਾ॥**
**ਅਸਤ੍ਰ ਮਿਤ੍ਰ ਪੁਤ੍ਰ ਪਉਤ੍ਰ ਜਤ੍ਰ ਤਤ੍ਰ ਸਰਬਦਾ॥**
**ਅਖੰਡ ਮੰਡ ਚੰਡ ਉਦੰਡ ਅਖੰਡ ਖੰਡ ਭਾਖੀਐ॥**
**ਨ ਰੂਪ ਰੰਗ ਰੇਖ ਅਲੇਖ ਭੇਖ ਮੈ ਨ ਰਾਖੀਐ॥੪॥੧੦੭॥**

***ਭਾਵਾਰਥ:–*** ਜਾਤ-ਪਾਤ ਰਹਿਤ, ਮਾਂ ਪਿਉ ਰਹਿਤ ਅਤੇ ਹਮੇਸ਼ (ਅਜਾਤਿ) ਉਤਪਤਿ ਰਹਿਤ ਹੀ ਸਿੱਧ ਹੁੰਦਾ ਹੈ। ਦੁਸ਼ਮਣ, ਸੱਜਣ, ਪੁੱਤਰ ਤੇ ਪੋਤਰਾਂ ਤੋਂ ਰਹਿਤ ਹਮੇਸ਼ਾ (ਜਤ੍ਰ ਤਤ੍ਰ) ਸਭ ਥਾਂ ਹੈ। ਅਖੰਡ (ਯੋਧਿਆਂ) ਨੂੰ (ਮੰਡ) ਨਾਸ ਕਰਨ ਵਾਲਾ (ਉਦੰਡ) ਉਗ੍ਰ (ਚੰਡ) ਤੇਜ਼ ਵਾਲਾ, (ਅਖੰਡ) ਖੰਡ ਰਹਿਤ (ਨੌਖੰਡ ਪ੍ਰਿਥਵੀ ਰਹਿਤ) ਅਤੇ (ਖੰਡ) ਖੰਡ ਸਹਿਤ ਜਾਂ ਨੌਖੰਡ ਪ੍ਰਿਥਵੀ ਸਹਿਤ ਭਾਵ ਨਿਰਲੇਪ ਅਤੇ ਵਿਆਪਕ ਵੀ ਕਿਹਾ ਜਾਂਦਾ ਹੈ। ਰੂਪ ਰੰਗ ਅਤੇ ਰੇਖ ਰਹਿਤ, ਲੇਖ (ਕਰਮ) ਰਹਿਤ ਅਤੇ (ਭੇਖ) ਪੰਥ ਵਿੱਚ ਵੀ ਨਹੀਂ (ਰਾਖੀਐ) ਟਿਕਿਆ ਹੋਇਆ ਹੈ॥੪॥੧੦੭॥

**ਅਨੰਤ ਤੀਰਥ ਆਦਿ ਆਸਨਾਦਿ ਨਾਰਦ ਆਸਨੰ॥**
**ਬੈਰਾਗ ਅਉ ਸੰਨਿਆਸ ਅਉ ਅਨਾਦਿ ਜੋਗ ਪ੍ਰਾਸਨੰ॥**
**ਅਨਾਦਿ ਤੀਰਥ ਸੰਜਮਾਦਿ ਬਰਤ ਨੇਮ ਪੇਖੀਐ॥**
**ਅਨਾਦਿ ਅਗਾਧਿ ਕੇ ਬਿਨਾ ਸਮਸਤ ਭਰਮ ਲੇਖੀਐ॥੫॥੧੦੮॥**

***ਭਾਵਾਰਥ:–*** ਬੇਅੰਤ ਤੀਰਥ ਆਦਿਕ, (ਆਸਨ) ਸਾਧੂਆਂ ਦੇ ਸਥਾਨ ਆਦਿਕ ਅਤੇ (ਨਾਰਦ ਆਸਨ) ਨਾਰਦ ਦਾ ਆਸਣ ਭਾਵ ਸਦਾ ਫਿਰਨਾ। ਵੈਰਾਗ ਅਤੇ ਸੰਨਿਆਸ ਅਤੇ ਅੰਨ ਆਦਿਕਾਂ ਦਾ ਯੋਗ (ਪ੍ਰਾਸਨੰ) ਭੋਜਨ ਕਰਨਾ ਅਨਾਦਿ (ਕਾਲ) ਦੇ ਤੀਰਥ, ਸੰਜਮ, ਵ੍ਰਤ ਅਤੇ ਨਿਯਮ ਆਦਿ ਵੇਖ ਲਈਏ। (ਤਾਂ ਵੀ) ਅਨਾਦਿ ਅਗਾਧਿ (ਬ੍ਰਹਮ ਸਿਮਰਨ) ਤੋਂ ਬਿਨਾਂ ਸਾਰੇ ਭਰਮ (ਚਕ੍ਰ) ਹੀ (ਲੇਖੀਐ) ਅਨੁਭਵ ਹੁੰਦੇ ਹਨ॥੫॥੧੦੮॥

**ਰਸਾਵਲ ਛੰਦ॥**[1]
**ਦਯਾਦਿਆਦਿ ਧਰਮੰ॥ ਸੰਨਿਆਸ ਆਦਿ ਕਰਮੰ॥**
**ਗਜਾਦਿਆਦਿ ਦਾਨੰ॥ ਹਯਾਦਿ ਆਦਿ ਥਾਨੰ॥੧॥੧੦੯॥**

---

[1] ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਵਿੱਚ ਅਰਧ ਭੁਜੰਗ ਛੰਦ ਦਾ ਹੀ ਦੂਜਾ ਨਾਮ 'ਰਸਾਵਲ' ਹੈ। ਅਰਧ ਭੁਜੰਗ (ਸ਼ੰਖਨਾਰੀ) ਛੰਦ ਵਿੱਚ ਪ੍ਰਤਯੇਕ ਤੁੱਕ ਦੇ ਦੋ ਯਗਣ ਜ਼ਰੂਰੂ ਹਨ, ਜਿਨ੍ਹਾਂ ਦਾ ਰੂਪ ।ਸ਼ਸ਼ ।ਸ਼ਸ਼ ਇਹ ਹੋਣਾ ਅਵੱਸ਼ਯ ਹੈ।

***ਭਾਵਾਰਥ:***– ਦਇਆ ਇਤਿਆਦਿ ਧਰਮ। (ਸੰਨਿਆਸ) ਤਿਆਗ ਜਾਂ ਵੈਰਾਗ ਆਦਿਕ ਕਰਮ। ਹਾਥੀ ਇਤਿਆਦਿ ਦਾਨ। ਘੋੜੇ ਇਤਿਆਦਿ ਥਾਵਾਂ ਭਾਵ ਅਸਤਬਲ ਜਾਂ ਘੋੜਸ਼ਾਲਾ ਇਤਿਆਦਿ॥੧॥੧੦੯॥

**ਸੁਵਰਨ ਆਦਿ ਦਾਨੰ॥ ਸਮੁਦ੍ਰ ਆਦਿ ਇਸਨਾਨੰ॥**
**ਬਿਸੁਵਾਦਿ ਆਦਿ ਭਰਮੰ॥ ਬਿਰਕਤਾਦਿ ਆਦਿ ਕਰਮੰ॥੨॥੧੧੦॥**

***ਭਾਵਾਰਥ:***– ਸੋਨਾ ਆਦਿਕ ਦਾਨ। ਸਮੁੰਦਰ ਆਦਿਕ ਇਸ਼ਨਾਨ। (ਬਿਸੁ) ਧਰਤੀ ਦਾ (ਭਰਮੰ) ਫਿਰਨ ਇਤਿਆਦਿ। (ਵਿਰਕਤ) ਤਿਆਗ ਕਰਮ ਇਤਿਆਦਿ॥੨॥੧੧੦॥

**ਨਿਵਲਿ ਆਦਿ ਕਰਣੰ॥ ਸੁ ਨੀਲ ਆਦਿ ਬਰਣੰ॥**
**ਅਨੀਲ ਆਦਿ ਧਜਾਨੰ॥ ਜਪਤ ਤੱਤ ਪ੍ਰਧਾਨੰ॥੩॥੧੧੧॥**

***ਭਾਵਾਰਥ:***– ਨਿਉਲੀ ਆਦਿਕ (ਖਟ ਕਰਮਾਂ) ਦਾ ਕਰਨਾ। ਨੀਲ ਆਦਿਕ (ਬਰਣੰ) ਰੰਗ ਦੇ ਵਸਤ੍ਰਾਂ ਦਾ ਪਹਿਨਣਾ। (ਅਨੀਲ) ਲਾ ਸਰੂਪ ਦਾ ਧਿਆਨ ਆਦਿਕ। ਤੱਤਾਂ ਦੀ ਪ੍ਰਧਾਨਤਾ (ਨਿਆਂ ਸ਼ਾਸਤਰ ਅਨੁਸਾਰ, ਪ੍ਰਕ੍ਰਿਤੀ ਰੂਪ ਦਾ) ਸਿਮਰਨ ਅਥਵਾ ਸ਼ਾਂਖਜਾਨੁਕੂਲ ਤਿੰਨ ਤੱਤ-ਮਈ ਮਾਇਆ ਦਾ ਸਿਮਰਨ॥੩॥੧੧੧॥

**ਅਮਿਤਕਾਦਿ ਭਗਤੰ॥ ਅਵਿਕਤਾਦਿ ਬ੍ਰਕਤੰ॥**
**ਪ੍ਰਛਸਤੁਵਾ ਪ੍ਰਜਾਪੰ॥ ਪ੍ਰਭਗਤਵਾ ਅਥਾਪੰ॥੪॥੧੧੨॥**

***ਭਾਵਾਰਥ:***– ਬੇਅੰਤ ਪ੍ਰਕਾਰ ਦੀ ਭਗਤੀ। (ਅਵਿਕਤਾਦਿ) ਅਵਿਗਤ ਆਦਿਕ ਜਾਂ ਗੁਪਤ ਵਿਰਕਤ ਆਦਿਕ ਮਹਾਤਮਾ। ਜਾਪ ਦੀ (ਪ੍ਰਛ) ਜਗਿਆਸਾ ਵਾਲੇ। (ਅਥਾਪ) ਤੁਰੇ ਫਿਰਨ ਵਾਲੇ ਭਗਤ ਜਨ॥੪॥੧੧੨॥

**ਸੁ ਭਗਤਾਦਿ ਕਰਣੰ॥ ਅਜਗਤੁਆ ਪ੍ਰਹਰਣੰ॥**
**ਬਿਰਕਤੁਆ ਪ੍ਰਕਾਸੰ॥ ਅਵਿਗਤੁਆ ਪ੍ਰਨਾਸੰ॥੫॥੧੧੩॥**

***ਭਾਵਾਰਥ:***– ਉੱਚ ਭਗਤੀ ਆਦਿਕ ਦਾ ਕਰਨਾ। (ਅ) ਸਰਵਓਰ ਤੇ (ਉਪਸਰਗ ਹੈ) ਜਗਤ ਨੂੰ (ਪ੍ਰਹਰਣੰ) ਤਿਆਗਣ। (ਬਿਰਕਤੁਆ) ਵਿਰਕਤ (ਵੈਰਾਗ) ਨੂੰ ਪ੍ਰਗਟਾਉਣਾ। (ਅਵਿਗਤੁਆ) ਗੁਪਤ (ਮਈ ਬ੍ਰਹਮ) ਦਾ ਪ੍ਰਣ (ਨਿਯਮ) ਅਤੇ ਆਸ਼ਾ ਰੱਖਣਾ॥੫॥੧੧੩॥

**ਸਮਸਤੁਆ ਪ੍ਰਧਾਨੰ॥ ਧੁਜਸਤੁਆ ਧਰਾਨੰ॥**
**ਅਵਿਕਤੁਆ ਅਭੰਗੰ॥ ਇਕਸਤੁਆ ਅਨੰਗੰ॥੬[੧]॥੧੧੪॥**

---

[੧] ਇਹ ਸਭ ਕਰਮਕਾਂਡੀ ਮੱਤਾਂ ਦਾ ਹੀ ਵਰਣਨ ਹੈ। ਸੰਪ੍ਰਦਾਇਕ ਗਿਆਨੀ ਕਈ ਥਾਂਈਂ ਪ੍ਰਕਰਣ ਨੂੰ ਛੱਡ ਕੇ ਅੱਖਰਾਂ ਦੀ ਲਵੰਤਾ ਜੋੜਦੇ ਹਨ।

***ਭਾਵਾਰਥ:–*** ਸਭ ਦਾ ਪ੍ਰਧਾਨ ਹੋ ਕੇ, ਝੰਡਾ (ਧਰਾਨੰ) ਗੱਡਣਾ। (ਅਵਿਕਤੁਆ) ਅਵਿਅਕਤ (ਸਰੀਰ ਤੋਂ ਬਿਨਾਂ) ਅਤੇ (ਅਭੰਗੰ) ਅਵਿਨਾਸ (ਬ੍ਰਹਮ ਬਿਰਤੀ ਦਾ ਧਾਰਨੀ ਹੋਣਾ) ਇੱਕ (ਅਨੰਗੰ) ਦੇਹ ਰਹਿਤ ਮੰਨਣਾ॥੬॥੧੧੪॥

**ਉਅਸਤੁਆ ਅਕਾਰੰ[੧]॥ ਕ੍ਰਿਪਸਤੁਆ ਕ੍ਰਿਪਾਰੰ॥**
**ਖਿਤਸਤੁਆ ਅਖੰਡੰ॥ ਗਤਸਤੁਆ[੨] ਅਗੰਡੰ॥੭॥੧੧੫॥**

***ਭਾਵਾਰਥ:–*** ਕਈ (ਉਅਸਤੁਆ) ਓਅੰ ਤੋਂ ਹੀ (ਅਕਾਰੰ) ਪਸਾਰਾ ਮੰਨਦੇ ਹਨ। ਕਈ ਕ੍ਰਿਪਾਲ ਤੋਂ ਕ੍ਰਿਪਾਲ ਜਾਂ ਰਹਿਮਾਨਿਰੱਹੀਮ ਮੰਨਦੇ ਹਨ। ਕਈ (ਖਿਤਸਤੁਆ) ਧਰਤੀ ਤੋਂ (ਅਖੰਡੰ) ਨੌਖੰਡਾਂ ਰਹਿਤ ਮੰਨਦੇ ਹਨ। ਕਈ (ਅਗੰਡ) ਕਨਪਟੀਆਂ ਰਹਿਤ ਭਾਵ ਯੋਗਾਨੁਸਾਰ ਪ੍ਰਣਾਯਾਮ ਵਾਲੀਆਂ ਨਾੜੀਆਂ ਤੋਂ ਰਹਿਤ ਹੀ (ਗਤਸਤੁਆ) ਚੱਲਣ ਵਾਲੇ ਨੂੰ ਮੰਨਦੇ ਹਨ॥੭॥੧੧੫॥

**ਘਰਸਤੁਆ ਘਰਾਨੰ॥ ਙ੍ਰਿਅਸਤੁਆ ਙ੍ਰਿਹਾਲੰ[੩]॥**
**ਚਿਤਸਤੁਆ ਅਤਾਪੰ[੪]॥ ਛਿਤਸਤੁਆ ਅਛਾਪੰ॥੮॥੧੧੬॥**

***ਭਾਵਾਰਥ:–*** ਕਈ ਘਰਾਂ ਨੂੰ (ਘਰਾਨੰ) ਬਸਾਉਂਦੇ (ਘੜਦੇ) ਹਨ। ਕਈ ਗ੍ਰਹਿਣ ਕਰਨ ਵਾਲੇ ਗ੍ਰਹਿਸਥੀ ਹਨ। ਕਈ ਚਿੱਤੋਂ (ਅਤਾਪ) ਸ਼ਾਂਤ ਹਨ। ਕਈ ਜ਼ਮੀਨ ਤੇ (ਅਛਾਪੰ) ਪ੍ਰਗਟ ਹਨ॥੮॥੧੧੬॥

**ਜਿਤਸਤੁਆ ਅਜਾਪੰ॥ ਝਿਕਸਤੁਆ ਅਝਾਪੰ॥**
**ਞਿਕਸਤੁਆ ਅਨੇਕੰ[੫]॥ ਟੁਟਸਤੁਆ[੬] ਅਟੇਟੰ॥੯॥੧੧੭॥**

---

[੧] ਸੰਪ੍ਰਾਦਾਈ ਗਿਆਨੀ ਏਥੋਂ ਪੈਂਤੀ ਅੱਖਰੀ ਦਾ ਆਰੰਭ ਮੰਨਦੇ ਹਨ ਅਤੇ ਅਰਥ ਵੀ 'ਊੜੇ' ਦੁਆਰਾ ਤੂੰ ਅਕਾਰ ਹੈਂ' ਆਦਿਕ ਕਰਦੇ ਹਨ ਪਰ ਮੈਨੂੰ ਤਾਂ ਅੱਖਰਕ੍ਰਮ 'ਕੱਕੇ' ਤੋਂ ਹੀ ਠੀਕ ਮਿਲ ਰਿਹਾ ਹੈ। ਸ੍ਰ. ਬ. ਕਾਨ੍ਹ ਸਿੰਘ ਜੀ ਨੇ ਵੀ ਸੰਪ੍ਰਦਾਈ ਅਰਥਾਂ ਨੂੰ ਧੋ ਜਾਂ ਕੱਕੇ ਤੋਂ ਹੀ ਠੀਕ ਲਿਖਿਆ ਹੋਇਆ ਹੈ। ਪਾਠ ਵੀ 'ਉਅਸਤੁਆ ਉਕਾਰੰ' ਲਿਖਿਆ ਹੈ।

[੨] ਸ੍ਰ. ਬ. ਕਾਨ੍ਹ ਸਿੰਘ ਜੀ ਨੇ 'ਗਤਸਤੁਆ' ਦੀ ਥਾਂ 'ਨਮਸਤੁਆ' ਪਾਠ ਮਹਾਨ ਕੋਸ਼ ਦੂਜੀ ਐਡੀਸ਼ਨ ਦੇ ਸਫ਼ੇ ੩੨, ਕਾਲਮ ੩ ਵਿੱਚ ਲਿਖਿਆ ਹੋਇਆ ਹੈ।

[੩] 'ਙ੍ਰਿ' ਦ੍ਵਿਤ ਅੱਖਰ ਹੈ, ਪੈਂਤੀ ਅੱਖਰੀ ਜਾਂ ਵਿਯੰਜਨ ਅੱਖਰਾਂ ਵਿੱਚ 'ਦ੍ਵਿਤ' ਦਾ ਵਰਣਨ ਅਯੋਗ ਹੈ। ਏਸ ਤੋਂ ਮੇਰੀ ਬੁੱਧੀ ਨੇ ਵਿਚਾਰਿਆ ਹੈ ਕਿ ਇਹ ਲਿਖਾਰੀ ਦੀ ਭੁੱਲ ਕਰਕੇ 'ਙਿਰਸਤੁਆ' ਜਾਂ 'ਙਿਰਸਤ੍ਵਾ' ਦੀ ਥਾਂ 'ਙ੍ਰਿਅਸਤੁਆ' ਬਣਿਆ ਹੋਇਆ ਹੈ। 'ਰ' ਦੇ ਵਿਆਕਰਨਾਨੁਸਾਰ 'ਹ+ਅ' ਹਿੱਸੇ ਹੋ ਜਾਂਦੇ ਹਨ ਫੇਰ 'ਹ' ਦੀ ਥਾਂ ਃ ਵਿਸਰਗਾਂ ਹੋ ਜਾਂਦੀਆਂ ਹਨ। ਏਸ ਹੀ ਗੁੰਝਲ ਵਿੱਚ ਅੰਞਾਣ ਲੇਖਕ ਨੇ 'ਙ੍ਰਿਅਸਤੁਆ' ਲਿਖ ਦਿੱਤਾ ਹੈ। 'ਙ੍ਰਿਹਾਲ' ਵੀ 'ਙਿਰਹਾਲ' ਰੂਪ ਅਨੁਸਾਰ ਹੀ ਚਾਹੀਦਾ ਹੈ, ਏਥੇ 'ਙ੍ਰਿ' ਦ੍ਵਿਤ ਅੱਖਰ ਲਿਖਾਰੀ ਤੋਂ ਭੁੱਲ ਨਾਲ ਹੀ ਬਣਿਆ ਹੋਇਆ ਹੈ। ਏਸ ਨਾਲ ਪੈਂਤੀ ਅੱਖਰੀ ਦਾ ਕ੍ਰਮ ਭੰਗ ਹੁੰਦਾ ਹੈ।

[੪] ਏਸ ਤੁਕ ਵਿੱਚ ਦੂਜੇ ਸ਼ਬਦ ਵਿੱਚ 'ਚ' ਦਾ ਉਲੇਖ ਹੀ ਨਹੀਂ, ਜਿਸ ਤੋਂ ਕਿ ਦੂਜਾ ਸ਼ਬਦ ਬਣਨਾ ਵਿਧੇਯ ਹੈ। ਇਸ ਤੋਂ ਹੀ ਮੇਰੀ ਵਿਚਾਰ ਹੈ ਕਿ ਏਥੇ 'ਅਚਾਪ' ਦੀ ਥਾਂ 'ਅਤਾਪ' ਪਾਠ ਲਿਖਾਰੀ ਦੀ ਭੁੱਲ ਨਾਲ ਹੋਇਆ ਹੋਇਆ ਹੈ।

[੫] ਅਣੁਨਾਸਿਕਾਂ ਤੋਂ 'ਧਾਤੁਕ' ਸ਼ਬਦ ਨਹੀਂ ਬਣ ਸਕਦੇ, ਜਿਸ ਤੋਂ 'ਅਨੇਕ' ਸ਼ਬਦ ਨੂੰ ਹੀ ਥਾਂ ਦਿੱਤੀ ਗਈ ਹੈ।

[੬] ਅੱਖਰਕ੍ਰਮ ਅਨੁਸਾਰ 'ਟੁ' ਦੀ ਥਾਂ 'ਟ' ਚਾਹੀਦਾ ਹੈ। ਸਾਰੀ ਪੈਂਤੀ ਅੱਖਰੀ ਵਿੱਚ ਆਦਿ ਅੱਖਰਾਂ ਨੂੰ ਸਿਹਾਰੀ, ਮੁਕਤੇ ਅਤੇ ਬਿੰਦੂਆਂ ਤੋਂ ਸਿਵਾਏ ਹੋਰ ਲਗਾਂ ਮਾਤਰਾਂ ਨਾਲ ਨਹੀਂ ਵਰਤਿਆ ਹੋਇਆ, ਜਿਸ ਤੋਂ 'ਟੁ' ਲਿਖਾਰੀ ਤੋਂ ਭੁੱਲ ਨਾਲ

***ਭਾਵਾਰਥ:–*** ਕਈ (ਅਜਾਪ) ਮੋਨੀ ਹਨ। ਕਈ (ਅਝਾਪੰ) ਨੀਵੀਂ ਨਿਗ੍ਹਾ ਰੱਖਣ ਵਾਲੇ ਹਨ। ਅਨੇਕਾਂ ਹੀ ਹਨ। ਕਈ (ਟੇਟ) ਵੱਸ ਜਾਂ ਮਜ਼ਬੂਰੀ ਰਹਿਤ ਹਨ॥੯॥੧੧੭॥

**ਠਟਸਤੁਆ ਅਠਾਟੰ॥ ਡਟਸਤੁਆ ਅਡਾਟੰ॥**
**ਢਟਸਤੁਆ ਅਢਾਪੰ॥ ਣਕਸਤੁਆ ਅਣਾਪੰ॥੧੦॥੧੧੮॥**

***ਭਾਵਾਰਥ:–*** ਕਈ (ਅਠਾਟੰ) ਤਿਆਗ (ਠਟਸਤੁਆ) ਕਰਦੇ ਹਨ। ਕਈ (ਅਡਾਟ) ਨਿਡਰ ਡਟ ਜਾਂਦੇ ਹਨ। ਕਈ (ਅਢਾਪ) ਨਾ ਢਕਣ ਯੋਗ (ਕੁਕਰਮ) ਨੂੰ ਢਕ ਲੈਂਦੇ ਹਨ। ਕਈ (ਅਣਾਪ) ਬੇ ਨਟ (ਬੇਮਰਯਾਦਿਤ) (ਣ) ਨਹੀਂ ਹਨ॥੧੦॥੧੧੮॥

**ਤਪਸਤੁਆ ਅਤਾਪੰ॥ ਥਪਸਤੁਆ ਅਥਾਪੰ॥**
**ਦਲਸਤੁਆ ਦਿਦੋਖੰ[1]॥ ਨਹਿਸਤੁਆ ਅਨੋਖੰ॥੧੧॥੧੧੯॥**

***ਭਾਵਾਰਥ:–*** ਕਈ (ਅਤਾਪ) ਸ਼ਾਂਤ ਚਿਤ ਹੋ ਕੇ ਤਪ ਕਰਦੇ ਹਨ। ਕਈ (ਅਥਾਪ) ਬ੍ਰਹਮ ਨੂੰ ਪੂਜਦੇ ਹਨ। ਕਈ (ਦਿ) ਨਿਸ਼ਚਾ ਕਰਕੇ ਦੋਸ਼ਾਂ ਨੂੰ ਦਲ ਦੇ ਹਨ। ਕਈ (ਅਨੋਖੰ) ਸੋਹਣੇ (ਨਹਿ:) ਨਹੀਂ ਬਣਦੇ॥੧੧॥੧੧੯॥

**ਅਪਕਤੁਆ ਅਪਾਨੰ[2]॥ ਫਲਕਤੁਆ ਫਲਾਨੰ॥**
**ਬਦਕਤੁਆ ਬਿਸੇਖੰ॥ ਭਜਸਤੁਆ ਅਭੇਖੰ॥੧੨॥੧੨੦॥**

***ਭਾਵਾਰਥ:–*** ਕਈ ਨਾ ਪੀਂਦੇ ਅਤੇ (ਅਪਕਤ) ਨਾ ਖਾਂਦੇ ਹਨ। ਕਈ ਫਲਾਂ ਨੂੰ ਹੀ (ਫਲਕ) ਖਾਂਦੇ ਹਨ। ਕਈ ਬਹੁਤ (ਬਦਕਤੁਆ) ਬੋਲਦੇ ਹਨ। ਕਈ (ਅਭੇਖ) ਬ੍ਰਹਮ ਸਿਮਰਦੇ ਹਨ॥੧੨॥੧੨੦॥

**ਮਤਸਤੁਆ ਫਲਾਨੰ॥ ਹਰਿਕਤੁਆ ਹਿਰਦਾਨੰ॥**
**ਅੜਕਤੁਆ ਅੜੰਗੰ॥ ਤ੍ਰਿਕਸਤੁਆ ਤ੍ਰਿਭੰਗੰ॥੧੩॥੧੨੧॥**

***ਭਾਵਾਰਥ:–*** (ਮਤ) ਬੁੱਧੀ ਹੀ ਫਲ ਦੇਂਦੀ ਹੈ। ਹਿਰਦੇ ਵਿੱਚ ਹਰਿ ਭਜਦੇ ਹਨ। ਕਈ (ਅੜੰਗੰ) ਅੜਬੰਗ ਤਾਈ ਨਾਲ ਅੜਦੇ ਹਨ। ਕਈ (ਤ੍ਰਿਭੰਗੰ) ਭਗਵਾਨ ਕ੍ਰਿਸ਼ਨ ਦੀਆਂ (ਤ੍ਰਿ) ਇਸਤਰੀਆਂ (ਗੋਪੀਆਂ) ਬਣਦੇ ਹਨ॥੧੩॥੧੨੧॥

**ਰੰਗਸਤੁਆ ਅਰੰਗੰ॥ ਲਵਸਤੁਆ ਅਲੰਗੰ॥**
**ਯਕਸਤੁਆ ਯਕਾਪੰ॥ ਇਕਸਤੁਆ ਇਕਾਪੰ॥੧੪॥੧੨੨॥**

---

ਬਣਿਆ ਪਾਠ ਦਿਸਦਾ ਹੈ। ਬਿੰਦੂ ਵੀ ਇੱਕ ਥਾਂ ਤੋਂ ਬਿਨਾਂ ਹੋਰ ਕਿਸੇ ਥਾਂ ਨਹੀਂ ਵਰਤੀ ਹੋਈ, ਮੁੱਖ ਭੇਦ ਮੁਕਤਾ ਸਿਹਾਰੀ ਦੋ ਹੀ ਹਨ।

[1] ਇਸ ਦੇ ਅੱਗੇ ਧੱਧਾ ਅੱਖਰ ਨਹੀਂ ਹੈ ਜਿਸ ਤੋਂ ਕ੍ਰਮ ਭੰਗ ਹੋ ਗਿਆ ਹੈ।

[2] ਏਸ ਤੁਕ ਦਾ ਆਰੰਭਿਕ ਅੱਖਰ 'ਪੱਪਾ' ਚਾਹੀਦਾ ਹੈ, ਐੜਾ ਲਿਖਾਰੀ ਦੀ ਭੁੱਲ ਨਾਲ ਵੱਧ ਲਿਖਿਆ ਹੋਇਆ ਹੈ।

***ਭਾਵਾਰਥ:–*** ਕਈ ਅਰੰਗ ਵਿੱਚ ਰੰਗੇ ਹੋਏ ਹਨ। ਕਈ (ਲਵ) ਥੋੜ੍ਹਾ ਹੀ (ਅਲੰਗੰ) ਅਲਿੰਗਨ (ਛੂਹਣ) ਕਰਦੇ ਹਨ। ਕਈ ਆਪ ਇੱਕੋ ਇੱਕ (ਰਹਿੰਦੇ) ਹਨ। (ਇੱਕ) ਕਈ ਇੱਕ ਆਪਣੇ ਆਪ ਵਿੱਚ ਹੀ ਰਹਿੰਦੇ ਹਨ॥੧੪॥੧੨੨॥

**ਵਦਿਸਤੁਆ ਵਰਦਾਨੰ॥ ਯਕਸਤੁਆ ਇਕਾਨੰ॥**
**ਲਵਸਤੁਆ ਅਲੇਖੰ॥ ਰਰਿਸਤੁਆ ਅਰੇਖੰ॥੧੫॥੧੨੩॥**

***ਭਾਵਾਰਥ:–*** ਕਈ ਵਰ ਦਾਨ (ਵਦਿ) ਉਚਾਰਦੇ ਹਨ। ਕਈ ਇੱਕ ਨੂੰ ਹੀ ਇੱਕ (ਫ਼ਕਤ) ਮੰਨਦੇ ਹਨ। ਕਈ ਅਲੇਖ (ਬ੍ਰਹਮ) ਨੂੰ (ਲਵ) ਉਚਾਰਦੇ ਹਨ। ਕਈ ਅਰੇਖ (ਬ੍ਰਹਮ) ਨੂੰ (ਰਰਿ) ਉਚਾਰਦੇ ਹਨ॥੧੫॥੧੨੩॥

**ਤ੍ਰਿਅਸਤੁਆ ਤ੍ਰਿਭੰਗੇ॥ ਹਰਿਸਤੁਆ ਹਰੰਗੇ॥**
**ਮਹਿਸਤੁਆ ਮਹੇਸੰ॥ ਭਜਸਤੁਆ ਅਭੇਸੰ॥੧੬॥੧੨੪॥**

***ਭਾਵਾਰਥ:–*** ਕਈ (ਤ੍ਰਿਭੰਗੇ) ਕ੍ਰਿਸ਼ਨ ਦੀਆਂ ਇਸਤਰੀਆਂ ਰੂਪ ਹਨ। (ਹਰੰਗੇ) ਹਰਿ ਰੰਗ ਦੇ (ਹਰਿਸ) ਮੋਹੇ ਹੋਏ ਹਨ। ਮਹਾਂ (ਮਹੇਸ਼) ਸ਼ਿਵ ਅਭੇਸ ਰੂਪ ਨੂੰ ਸਿਮਰਦੇ ਹਨ॥੧੬॥੧੨੪॥

**ਬਰਸਤੁਆ ਬਰਾਨੰ॥ ਪਲਸਤੁਆ ਫਲਾਨੰ॥**
**ਨਰਸਤੁਆ ਨਰੇਸੰ॥ ਦਲਸਤੁਆ ਦਲੇਸੰ॥੧੭॥੧੨੫॥**

***ਭਾਵਾਰਥ:–*** ਕਈ ਵਰਾਂ ਨੂੰ ਵਰਦੇ ਹਨ। (ਕਈ) ਫਲਾਂ ਨਾਲ (ਪਲ) ਫਲਦੇ ਹਨ। (ਕਈ) ਮਨੁੱਖਾਂ ਤੋਂ ਰਾਜੇ ਕਰਦੇ ਹਨ। (ਕਈ) (ਦਲੇਸ਼) ਸੈਨਾਪਤੀਆਂ ਨੂੰ ਵੀ ਦਲ ਦੇਂਦੇ ਹਨ॥੧੭[੧]॥੧੨੫॥

**ਪਾਧੜੀ ਛੰਦ॥ ਤ੍ਵ ਪ੍ਰਸਾਦਿ॥**
**ਦਿਨ ਅਜਬ ਏਕ ਆਤਮਾ ਰਾਮ॥ ਅਨਭਉ ਸਰੂਪ ਅਨਹਦ ਅਕਾਮ॥**
**ਅਨਛਿੱਜ ਤੇਜ ਆਜਾਨੁ ਬਾਹੁ॥ ਰਾਜਾਨ ਰਾਜੁ ਸਾਹਾਨ ਸਾਹੁ॥੧॥੧੨੬॥**

***ਭਾਵਾਰਥ:–*** (ਅਨੁਭਵ) ਗਿਆਨ ਮਈ (ਅਨਹਦ) ਬੇਖ਼ਬਰ ਭਾਵ ਅਚਾਨਕ, (ਅਕਾਮ) ਨਿਰਇੱਛਤ, (ਅਜਬ) ਅਸਚਰਜ, (ਅਨਛਿਜ) ਇਕਰਸ ਤੀਖਣ, ਗੋਡਿਆਂ ਤੱਕ ਬਾਹਾਂ ਵਾਲੇ (ਦੀਰਘ ਦ੍ਰਿਸ਼ਟੀ), ਰਾਜਿਆਂ ਦੇ ਰਾਜੇ ਅਤੇ ਸ਼ਾਹਾਂ ਦੇ ਸ਼ਾਹ (ਆਤਮਾ ਰਾਮ) ਸ਼ੁੱਧ ਮਨ ਨੇ ਇੱਕ ਦਿਨ॥੧॥੧੨੬॥

**ਉਚਰਜੋ ਆਤਮਾ ਪਰਾਤਮਾ[੨] ਸੰਗ॥ ਉਤਭੁਜ ਸਰੂਪ ਅਬਿਗਤ ਅਭੰਗ॥**
**ਇਹ ਕਉਨ ਆਹਿ ਆਤਮ ਸਰੂਪ॥ ਜਿਹ ਅਮਿਤ ਤੇਜ ਅਤਭੁਤ ਬਿਭੂਤਿ॥੨॥੧੨੭॥**

---

[੧] 'ਮਮੇ' ਤੋਂ ਬਾਅਦ ਸਾਰਾ ਪ੍ਰਕਰਣ ਯਥਾਕ੍ਰਮ ਨਾਲ ਨਹੀਂ ਤੁਰਦਾ, ਜੋ 'ਯ ਰ ਲ ਵ ਸ਼ ਖ ਸ ਹ ਸ਼ ਤ੍ਰ ਗਜ' ਕ੍ਰਮ ਅਨੁਕੂਲ ਚਾਹੀਦਾ ਹੈ।

[੨] ਪਾਠ– 'ਪਰ ਆਤਮਾ' ਅਤੇ 'ਪਰਮਾਤਮਾ' ਵੀ ਹਨ।

***ਭਾਵਾਰਥ:–*** (ਆਤਮਾ) ਮਨ ਨੇ (ਉਤਭੁਜ) ਉਦ੍ਭਿਜ ਜਾਂ ਬਨਸਪਤੀ ਵਾਂਗ ਪੈਦਾ ਹੋਣ ਵਾਲੇ (ਅਬਿਗਤ) ਗੁਪਤ, ਅਮਰ (ਪਰਾਤਮਾ) ਉੱਚ ਦ੍ਰਿਸ਼ਵਜ ਮਨ ਨਾਲ ਕਿਹਾ ਕਿ ਇਹ ਆਤਮਾ ਦਾ ਸਰੂਪ ਕਿਹੜਾ ਹੈ? ਜੀਹਦਾ ਬੇਅੰਤ ਪ੍ਰਤਾਪ ਅਤੇ ਅਸਚਰਜ਼ (ਬਿਭੂਤਿ) ਮਾਇਆ ਹੈ॥੨॥੧੨੭॥

**ਪਰਾਤਮਾ ਬਾਚੁ॥[1]**

**ਯਹਿ ਬ੍ਰਹਮ ਆਹਿ ਆਤਮਾ ਰਾਮ॥ ਜਿਹ ਅਮਿਤ ਤੇਜ ਅਬਿਗਤਿ ਅਕਾਮ॥**
**ਜਿਹ ਭੇਦ ਭਰਮ ਨਹੀ ਕਰਮ ਕਾਲ॥ ਜਿਹ ਸਤ੍ਰ ਮਿਤ੍ਰ ਸਰਬਾ ਦਯਾਲ[1]॥੩॥੧੨੮॥**

***ਭਾਵਾਰਥ:–*** ਹੇ ਆਤਮਾ ਰਾਮ! ਇਹ ਆਤਮਾ ਦਾ ਸਰੂਪ ਹੀ ਬ੍ਰਹਮ ਹੈ, ਜੋ ਨਿਸ਼ਕਾਮ ਅਤੇ ਬੇਅੰਤ ਤੇਜ਼ ਵਾਲਾ ਅਤੇ ਅਚੱਲ ਹੈ। ਜੀਹਨੂੰ ਭਰਮ ਭੇਦ ਅਤੇ ਕਾਲ–ਕਰਮ ਦੇ ਚੱਕਰ ਨਹੀਂ ਹਨ। (ਜਿਹ) ਜੀਹਦੀ (ਦਿਆਲ) ਮਿਹਰ ਸਭ ਦੁਸ਼ਮਣ–ਸੱਜਣਾਂ ’ਤੇ ਸਮ ਹੈ॥੩॥੧੨੮॥

**ਡੋਬਯੋ ਨ ਡੁਬੈ ਸੋਖਯੋ ਨ ਜਾਇ॥ ਕਟਯੋ ਨ ਕਟੈ ਬਾਰਯੋ ਨ ਬਰਾਇ॥**
**ਛਿੱਜੈ ਨ ਨੈਕ ਸਤ ਸਸਤ੍ਰ ਪਾਤਿ॥ ਜਿਹ ਸਤ੍ਰ ਮਿਤ੍ਰ ਨਹੀਂ ਜਾਤਿ ਪਾਤਿ॥੪॥੧੨੯॥**

***ਭਾਵਾਰਥ:–*** ਜੋ ਡੋਬਿਆਂ ਨਹੀਂ ਡੁੱਬਦਾ, ਸੁਕਾਇਆ ਨਹੀਂ ਜਾਂਦਾ, ਕੱਟਿਆਂ ਹੋਇਆਂ ਕੱਟਦਾ ਨਹੀਂ, (ਬਾਰਿਯੋ) ਸਾੜਿਆਂ ਸੜਦਾ ਨਹੀਂ। (ਸਤ) ਸੈਂਕੜਿਆਂ ਸ਼ਸਤਰਾਂ ਦੇ (ਪਾਤਿ) ਮਾਰਿਆਂ ਹੋਇਆਂ (ਨੈਕ) ਰਤਾ ਭਰ ਵੀ (ਛਿੱਜੈ) ਕੱਟਿਆ ਨਹੀਂ ਜਾਂਦਾ। ਜੀਹਦਾ ਦੁਸ਼ਮਣ ਸੱਜਣ ਅਤੇ ਜਾਤ–ਪਾਤ ਨਹੀਂ ਹੈ॥੪॥੧੨੯॥

**ਸਤ੍ਰ ਸਹੰਸ ਸਤਿ ਸਤਿ ਪ੍ਰਘਾਇ॥ ਛਿੱਜੈ ਨ ਨੈਕ ਖੰਡਯੋ ਨ ਜਾਇ॥**
**ਨਹੀ ਜਰੈ ਨੈਕ ਪਾਵਕ ਮੰਝਾਰ॥ ਬੋਰੈ ਨ ਸਿੰਧੁ ਸੋਖੈ ਨ ਬਜਾਰ॥੫॥੧੩੦॥**

***ਭਾਵਾਰਥ:–*** (ਸਹੰਸ) ਹਜ਼ਾਰਾਂ ਦੁਸ਼ਮਣ (ਸਤਿ ਸਤਿ) ਸੌ ਸੌ (ਪ੍ਰਘਾਇ) ਪਰਘੇ ਸ਼ਸਤਰ ਚਲਾਉਣ ਤਾਂ ਵੀ (ਨੈਕ) ਬਿਲਕੁਲ (ਛਿੱਜੈ) ਟੁੱਟਦਾ ਨਹੀਂ ਹੁੰਦਾ ਅਤੇ (ਖੰਡਿਓ) ਮਾਰਿਆ ਵੀ ਨਹੀਂ ਜਾਂਦਾ। (ਪਾਵਕ) ਅੱਗ ਨਾਲ ਵੀ (ਨੈਕ) ਬਿਲਕੁਲ ਨਹੀਂ ਸੜਦਾ। ਸਾਗਰ ਡੋਬਦਾ ਨਹੀਂ, (ਬਜਾਰ) ਹਵਾ ਸੁਕਾਉਂਦੀ ਨਹੀਂ॥੫॥੧੩੦॥

**ਇਕ ਕਰਯੋ ਪ੍ਰਸਨ ਆਤਮਾ ਦੇਵ॥ ਅਨਭੰਗ ਰੂਪ ਅਨੁਭਉ ਅਭੇਵ॥**
**ਯਹਿ ਚਤੁਰ ਵਰਗ ਸੰਸਾਰ ਦਾਨ॥ ਕਿਹੁ ਚਤੁਰ ਵਰਗ ਕਿਜੈ ਵਖਯਾਨ॥੬॥੧੩੧॥**

***ਭਾਵਾਰਥ:–*** ਅਮਰਮਈ ਅਨੁਭਵ (ਗਿਆਨ) ਨਾਲ ਅਭੇਦ ਆਤਮਾ ਦੇਵ ਨੇ ਇੱਕ ਹੋਰ ਪ੍ਰਸ਼ਨ ਕੀਤਾ ਸੰਸਾਰ ਵਿੱਚ ਇਹ ਦਾਨ ਹੀ ਚਾਰ (ਵਰਗ) ਤਰ੍ਹਾਂ ਦਾ ਹੈ। ਉਹਦੇ ਚਾਰ (ਵਰਗ) ਭੇਦ (ਕਿਹੁ) ਕਿਵੇਂ ਹਨ? ਦੱਸੋ॥੬॥੧੩੧॥

---

[1] ਇਸ ਤੁੱਕ ਦਾ ਅਰਥ ਵਿਆਕਰਣ ਨੂੰ ਛੱਡ ਕੇ ਪ੍ਰਕਰਣ ਅਨੁਕੂਲ ਕਰਨਾ ਪੈ ਰਿਹਾ ਹੈ। ਵਿਆਕਰਣ ਅਨੁਸਾਰ ‘ਜਿਹ’ ਦੀ ਥਾਂ ‘ਜੋ’ ਪਾਠ ਚਾਹੀਦਾ ਹੈ, ਅਰਥ ਸ਼ੈਲੀ ਤਾਂ ਹੀ ਠੀਕ ਰਹਿ ਸਕਦੀ ਹੈ।

**ਇਕ ਰਾਜੁ ਧਰਮ ਇਕ ਦਾਨ ਧਰਮ॥ ਇਕ ਭੋਗ ਧਰਮ ਇਕ ਮੋਛ ਕਰਮ॥**
**ਇਹ ਚਤੁਰ ਵਰਗ ਸਭ ਜਗ ਭਣੰਤ॥ ਸੇ ਆਤਮਾਹ ਪਰਾਤਮਾ ਪੁਛੰਤ[੧]॥੭॥੧੩੨॥**

***ਭਾਵਾਰਥ:–*** ਰਾਜ ਧਰਮ, ਦਾਨ ਧਰਮ, ਗ੍ਰਹਿਸਤ ਧਰਮ ਅਤੇ (ਮੋਛ) ਮੁਕਤ (ਕਰਮ) ਧਰਮ ਹੈ। ਇਸ ਪ੍ਰਕਾਰ ਇਸ ਚਾਰ ਪ੍ਰਕਾਰ ਦੇ ਧਰਮਾਂ ਨੂੰ ਸਾਰਾ ਸੰਸਾਰ ਇੱਕ (ਸਮ) ਇਕ ਸਮਾਨ ਹੀ ਕਹਿੰਦਾ ਹੈ। ਉਹੋ ਹੀ ਆਤਮਾ ਪਰਮਾਤਮਾ ਤੋਂ ਪੁੱਛਦਾ ਹੈ॥੭॥੧੩੨॥

**ਇਕ ਰਾਜ ਧਰਮ ਇਕ ਧਰਮ ਦਾਨ॥ ਇਕ ਭੋਗ ਧਰਮ ਇਕ ਮੋਛਵਾਨ॥**
**ਤੁਮ ਕਹੋ ਚਤੁਰ ਚਤਰੇ ਬਿਚਾਰ॥ ਜੇ ਜੇ ਤ੍ਰਿਕਾਲ ਭਏ ਜੁਗ ਅਪਾਰ॥੮॥੧੩੩॥**

***ਭਾਵਾਰਥ:–*** ਰਾਜ ਧਰਮ, ਦਾਨ ਧਰਮ, ਗ੍ਰਹਿਸਤ ਧਰਮ ਅਤੇ (ਮੋਛਵਾਨ) ਮੁਕਤ ਵਾਲਾ ਧਰਮ। ਹੇ ਚਤੁਰ! ਤੁਸੀਂ ਚਹੁੰਆਂ ਨੂੰ ਵਿਚਾਰ ਕੇ ਦੱਸੋ। ਜੇ (ਤ੍ਰਿਕਾਲ) ਤਿੰਨਾਂ ਸਮਿਆਂ ਅਤੇ ਬੇਅੰਤ ਯੁੱਗਾਂ ਵਿੱਚ ਇਹਨਾਂ ਚਹੁੰਆਂ ਧਰਮਾਂ ਵਾਲੇ ਹੋ ਚੁੱਕੇ ਹਨ ਤਾਂ ਉਨ੍ਹਾਂ ਨੂੰ ਦੱਸੋ॥੭॥੧੩੩॥

**ਬਰਨਨ ਕਰੋ ਤੁਮ ਪ੍ਰਿਥਮ ਦਾਨ॥ ਜਿਮ ਦਾਨ ਧਰਮ ਕਿੰਨੇ ਨ੍ਰਿਪਾਨ॥**
**ਸਤਿਜੁਗ ਕਰਮ ਸੁਰ ਦਾਨ ਦੰਤ॥ ਭੂਮਾਦਿ ਦਾਨ ਕੀਨੇ ਅਕੰਥ॥੯॥੧੩੪॥**

***ਭਾਵਾਰਥ:–*** ਹੇ ਪਰਾਤਮਾ ਤੂੰ ਪਹਿਲਾਂ ਦਾਨ ਧਰਮ ਵਰਣਨ ਕਰ[੨]। ਜਿਵੇਂ ਕਿ ਰਾਜਿਆਂ ਨੇ ਦਾਨ ਧਰਮ ਕੀਤੇ ਹਨ। ਸਤਿਜੁਗ ਵਿੱਚ (ਸੁਰ) ਦੇਵਤਿਆਂ ਅਤੇ (ਦੰਤ) ਦੈਂਤਾਂ ਦਾ ਦਾਨ ਹੀ (ਕਰਮ)

---

[੧] ਵਿਆਕਰਣ ਅਨੁਸਾਰ ਅੰਤ ਵਿੱਚ 'ਹ' ਪ੍ਰਤਜਯ ਲਾਉਣ ਨਾਲ 'ਤੋਂ' ਜਾਂ 'ਨੂੰ' ਅਰਥ ਹੁੰਦਾ ਹੈ, 'ਆਤਮਾ ਨੂੰ' ਜਾਂ 'ਆਤਮਾ ਤੋਂ' ਅਰਥ ਏਥੋਂ ਪ੍ਰਕਰਣਾਨੁਸਾਰ ਨਹੀਂ ਨਿਕਲਦੇ। ਜਿਸ ਤੋਂ ਮਾਲੂਮ ਪੈਂਦਾ ਹੈ ਕਿ ਲਿਖਾਰੀ ਦੀ ਭੁੱਲ ਨਾਲ 'ਪਰਾਤਮਾਹ' ਦਾ 'ਹਾਹਾ' ਆਤਮਾ ਨਾਲ ਲਿਖਿਆ ਗਿਆ ਹੈ, 'ਸੇ ਆਤਮਾ ਪਰਾਤਮਾਹ ਪੁਛੰਤ' ਪਾਠ ਦਾ ਹੀ ਅਰਥ 'ਆਤਮਾ' ਉਹ (ਚਤੁਰ ਵਰਗ) ਨੂੰ ਪਰਾਤਮਾ ਤੋਂ ਪੁੱਛਦਾ ਹੈ', ਬਣਦਾ ਹੈ, ਹੋਰ ਦਾ ਨਹੀਂ।

[੨] ਗਿਆਨ ਪ੍ਰਬੋਧ ਗ੍ਰੰਥ ਅਧੂਰਾ ਹੈ, ਜਿਸ ਤੋਂ ਇਸ ਚਾਰ ਵਰਗ ਧਰਮ ਦਾ..........। ਹੁਣ ਮੌਜੂਦ ਗਿਅਨ ਪ੍ਰਬੋਧ ਵਿੱਚੋਂ ਪ੍ਰਾਪਤ ਨਹੀਂ, ਬਲਕਿ ਦਾਨ ਧਰਮ ਅੰਗ ਦਾ ਵੀ ਪੂਰਨ ਫਲ ਸਹਿਤ ਵਰਣਨ ਪ੍ਰਾਪਤ ਨਹੀਂ, ਜਿਸ ਤੋਂ ਨਿਰਸੰਕੋਚ ਮੰਨਣਾ ਪੈ ਰਿਹਾ ਹੈ ਕਿ ਭਾਈ ਮਨੀ ਸਿੰਘ ਜੀ ਨੂੰ ਜਿੰਨੀ ਬਾਣੀ ਪ੍ਰਾਪਤ ਹੋ ਸਕੀ ਹੈ, ਭਾਵੇਂ ਉਹ ਟੁੱਟੀ ਫੁੱਟੀ ਸੀ, ਭਾਵੇਂ ਉਹ ਸ਼ੁੱਧ ਅਸ਼ੁੱਧ ਸੀ, ਉਨ੍ਹਾਂ ਗਵਾਈ ਨਹੀਂ, ਬਲਕਿ ਸੈਂਚੀ ਵਿੱਚ ਲਿਖ ਦਿੱਤੀ ਹੈ। ਭਾਈ ਜੀ ਨੇ ਦੋ-ਦੋ ਬੈਂਤ ਵੀ ਅੱਡ-ਅੱਡ ਲਿਖੇ ਹੋਏ ਹਨ, ਵੇਖੋ ਬੀੜ ਭਾਈ ਮਨੀ ਸਿੰਘ ਜੀ ਦਾ ਅੰਤਮ ਪੱਤਰਾ। ਇਹ ਭਾਈ ਸਾਹਿਬ ਜੀ ਦਾ ਪਰਮ ਉਪਕਾਰ ਅਤੇ ਮਹਾਨ ਧੀਰਜਮਈ ਗੁਣ ਹੈ, ਜੋ ਇੱਕ ਲਿਖਾਰੀ ਲਈ ਅਤਿ ਉੱਤਮ ਅਤੇ ਮਹਾਨ ਗੁਣਦਾਇਕ ਹੈ। ਪੂਰਨ-ਅਪੂਰਨ, ਸ਼ੁੱਧ-ਅਸ਼ੁੱਧ, ਛੰਦ-ਕੁਛੰਦ, ਅਲੰਕਾਰਿਤ-ਅਨਾਲੰਕਾਰਿਤ, ਵਿਆਕਰਨ ਅਤੇ ਅਵਿਆਕਰਨ ਵਿਚਾਰਾਂ ਕਰਨੀਆਂ ਵਿਦਵਾਨਾਂ ਦਾ ਕੰਮ ਹੈ। ਲਿਖਾਰੀ ਦਾ ਅਰਥ ਕੇਵਲ 'ਨਕਲ ਕਰਤਾ' ਹੀ ਹੈ, ਨਿਰਮਾਤਾ ਨਹੀਂ। ਏਸ ਤੋਂ ਭਾਈ ਸਾਹਿਬ ਜੀ ਪਰਮ ਪੂਜਯ ਹਨ।

ਹੁਣ ਅਸਾਂ ਉਨ੍ਹਾਂ ਦਿਆਂ ਕਦਮਾਂ 'ਤੇ ਹੀ ਤੁਰ ਕੇ ਏਸ ਦੀਆਂ ਖਾਮੀਆਂ ਵੀ ਇਨ੍ਹਾਂ ਹੀ ਅੱਖਰਾਂ 'ਚੋਂ ਪੂਰੀਆਂ ਕਰਨੀਆਂ ਹਨ ਕਿਉਂਕਿ ਅੱਗੇ ਪ੍ਰਸੰਗ ਪੂਰਾ ਨਹੀਂ ਹੈ। ਏਸ ਯਤਨ ਕਰਨ ਵਾਲਿਆਂ ਵਿੱਚ ਅਸੀਂ ਸਾਰਿਆਂ ਤੋਂ ਚੰਗੇ ਸੰਪ੍ਰਦਾਇਕ ਗਿਆਨੀ ਸਮਝਦੇ ਹਾਂ, ਜਿਨ੍ਹਾਂ ਬਹੁਤ ਤੋਂ ਬਹੁਤ ਤਰੁਟੀਆਂ ਦੂਰ ਕੀਤੀਆਂ ਹਨ ਪਰ ਸੰਪ੍ਰਦਾਈਆਂ ਦਾ ਕਲਮਬੱਧ ਧਰੁਵਾ ਕੋਈ ਨਹੀਂ ਸੀ, ਜਿਸ ਤੋਂ ਅੱਗਾ ਪਿੱਛਾ, ਨਵੀਂ ਖੋਜ, ਪਹਿਲੀ ਲੜੀ ਦੀ ਭੁੱਲ, ਗਿਆਨੀਆਂ ਦੇ ਵਿੱਦਿਆਕ ਵਾਧੇ ਅਤੇ ਘਾਟੇ ਆਦਿਕ ਕਈ ਕਾਰਨ ਮਿਲ ਕੇ ਰਾਹ ਕੁਰਾਹ ਅਤੇ ਸੁਰਾਹ ਹੋ ਜਾਣੇ ਸੁਭਾਵਿਕ ਹੀ ਸਨ। ਪਰ ਫੇਰ ਵੀ ਅਰਥਮਈ ਗੁਣ ਸੰਪ੍ਰਦਾਇਕਾਂ ਵਿੱਚ ਉੱਤਮ ਹੀ ਹਨ। ਉਨ੍ਹਾਂ ਏਸ ਤੁਕ ਦੇ ਅਰਥ ਜਵਾਬ (ਉੱਤਰ) ਵਿੱਚ ਵੀ ਵਰਣਨ ਕੀਤੇ ਹਨ,

ਧਰਮ ਸੀ ਅਥਵਾ ਸਤਿਜੁਗ ਵਿੱਚ (ਕਰਮ ਸੁਰ) ਕਰਮ ਦਿਆਂ ਸੂਰਮਿਆਂ ਭਾਵ ਦੇਵਤਿਆਂ ਨੇ ਦਾਨ ਹੀ ਦਿੱਤੇ ਹਨ। (ਅਕੰਥ) ਅਕੱਥ (ਬਹੁਤ) ਜ਼ਮੀਨ ਆਦਿਕ ਦਾਨ ਕੀਤੇ ਹਨ॥੯॥੧੩੪॥

**ਤ੍ਰੈ ਜੁਗ ਮਹੀਪ ਬਰਨੇ ਨ ਜਾਤ॥ ਗਾਥਾ ਅਨੰਤ ਉਪਮਾ ਅਗਾਤ॥**
**ਜੋ ਕੀਏ ਜਗਤ ਮੈ ਜੱਗ ਧਰਮ॥ ਬਰਨੇ ਨ ਜਾਹਿ ਤੇ ਅਮਿਤ ਕਰਮ॥੧੦॥੧੩੫॥**

***ਭਾਵਾਰਥ:–*** (ਪਰਾਤਮਾ ਕਹਿੰਦਾ ਹੈ ਕਿ ਹੇ ਆਤਮਾ!) ਜਿਹੜੇ ਰਾਜੇ ਤਿੰਨਾਂ ਯੁੱਗਾਂ ਵਿੱਚ ਹੋਏ ਹਨ, ਓਨੇ ਤਾਂ ਕਹੇ ਨਹੀਂ ਜਾਂਦੇ, ਉਨ੍ਹਾਂ ਦੀ ਬੇਅੰਤ ਕਥਾ ਹੈ ਅਤੇ (ਅਗਾਤ) ਅਕਹਿ ਉਪਮਾ ਹੈ। ਸੰਸਾਰ ਵਿੱਚ ਜਿਹੜੇ (ਉਨ੍ਹਾਂ) ਯਗ-ਧਰਮ ਕੀਤੇ, ਉਹ ਬੇਅੰਤ ਕਰਮ ਕਹੇ ਨਹੀਂ ਜਾਂਦੇ॥੧੦॥੧੩੫॥

**ਕਲਿਜੁਗ ਤੇ ਆਦਿ ਜੋ ਭਏ ਮਹੀਪ॥ ਇਹਿ ਭਰਥ ਖੰਡ ਮਹਿ ਜੰਬੂ ਦੀਪ॥**
**ਤ੍ਵ ਬਲ ਪ੍ਰਤਾਪ ਬਰਣੌਂ ਸੁ ਤ੍ਰੈਣ॥ ਰਾਜਾ ਯੁਧਿਸਟ੍ਰ ਭੂ ਭਰਥ ਏਣ॥੧੧॥੧੩੬॥**

***ਭਾਵਾਰਥ:–*** ਜਿਹੜੇ ਰਾਜੇ ਕਲਿਜੁਗ ਦੇ ਆਦਿ ਤੋਂ ਹੋਏ ਹਨ, ਇਸ ਭਾਤਰ ਖੰਡ ਅਥਵਾ ਜੰਬੂ ਦੀਪ ਵਿੱਚ (ਤ੍ਰੈਣ)। ਹੇ ਆਤਮਾ! ਉਨ੍ਹਾਂ ਨੂੰ ਤੇਰੇ ਬਲ-ਪ੍ਰਤਾਪ ਨਾਲ ਵਰਣਨ ਕਰਦਾ ਹਾਂ। (ਏਣ) ਏਸ (ਭੂ ਭਰਥ) ਭਾਰਤ ਭੂਮੀ ਦਾ ਰਾਜਾ ਯੁਧਿਸ਼ਟਰ ਹੋਇਆ॥੧੧॥੧੩੬॥

**ਖੰਡੇ ਅਖੰਡ ਜਿਹ ਚਤੁਰ ਖੰਡ॥ ਕੈਰੌਂ ਕੁਰੁਖੇਤ੍ਰ ਮਾਰੇ ਪ੍ਰਚੰਡ॥**
**ਜਿਹ ਚਤੁਰ ਕੁੰਡ ਜਿਤਯੋ ਦੁਬਾਰ॥ ਅਰਜੁਨ ਭੀਮਾਦਿ ਭ੍ਰਾਤਾ ਜੁਝਾਰ॥੧੨॥੧੩੭॥**

***ਭਾਵਾਰਥ:–*** ਜੀਹਨੇ ਚਹੁੰ (ਖੰਡ) ਪਾਸਿਆਂ ਦੇ ਅਖੰਡ ਯੋਧੇ (ਖੰਡੇ) ਮਾਰ ਦਿੱਤੇ। (ਪ੍ਰਚੰਡ) ਕ੍ਰੋਧ ਕਰਕੇ ਕੁਰੂਛੇਤ੍ਰ ਵਿੱਚ ਕੈਰਵ ਮਾਰ ਦਿੱਤੇ। ਜੀਹਨੇ ਚਹੁੰ ਕੁੰਟਾਂ ਨੂੰ ਹੀ ਦੁਬਾਰਾ ਜਿੱਤ ਲਿਆ। ਅਰਜੁਨ, ਭੀਮ ਸੈਨ ਆਦਿਕ ਲੜਾਕੇ ਭਰਾਵਾਂ ਨਾਲ (ਮਿਲ ਕੇ)॥੧੨॥੧੩੭॥

**ਅਰਜੁਨ ਪਠਯੋ ਉੱਤਰ ਦਿਸਾਨ॥ ਭੀਮਹਿ ਕਰਾਇ ਪੂਰਬ ਪਯਾਨ॥**
**ਸਹਿਦੇਵ ਪਠਯੋ ਦੱਛਣ ਸੁ ਦੇਸ॥ ਨਕੁਲਹਿ ਪਠਾਇ ਪੱਛਮ ਪ੍ਰਵੇਸ॥੧੩॥੧੩੮॥**

***ਭਾਵਾਰਥ:–*** ਯੁਧਿਸ਼ਟਰ ਨੇ ਅਰਜਨ (ਉੱਤਰ) ਪਹਾੜ ਦੀ ਤਰਫ ਵੱਲ ਭੇਜਿਆ। ਭੀਮ ਸੈਨ ਨੂੰ ਚੜ੍ਹਦੇ ਵੱਲ (ਪਯਾਨ) ਤੋਰਿਆ। ਸਹਿਦੇਵ ਨੂੰ ਦੱਖਣ ਦੇਸ਼ ਵੱਲ ਭੇਜਿਆ। ਲਹਿੰਦੇ ਦੇਸ਼ ਵਿੱਚ ਨਕੁਲ ਨੂੰ ਭੇਜਿਆ॥੧੩॥੧੩੮॥

**ਮੰਡੇ ਮਹੀਪ ਖੰਡਯੋ ਖਤ੍ਰਾਣ॥ ਜਿੱਤੇ ਅਜੀਤ ਮੰਡੇ ਮਹਾਨ॥**
**ਖੰਡਯੋਸੁ ਉੱਤਰ ਖੁਰਾਸਾਨ ਦੇਸ॥ ਦੱਛਨ ਪੂਰਬ ਜੀਤੇ ਨਰੇਸ॥੧੪॥੧੩੯॥**

***ਭਾਵਾਰਥ:–*** (ਮਹੀਪ) ਰਾਜੇ (ਮੰਡੇ) ਮਲ (ਦਲ) ਸੁੱਟੇ, (ਖਤ੍ਰਾਣ) ਖੱਤਰੀਆਂ ਨੂੰ ਨਾਸ ਕੀਤਾ, ਅਜਿੱਤ ਵੀ ਜਿੱਤ ਲਏ, (ਮਹਾਨ) ਵੱਡੇ (ਲੋਹ) ਮਲ (ਲਤਾੜ) ਦਿੱਤੇ। (ਉੱਤਰ) ਪਹਾੜ ਅਤੇ

---

ਯਥਾ:- '(ਹੇ ਆਤਮਾ!) (ਤੁਮ) ਤੇਰੇ ਪ੍ਰਤੀ ਪਹਿਲਾਂ ਦਾਨ (ਧਰਮ) ਹੀ ਵਰਣਨ ਕਰਦਾ ਹਾਂ'। ਏਸ ਅਰਥ ਤੋਂ ਅਧੂਰੇਪਣ ਦੀ ਝਲਕ ਅਤੇ ਕੁਝ ਅਧੂਰੇ ਪ੍ਰਸੰਗ ਦੀ ਪੂਰਤੀ ਹੋ ਜਾਂਦੀ ਹੈ, ਹੋਰ ਵਿਸ਼ੇਸ਼ ਲਾਭ ਕੋਈ ਨਹੀਂ।

ਖੁਰਾਸਾਨ ਦੇਸ਼ਾਂ ਨੂੰ (ਖੰਡਿਓਸੁ) ਜਿੱਤ ਲਿਆ। ਦੱਖਣ ਅਤੇ ਚੜ੍ਹਦੇ ਦੇ ਰਾਜੇ ਵੀ ਜਿੱਤ ਲਏ॥੧੪॥੧੩੯॥

**ਖਗ ਖੰਡ ਖੰਡ ਜੀਤੇ ਮਹੀਪ॥ ਬਾਜਯੋ ਨਿਸਾਨ ਇਹ ਜੰਬੂ ਦੀਪ॥**
**ਇਕ ਠਉਰ ਕੀਏ ਸਬ ਦੇਸ ਰਾਉ॥ ਮਖ ਰਾਜਸੂਅ ਕੋ ਕੀਓ ਚਾਉ॥੧੫॥੧੪੦॥**

***ਭਾਵਾਰਥ:–*** ਤੀਰਾਂ ਅਤੇ ਤਲਵਾਰਾਂ ਦੇ ਜ਼ੋਰ ਨਾਲ ਰਾਜੇ ਜਿੱਤ ਲਏ। ਏਸ ਜੰਬੂ ਦੀਪ (ਏਸ਼ੀਆ) ਵਿੱਚ (ਨਿਸਾਨ) ਨਗਾਰਾ ਵੱਜਿਆ। ਸਾਰਿਆਂ ਦੇਸ਼ਾਂ ਦੇ ਰਾਜੇ ਇੱਕ ਥਾਂ ਕਰ ਲਏ। ਰਾਜਸੂਅ ਯੱਗ ਦਾ (ਚਾਉ) ਸ਼ੌਕ ਹੋਇਆ॥੧੫॥੧੪੦॥

**ਸਭ ਦੇਸ ਦੇਸ ਪਠੇ ਸੁ ਪਤ੍ਰ॥ ਜਿਤ ਜਿਤ ਗੁਨਾਢ ਕੀਏ ਇਕਤ੍ਰ॥**
**ਮਖ ਰਾਜਸੂਅ ਕੀਯੋ ਅਰੰਭ॥ ਨ੍ਰਿਪ ਬਹੁ ਬੁਲਾਇ ਜਿਤੇ ਅਸੰਭ॥੧੬॥੧੪੧॥**

***ਭਾਵਾਰਥ:–*** ਸਾਰਿਆਂ ਦੇਸ਼ਾਂ ਦੇਸਾਂਤਰਾਂ ਵਿੱਚ ਪੱਤਰ ਭੇਜ ਦਿੱਤੇ। (ਗੁਨਾਢ) ਮਹਾਂ ਗੁਣੀ ਜਿੱਥੇ ਜਿੱਥੇ ਸਨ ਓਥੋਂ ਓਥੋਂ ਹੀ ਇਕੱਠੇ ਕਰ ਲਏ। ਰਾਜਸੂਅ ਯੱਗ ਆਰੰਭ ਕਰ ਦਿੱਤਾ। ਜੋ ਰਾਜੇ (ਜਿੱਤੇ) ਜਿੱਤਣੇ (ਅਸੰਭ) ਅਸੰਭਵ ਸਨ, (ਬਹੁ) ਉਹ ਬੁਲਾ ਲਏ ਗਏ॥੧੬॥੧੪੧॥

**ਰੂਆਲ ਛੰਦ॥**
**ਕੋਟਿ ਕੋਟਿ ਬੁਲਾਇ ਰਿੱਤਜ ਕੋਟਿ ਬ੍ਰਹਮ ਬੁਲਾਇ॥**
**ਕੋਟਿ ਕੋਟਿ ਬਨਾਇ ਬਿੰਜਨ ਭੋਗੀਅਹਿ ਬਹੁ ਭਾਇ॥**
**ਜਤ੍ਰ ਤਤ੍ਰ ਸਮਗ੍ਰਿਕਾ ਕਹੂੰ ਲਾਗ ਹੈਂ ਨ੍ਰਿਪਰਾਇ॥**
**ਰਾਜਸੂਇ ਕਰਹਿ ਲਗੇ ਸਭ ਧਰਮ ਕੋ ਚਿਤ ਚਾਇ॥੧॥੧੪੨॥**

***ਭਾਵਾਰਥ:–*** ਕਰੋੜਾਂ ਦਰ ਕਰੋੜਾਂ (ਰਿਤੱਜ) ਯੱਗ ਕਰਵਾਉਣ ਵਾਲੇ ਬ੍ਰਾਹਮਣ ਬੁਲਾ ਲਏ ਅਤੇ ਕਰੋੜਾਂ ਹੀ ਬ੍ਰਹਮ ਰਿਸ਼ੀ ਬੁਲਾ ਲਏ। ਕਰੋੜਾਂ ਹੀ (ਬਿੰਜਨ) ਭੋਜਨ ਬਣਾ ਕੇ ਬਹੁਤ ਸਵਾਦ ਨਾਲ ਖਾਧੇ ਜਾਂਦੇ ਹਨ। (ਨ੍ਰਿਪਰਾਇ) ਮਹਾਰਾਜੇ ਵੀ ਜਿੱਧਰ ਕਿੱਧਰ (ਸਮਗ੍ਰਿਕਾ) ਸਮੱਗਰੀ ਢੋਣ ਲਈ ਹੀ ਲੱਗੇ ਹੋਏ ਹਨ। ਸਾਰੇ ਧਰਮ ਦਾ ਚਿੱਤ ਵਿੱਚ ਉਤਸ਼ਾਹ ਲੈ ਕੇ ਰਾਜਸੂਅ ਯੱਗ ਕਰ ਰਹੇ ਹਨ॥੧॥੧੪੨॥

**ਏਕ ਏਕ ਸੁਵਰਨ ਕੋ ਦਿਜ ਏਕ ਦੀਜੈ ਭਾਰ॥**
**ਏਕ ਸਉ ਗਜ ਏਕ ਸਉ ਰਥਿ ਦੁਇ ਸਹੰਸ੍ਰ ਤੁਖਾਰ॥**
**ਸਹਸ ਚਤੁਰ ਸੁਵਰਨ ਸਿੰਗੀ ਮਹਿਖਿ ਦਾਨ ਅਪਾਰ॥**
**ਏਕ ਏਕਹਿ ਦੀਜੀਐ ਸੁਨਿ ਰਾਜ ਰਾਜ ਔਤਾਰ॥੨॥੧੪੩॥**

***ਭਾਵਾਰਥ:–*** ਹੇ ਰਾਜ ਰਾਜ ਅਵਤਾਰ (ਆਤਮਾ)! ਸੁਣ ਕਿ–ਇੱਕ ਇੱਕ ਬ੍ਰਾਹਮਣ ਨੂੰ ਇੱਕ ਇੱਕ ਭਾਰ ਸੋਨੇ ਦਾ ਦਿੱਤਾ ਜਾਂਦਾ ਸੀ, ਇੱਕ ਸੌ ਹਾਥੀ, ਇੱਕ ਸੌ ਰਥ ਅਤੇ ਦੋ (ਸਹੰਸ੍ਰ) ਸੌ (ਤੁਖਾਰ) ਘੋੜੇ ਦਿੱਤੇ ਜਾਂਦੇ ਸਨ। ਚਾਰ ਸੌ ਸੋਨੇ ਦੀਆਂ ਸਿੰਙਾਂ ਨਾਲ ਮੜ੍ਹੀਆਂ ਹੋਈਆਂ ਗਊਆਂ ਅਤੇ ਬੇਹਿਸਾਬਾ ਹੀ (ਮਹਿਖਿ) ਮਹੀਆਂ ਦਾ ਦਾਨ, ਇੱਕ ਇੱਕ ਬ੍ਰਾਹਮਣ ਨੂੰ ਦਿੱਤਾ ਜਾਂਦਾ ਸੀ॥੨॥੧੪੩॥

**ਸੁਵਰਨ ਦਾਨ ਸੁ ਰੁਕਮ ਦਾਨ ਸੁ ਤਾਂਬ੍ਰ ਦਾਨ ਅਨੰਤ॥**
**ਅੰਨ ਦਾਨ ਅਨੰਤ ਦੀਜਤਿ ਦੇਖ ਦੀਨ ਦੁਰੰਤ॥**
**ਬਸਤ੍ਰ ਦਾਨ ਪਟੰਬਰ ਦਾਨ ਸੁ ਸਸਤ੍ਰ ਦਾਨ ਦਿਜੰਤ॥**
**ਭੂਪ ਭਿੱਛਕ ਹੁਇ ਗਏ ਸਬ ਦੇਸ ਦੇਸ ਦੁਰੰਤ॥੩॥੧੪੪॥**

***ਭਾਵਾਰਥ:–*** ਸੋਨੇ ਦਾ ਦਾਨ, (ਰੁਕਮ) ਚਾਂਦੀ ਦਾ ਦਾਨ ਅਤੇ ਬੇਅੰਤ ਤਾਂਬੇ ਦਾ ਦਾਨ। (ਦੁਰੰਤ) ਬਹੁਤ ਗ਼ਰੀਬਾਂ ਨੂੰ ਵੇਖ ਕੇ ਬੇਅੰਤ ਅੰਨ ਦਾ ਦਾਨ ਦਿੱਤਾ ਜਾਂਦਾ ਹੈ। ਕੱਪੜੇ ਦਾ ਦਾਨ, (ਪਟੰਬਰ) ਰੇਸ਼ਮੀ ਕੱਪੜੇ ਦਾ ਦਾਨ ਅਤੇ ਸ਼ਸਤਰ ਦਾਨ ਦਿੱਤਾ ਜਾਂਦਾ ਹੈ। ਸਾਰਿਆਂ ਦੇਸ਼ਾਂ ਦੇ ਬਿਅੰਤ (ਭਿੱਛੱਕ) ਮੰਗਤੇ ਵੀ ਰਾਜੇ ਹੋ ਗਏ॥੩॥੧੪੪॥

**ਚਤੁਰ ਕੋਸ ਬਨਾਇ ਕੁੰਡਕ ਸਹਸ੍ਰ ਲਾਇ ਪ੍ਰਨਾਰ॥**
**ਸਹੰਸ੍ਰ ਹੋਮ ਕਰੈ ਲਗੈ ਦਿਜ ਬੇਦ ਬ੍ਯਾਸ ਅਉਤਾਰ॥**
**ਹਸਤਿ ਸੁੰਡ ਪ੍ਰਮਾਨ ਘ੍ਰਿਤ ਕੀ ਪਰਤਿ ਧਾਰ ਅਪਾਰ॥**
**ਹੋਤ ਭਸਮ ਅਨੇਕ ਬਿੰਜਨ ਲਪਟ ਝਪਟ ਕਰਾਲ॥੪॥੧੪੫॥**

***ਭਾਵਾਰਥ:–*** ਚਹੁੰ ਕੋਹਾਂ ਵਿੱਚ ਇੱਕ ਅਗਨੀ ਕੁੰਡ ਬਣਾ ਕੇ (ਸਹੰਸ੍ਰ) ਹਜ਼ਾਰਾਂ ਪ੍ਰਨਾਲੇ ਲਾ ਦਿੱਤੇ। ਹਜ਼ਾਰਾਂ ਹੀ ਵੇਦ ਵਿਆਸ ਵਰਗੇ ਬ੍ਰਾਹਮਣ ਹਵਨ ਕਰਨ ਲੱਗ ਪਏ। ਹਾਥੀ ਦੇ ਸੁੰਡਾਂ (ਪ੍ਰਮਾਨ) ਵਰਗੀਆਂ ਘਿਉ ਦੀਆਂ ਬੇਅੰਤ ਧਾਰਾਂ ਪੈਂਦੀਆਂ ਸਨ। ਅਨੇਕ (ਬਿੰਜਨ) ਪਦਾਰਥ (ਕਰਾਲ) ਭਿਆਨਕ (ਲਪਟ) ਲਾਟ ਦੀ ਝਪਟ ਨਾਲ ਸੁਆਹ ਹੁੰਦੇ ਸਨ॥੪॥੧੪੫॥

**ਮ੍ਰਿਤਿਕਾ ਸਭ ਤੀਰਥ ਕੀ ਸਭ ਤੀਰਥ ਕੋ ਲੈ ਬਾਰਿ॥**
**ਕਾਸਟਿਕਾ ਸਭ ਦੇਸ ਕੀ ਸਭ ਦੇਸ ਕੀ ਜਿਉਨਾਰਿ॥**
**ਭਾਂਤਿ ਭਾਂਤਿਨਿ ਕੇ ਮਹਾ ਰਸ ਹੋਮੀਐ ਤਿਹ ਮਾਹਿ॥**
**ਦੇਖਿ ਚਕ੍ਰਿਤ ਰਹਿ ਦਿਜੰਬਰ ਰੀਝਹੀ ਨਰਨਾਹਿ॥੫॥੧੪੬॥**

***ਭਾਵਾਰਥ:–*** ਸਾਰੇ ਤੀਰਥਾਂ ਦੀ ਮਿੱਟੀ ਅਤੇ ਸਾਰੇ ਤੀਰਥਾਂ ਦਾ (ਬਾਰਿ) ਪਾਣੀ ਲੈ ਕੇ। ਸਾਰੇ ਦੇਸ਼ ਦੀਆਂ (ਕਾਸਟਕਾ) ਲੱਕੜੀਆਂ ਅਤੇ ਸਾਰੇ ਦੇਸ਼ ਦੀ (ਜਿਉਨਾਰਿ) ਰਸੋਈ ਭਾਵ ਭੋਜਨ ਸਮੱਗਰੀ ਲੈ ਕੇ। ਉਸ ਕੁੰਡ ਵਿੱਚ ਤਰ੍ਹਾਂ ਤਰ੍ਹਾਂ ਦੇ ਉੱਤਮ ਰਸ ਹਵਨ ਕੀਤੇ ਜਾਂਦੇ ਸਨ। ਵੇਖ ਕੇ (ਦਿਜੰਬਰ) ਉੱਚ ਬ੍ਰਾਹਮਣ ਹੈਰਾਨ ਹੋ ਰਹਿੰਦੇ ਸਨ ਅਤੇ (ਨਰਨਾਹਿ) ਯੁਧਿਅਟਰ ਪ੍ਰਸੰਨ ਹੁੰਦਾ ਸੀ॥੫॥੧੪੬॥

**ਭਾਂਤਿ ਭਾਂਤਿ ਅਨੇਕ ਬਿੰਜਨ ਹੋਮੀਐ ਤਿਹ ਆਨ॥**
**ਚਤੁਰ ਬੇਦ ਪੜੈ ਚਤੁਰ ਸਭ ਬਿੱਪ ਬ੍ਯਾਸ ਸਮਾਨ॥**
**ਭਾਂਤਿ ਭਾਂਤਿ ਅਨੇਕ ਭੂਪਤਿ ਦੇਤ ਦਾਨ ਅਨੰਤ॥**
**ਭੂਮਿ ਭੂਰਿ ਉਠੀ ਜਯਤ ਧੁਨਿ ਜਤ੍ਰ ਤਤ੍ਰ ਦੁਰੰਤ॥੬॥੧੪੭॥**

***ਭਾਵਾਰਥ:–*** ਓਥੇ ਲਿਆ ਕੇ ਤਰ੍ਹਾਂ ਤਰ੍ਹਾਂ ਦੇ ਅਨੇਕਾਂ (ਬਿੰਜਨ) ਭੋਜਨ ਜਾਂ ਪਦਾਰਥ ਹਵਨ ਕੀਤੇ ਜਾਂਦੇ ਹਨ। ਸਾਰੇ (ਬਿੱਪ) ਬ੍ਰਾਹਮਣ ਵਿਆਸ ਵਾਂਗ (ਚਤੁਰ) ਪੰਡਿਤ ਅਤੇ ਚਾਰੇ ਵੇਦ ਪੜ੍ਹੇ ਹੋਏ ਸਨ। ਅਨੇਕਾਂ ਰਾਜੇ ਅਨੇਕਾਂ ਤਰ੍ਹਾਂ ਦਾ ਦਾਨ, (ਭਾਂਤਿ ਭਾਂਤਿ) ਅਨੇਕਾਂ ਤਰੀਕਿਆਂ ਨਾਲ ਦੇਂਦੇ ਸਨ। (ਜਤ੍ਰ ਤਤ੍ਰ) ਧਰਤੀ ਤੇ ਸਾਰੇ ਪਾਸੀਂ (ਦੁਰੰਤ) ਬਿਅੰਤ ਹੀ (ਜਯਤ ਧੁਨਿ) ਜੈ ਜੈਕਾਰ (ਭੂਰਿ) ਹੋ ਉੱਠੀ॥੬॥੧੪੭॥

**ਜੀਤਿ ਜੀਤਿ ਮਵਾਸ ਆਸਨ ਅਰਬ ਖਰਬ ਛਿਨਾਇ॥**
**ਆਨਿ ਆਨਿ ਦੀਏ ਦਿਜਾਨਨ ਜੱਗ ਮੈ ਕੁਰੁਰਾਇ॥**
**ਭਾਂਤਿ ਭਾਂਤਿ ਅਨੇਕ ਧੂਪ ਸੁ ਧੂਪੀਐ ਤਿਹ ਆਨ॥**
**ਭਾਂਤਿ ਭਾਂਤਿ ਉਠੀ ਜਯਤ ਧੁਨਿ ਜਤ੍ਰ ਤਤ੍ਰ ਦਿਸਾਨ॥੭॥੧੪੮॥**

***ਭਾਵਾਰਥ:–*** (ਮਵਾਸ ਆਸਨ) ਯਾਕੀ ਥਾਂ (ਆਕੀ ਰਾਜ) ਜਿੱਤ ਜਿੱਤ ਕੇ ਅਤੇ ਅਰਬ ਖਰਬ (ਗਿਣਤੀ ਦਾ ਧਨ ਤੇ ਫ਼ੌਜ) ਖੋਹ ਕੇ। ਯੱਗ ਵਿੱਚ (ਕੁਰੁਰਾਇ – ਕੈਰਵ ਰਾਜ) ਯੁਧਿਸ਼ਟਰ ਨੇ ਬ੍ਰਾਹਮਣਾਂ ਨੂੰ ਲਿਆ ਲਿਆ ਦਿੱਤੇ ਸਨ। ਓਥੇ ਲਿਆ ਕੇ ਤਰ੍ਹਾਂ ਤਰ੍ਹਾਂ ਦੇ ਅਨੇਕ ਧੂਪ (ਧੂਪੀਐ) ਧੁਖਾਏ ਜਾਂਦੇ ਸਨ। (ਜੱਤ੍ਰ ਤੱਤ੍ਰ) ਸਾਰੀਆਂ ਦਿਸ਼ਾਵਾਂ ਵਿੱਚ ਤਰ੍ਹਾਂ ਤਰ੍ਹਾਂ ਦੀ ਜੈ ਜੈਕਾਰ ਦੀ ਧ੍ਵਨੀ ਉੱਠ ਖੜੀ ਸੀ॥੭॥੧੪੮॥

**ਜਰਾਸਿੰਧਹ ਮਾਰਿ ਕੈ ਪੁਨਿ ਕੈਰਵਾ ਹਤਿ ਪਾਇ॥**
**ਰਾਜਸੂਇ ਕੀਯੋ ਬਡੋ ਮਖ ਕਿਸਨ ਕੇ ਮਤਿ ਭਾਇ॥**
**ਰਾਜਸੂਇ ਸੁ ਕੈ ਕਿਤੇ ਦਿਨ ਜੀਤ ਸਤ੍ਰ ਅਨੰਤ॥**
**ਬਾਜਿਮੇਧ ਅਰੰਭ ਕੀਨੋ ਬੇਦ ਬ੍ਯਾਸ ਮਤੰਤ॥੮॥੧੪੯॥**
**ਪ੍ਰਿਥਮ ਜੱਗ ਸਮਾਪਤਹਿ॥**

***ਭਾਵਾਰਥ:–*** ਜਰਾਸੰਧ ਨੂੰ ਮਾਰ ਕੇ ਫੇਰ ਕੈਰਵਾਂ ਨੂੰ (ਹਤਿ ਪਾਇ) ਮਾਰ ਕੇ। ਰਾਜਸੂਇ ਵੱਡਾ ਯੱਗ ਸ੍ਰੀ ਕ੍ਰਿਸ਼ਨ ਜੀ ਦੇ ਮੱਤ (ਭਾਇ) ਅਨੁਸਾਰ ਕੀਤਾ ਗਿਆ। ਰਾਜਸੂਅ ਯੱਗ ਕਰਨ ਤੋਂ ਉਪਰੰਤ (ਕਿਤੇ) ਕੁਝ ਕੁ ਦਿਨ ਬੇਅੰਤ ਦੁਸ਼ਮਣ ਜਿੱਤਦੇ ਰਹੇ। ਫੇਰ ਵੇਦ ਵਿਆਸ ਜੀ (ਮਤੰਤ) ਮੱਤ ਅਨੁਸਾਰ ਅਸ਼੍ਵਮੇਧ ਯੱਗ ਸ਼ੁਰੂ ਕੀਤਾ ਗਿਆ॥੮॥੧੪੯॥

ਗਿਆਨ ਪ੍ਰਬੋਧ ਗ੍ਰੰਥ ਦਾ ਏਥੇ ਪਹਿਲਾ ਯੱਗ ਦਾ ਪ੍ਰਸੰਗ ਖ਼ਤਮ ਹੋ ਗਿਆ ਹੈ।

**ਸ੍ਰੀ ਬਰਣ ਬਧਹ॥**
**ਚੰਦ੍ਰ ਬਰਣ ਸੁਕਰਣ ਸ੍ਯਾਮ ਸੁਵਰਨ ਪੁੱਛ ਸਮਾਨ॥**
**ਰਤਨ ਤੁੰਗ ਉਤੰਗ ਬਾਜਤਿ ਉਚੈ ਸ੍ਰਵਾਹ ਸਮਾਨ॥**
**ਨ੍ਰਿਤ੍ਯ ਕਰਤ ਚਲੈ ਧਰਾ ਪਰਿ ਕਾਮ ਰੂਪ ਪ੍ਰਭਾਇ॥**
**ਦੇਖਿ ਦੇਖਿ ਛਕੈ ਸਭੈ ਨ੍ਰਿਪ ਰੀਝਿ ਇਉ ਨ੍ਰਿਪਰਾਇ॥੯॥੧੫੦॥**

***ਭਾਵਾਰਥ:–*** ਯੱਗ ਵਾਸਤੇ ਜੋ (ਸ੍ਰੀ ਬਰਣ) ਚੰਗੇ ਰੰਗ ਵਾਲਾ ਘੋੜਾ ਜੋ ਯੱਗ ਵਿੱਚ ਮਾਰਿਆ ਜਾਵੇਗਾ, ਉਸਦਾ ਪ੍ਰਸੰਗ ਕਹਿੰਦੇ ਹਾਂ। ਘੋੜਾ ਚੰਦ੍ਰਮਾ ਵਾਂਗ (ਬਰਣ) ਰੰਗ, (ਸਿਆਮ) ਕਾਲੇ ਕੰਨ ਅਤੇ ਸੋਨੇ ਵਾਂਗ ਪੂਛ ਵਾਲਾ ਸੀ। (ਤੁੰਗ) ਵਧੀਆ ਰਤਨ (ਜੜੀ ਹੋਈ ਗਜਗਾਹ) ਉੱਚੀ (ਬਾਜਤਿ) ਪ੍ਰਕਾਸ਼ਦੀ ਹੈ ਅਥਵਾ (ਬਾਜਤਿ ਉਤੰਗ) ਘੋੜਾ ਬਹੁਤ ਉੱਚਾ (ਉਚੈ ਸ੍ਰਵਾ) ਸੂਰਜ ਦੇ ਘੋੜੇ ਵਾਂਗ ਸੀ। ਜ਼ਮੀਨ ’ਤੇ ਨਾਚ ਕਰਦਾ ਚਲਦਾ ਸੀ, ਕਾਮ-ਮਈ (ਪ੍ਰਭਾਇ) ਸੋਭਾ ਵਾਲਾ। ਸਾਰੇ ਰਾਜੇ ਵੇਖ ਵੇਖ ਕੇ (ਛਕੈ) ਮੋਹੇ ਗਏ ਅਤੇ (ਨ੍ਰਿਪਰਾਇ) ਯੁਧਿਸ਼ਟਰ ਵੀ ਇਓਂ ਹੀ ਪ੍ਰਸੰਨ ਹੋਇਆ ਹੋਇਆ ਸੀ॥੯॥੧੫੦॥

**ਬੀਣ ਬੇਣੁ ਮ੍ਰਿਦੰਗ ਬਾਜਤਿ ਬਾਸੁਰੀ ਸੁਰ ਨਾਇ॥**
**ਮੁਰਜ ਤੂਰ ਮੁਚੰਗ ਮੰਦਲ ਚੰਗ ਬੰਗ ਸਨਾਇ॥**
**ਢੋਲ ਢੋਲਕ ਖੰਜਿਕਾ ਡਫ ਝਾਂਝ ਕੋਟਿ ਬਜੰਤ॥**
**ਜੰਗ ਘੁੰਗਰੁ ਟੱਲਿਕਾ ਉਪਜੰਤਿ ਰਾਗ ਅਨੰਤ॥੧੦॥੧੫੧॥**

***ਭਾਵਾਰਥ:–*** ਬੀਨ, (ਬੇਣੁ) ਮੋਰ ਬੇਨ (ਤਾਊਸ਼, ਰਬਾਬ, ਸਿਤਾਰ, ਤਾਨਪੁਰਾ) ਮ੍ਰਿਦੰਗ, ਬਾਂਸੁਰੀ ਅਤੇ ਕਾਇ ਦੀ ਸਰਿ ਵੱਜਦੀ ਸੀ। (ਮੁਰਜ) ਤਬਲਾ, (ਤੂਰ) ਨਰਸਿੰਗਾ, (ਮੁਚੰਗ) ਵੱਡੀ ਸਾਰੰਗੀ, (ਮੰਦਲ) ਢੋਲ, (ਚੰਗ) ਸਾਰੰਗੀ (ਵੱਡੀ ਡੱਫ) (ਬੰਗ ਸਨਾਇ) ਬੰਗਾਲੀ ਸਰਨਾਈ। ਢੋਲ ਢੋਲਕਾਂ, ਖੰਜਰੀਆਂ, ਡਫਾਂ ਅਤੇ ਕਰੋੜਾਂ ਝਾਂਝਰਾਂ ਵੱਜਦੀਆਂ ਸਨ। (ਜੰਗ) ਘੰਟੇ, ਘੁੰਘਰੂ ਅਤੇ ਟੱਲੀਆਂ ਤੋਂ ਬੇਅੰਤ ਰਾਗ ਪੈਦਾ ਹੁੰਦੇ ਸਨ॥੧੦॥੧੫੧

**ਅਮਿਤ ਸਬਦ ਬਜੰਤ੍ਰ ਭੇਰਿ ਹਹਰੰਤ ਬਾਜਿ ਅਪਾਰ॥**
**ਜਾਤ ਜੌਨ ਦਿਸਾਨ ਕੋ ਪਛ ਲਾਗਹੀ ਸਿਰਦਾਰ॥**
**ਜਉਨ ਬਾਧ ਤੁਰੰਗ ਝੂਝਤ ਜੀਤੀਐ ਕਰਿ ਜੁੱਧ॥**
**ਆਨ ਜੌਨ ਮਿਲੈ ਬਚੈ ਨਹਿ ਮਾਰੀਐ ਕਰਿ ਕ੍ਰੁੱਧ॥੧੧॥੧੫੨॥**

***ਭਾਵਾਰਥ:–*** (ਭੇਰਿ) ਨਗਾਰਿਆਂ (ਆਦਿਕ) ਵਾਜਿਆਂ ਦੇ ਬੇਅੰਤ ਸ਼ਬਦ ਅਤੇ ਬੇਅੰਤ ਘੋੜੇ (ਹਹਰੰਤ) ਹਿਣਕਦੇ ਹਨ, (ਜਗ ਵਾਲਾ ਘੋੜਾ) ਜਿਸ ਪਾਸੇ ਨੂੰ ਜਾਂਦਾ ਸੀ, ਸਿਰਦਾਰ (ਲੋਕ) ਪਿੱਛੇ ਪਿੱਛੇ (ਜਾਂਦੇ ਸਨ)। (ਰਾਜੇ ਯੁਧਿਸ਼ਟਰ ਨੇ ਸਰਦਾਰਾਂ ਨੂੰ ਆਖਿਆ ਕਿ) ਜਿਹੜਾ ਘੋੜਾ ਬੰਨ੍ਹ ਕੇ ਲੜਨਾ ਚਾਹੁੰਦਾ ਹੋਵੇ (ਉਹਨੂੰ) ਯੁੱਧ ਨਾਲ ਜਿੱਤੋ। ਜਿਹੜਾ ਆ ਮਿਲੇ (ਉਹੋ) ਬਚ ਸਕਦਾ, ਨਹੀਂ ਤਾਂ ਕ੍ਰੋਧ ਨਾਲ ਮਾਰਿਆ ਜਾਂਦਾ ਸੀ॥੧੧॥੧੫੨॥

**ਹੈ ਫੇਰ ਚਾਰ ਦਿਸਾਨ ਮੈ ਸਭ ਜੀਤਿ ਕੇ ਛਿਤਿਪਾਲ॥**
**ਬਾਜਿ ਮੇਧ ਕਰਯੋ ਸਪੂਰਨ ਅਮਿੱਤ ਜੱਗਜ ਰਸਾਲ॥**
**ਭਾਂਤਿ ਭਾਂਤਿ ਅਨੇਕ ਦਾਨ ਸੁ ਦੀਜੀਅਹਿ ਦਿਜਰਾਜ॥**
**ਭਾਂਤਿ ਭਾਂਤਿ ਪਟੰਬਰਾਦਿਕ ਬਾਜਿ ਯੌਂ ਗਜਰਾਜ॥੧੨॥੧੫੩॥**

***ਭਾਵਾਰਥ:–*** ਸਾਰਿਆਂ (ਛਿਤਿਪਾਲ) ਰਾਜਿਆਂ ਨੂੰ ਜਿੱਤ ਕੇ ਚਹੁੰਆਂ ਪਾਸਿਆਂ ਵਿੱਚ (ਹੈ) ਘੋੜਾ ਫੇਰ ਕੇ। ਬਹੁਤ (ਰਸਾਲ) ਸੋਹਣਾ (ਬਾਜਿ ਮੇਧ) ਅਸ਼੍ਵਮੇਧ ਯੱਗ ਪੂਰਾ ਕੀਤਾ। ਤਰ੍ਹਾਂ ਤਰ੍ਹਾਂ ਦੇ ਅਨੇਕਾਂ ਦਾਨ (ਦਿਜਰਾਜ) ਉੱਤਮ ਬ੍ਰਾਹਮਣਾਂ ਨੂੰ ਦਿੱਤੇ। ਤਰ੍ਹਾਂ ਤਰ੍ਹਾਂ ਦੇ ਰੇਸ਼ਮੀ ਕੱਪੜੇ ਆਦਿਕ ਘੋੜੇ ਅਤੇ ਵੱਡੇ ਹਾਥੀ (ਦਿੱਤੇ)॥੧੨॥੧੫੩॥

**ਅਨਿਕ ਦਾਨ ਦੀਏ ਦਿਜਾਨਨ ਅਮਿੱਤ ਦਰਬ ਅਪਾਰ॥**
**ਹੀਰ ਚੀਰ ਪਟੰਬਰਾਦਿ ਸੁਵਰਨ ਕੇ ਬਹੁ ਭਾਰ॥**
**ਦੁਸਟ ਪੁਸਟ ਤ੍ਰਸੇ ਸਬੈ ਥਰਹਰਜੋ ਸੁਨਿ ਗਿਰਿਰਾਇ॥**
**ਕਾਟਿ ਕਾਟਿ ਨ ਦੈ ਦ੍ਵਿਜੈ ਨ੍ਰਿਪ ਬਾਂਟ ਬਾਂਟ ਲੁਟਾਇ॥੧੩॥੧੫੪॥**

***ਭਾਵਾਰਥ:–*** ਬ੍ਰਾਹਮਣਾਂ ਨੂੰ ਬਹੁਤ ਤੋਂ ਬਹੁਤ ਧਨ ਅਤੇ (ਹੋਰ) ਅਨੇਕਾਂ ਦਾਨ ਦਿੱਤੇ। ਹੀਰੇ, ਕੱਪੜੇ, ਰੇਸ਼ਮੀ ਕੱਪੜੇ ਅਤੇ ਸੋਨੇ ਦੇ ਬਹੁਤ ਭਾਰ (ਢਾਈਮਣ) ਦਿੱਤੇ। (ਪੁਸਟ) ਬਲਵਾਨ ਦੁਸ਼ਟ ਸਾਰੇ ਹੀ ਡਰ ਗਏ ਅਤੇ (ਗਿਰਿਰਾਇ) ਸੁਮੇਰ ਪਰਬਤ (ਸੋਨੇ ਦਾ ਪਹਾੜ) ਵੀ ਸੁਣ ਕੇ (ਥਰਹਰਿਓ) ਕੰਬ ਗਿਆ, ਕਿ (ਨ੍ਰਿਪ) ਰਾਜਾ (ਯੁਧਿਸ਼ਟਰ ਮੈਨੂੰ) ਕੱਟ ਕੱਟ ਕੇ ਵੰਡ ਨਾ ਦੇਵੇ ਅਤੇ ਬ੍ਰਾਹਮਣਾਂ ਨੂੰ ਨਾ ਲੁਟਾ ਦੇਵੇ॥੧੩॥੧੫੪॥

**ਫੇਰ ਕੈ ਸਭ ਦੇਸ ਮੈ ਹਯ ਮਾਰਿਓ ਮਖ ਜਾਇ॥**
**ਕਾਟਿ ਕੈ ਤਿਹ ਕੋ ਤਬੈ ਪਲ ਕੈ ਕਰੈ ਚਤੁ ਭਾਇ॥**
**ਏਕ ਬਿਪ੍ਰਨ ਏਕ ਛਤ੍ਰਿਨ ਏਕ ਇਸਤ੍ਰਿਨ ਦੀਨ॥**
**ਚਤੁਰ ਅੰਸ ਬਚਜੋ ਜੁ ਤਾ ਤੇ ਹੋਮ ਮੈ ਵਹਿ ਕੀਨ॥੧੪॥੧੫੫॥**

***ਭਾਵਾਰਥ:–*** ਘੋੜੇ ਨੂੰ ਸਾਰੇ ਦੇਸ ਵਿੱਚ ਘੁਮਾ ਕੇ (ਮਖ) ਯੱਗ ਵਿੱਚ ਜਾ ਮਾਰਿਆ। ਓਸ (ਘੋੜੇ) ਨੂੰ ਵੱਢ ਕੇ (ਪਲ) ਮਾਸ ਦੇ ਚਾਰ (ਭਾਇ) ਹਿੱਸੇ ਕਰ ਦਿੱਤੇ। ਇੱਕ ਬ੍ਰਾਹਮਣਾਂ ਨੂੰ, ਇੱਕ ਖੱਤਰੀਆਂ ਨੂੰ ਅਤੇ ਇੱਕ (ਹਿੱਸਾ) ਔਰਤਾਂ ਨੂੰ ਦਿੱਤਾ। ਜਿਹੜਾ ਚੌਥਾ (ਅੰਸ) ਭਾਗ ਬਚਿਆ ਹੋਇਆ ਸੀ ਉਹੋ ਹੀ ਹਵਨ (ਕੁੰਡ) ਵਿੱਚ (ਅਗਨਿ ਭੇਟ) ਕੀਤਾ॥੧੪॥੧੫੫॥

**ਪੰਚ ਸੈ ਬਰਖ ਪ੍ਰਮਾਨ ਸੁ ਰਾਜ ਕੈ ਇਹ ਦੀਪ॥**
**ਅੰਤ ਜਾਇ ਗਿਰੇ ਰਸਾਤਲ ਪੰਡੁ ਪੁਤ੍ਰ ਮਹੀਪ॥**
**ਭੂਪ ਭਰਥ ਭਏ ਪਰੀਛਤ ਪਰਮ ਰੂਪ ਮਹਾਨ॥**
**ਅਮਿਤ ਰੂਪ ਉਦਾਰ ਦਾਨ ਅਛਿੱਜ ਤੇਜ ਨਿਧਾਨ॥੧੫॥੧੫੬॥**
**ਸ੍ਰੀ ਗਜਾਨ ਪ੍ਰਬੋਧ ਪੋਥੀ ਦੁਤਿਯ ਜੱਗਜ ਸਮਾਪਤੰ ॥੨॥**

***ਭਾਵਾਰਥ:–*** ਏਸ (ਜੰਬੂ) ਦੀਪ ਵਿੱਚ ਪੰਜ ਸੌ ਵਰ੍ਹੇ ਤੱਕ ਰਾਜ ਕਰ ਕੇ, ਰਾਜੇ ਪੰਡ ਦਾ ਪੁੱਤਰ (ਰਾਜਾ ਯੁਧਿਸ਼ਟਰ ਜੀ, ਪਾਂਡਵਾਂ ਸਮੇਤ) ਆਖਰ (ਰਸਤਾਲ) ਪਤਾਲ ਵਿੱਚ ਜਾ ਡਿੱਗੇ (ਭਾਵ– ਹਿਮਾਲਿਆ ਵਿੱਚ ਹਠ ਕਰਕੇ ਗਲ ਗਏ ਸਨ, ਜਿਸ ਤੋਂ ਮੁਕਤ ਨਹੀਂ ਹੋ ਸਕੇ)। (ਭੂਮਿ) ਧਰਤੀ ਦੇ (ਭਰਥ)

ਰਾਜੇ ਪ੍ਰੀਛਤ ਜੀ ਹੋ ਗਏ, ਜੋ ਬਹੁਤ ਰੂਪ ਵਾਲੇ ਸਨ। ਅਤਿ ਰੂਪਵਾਨ (ਉਦਾਰ) ਸ੍ਰੇਸ਼ਟ ਦਾਨ ਵਾਲੇ ਅਤੇ ਅਮਿੱਟ ਪ੍ਰਭਾਵ ਦਾ ਭੰਡਾਰ ਸਨ॥੧੫॥੧੫੬॥ ਸ੍ਰੇਸ਼ਟ ਗਿਆਨ ਪ੍ਰਬੋਧ ਪੋਥੀ ਵਿੱਚੋਂ ਦੂਜਾ ਯੱਗ ਸਮਾਪਤ ਹੋ ਗਿਆ ਹੈ॥੨॥

**ਅਥ ਰਾਜਾ ਪ੍ਰੀਛਤ ਕੋ ਰਾਜ ਕਥਨੰ॥ ਰੂਆਲ ਛੰਦ॥**
**ਏਕ ਦਿਵਸ ਪ੍ਰੀਛਤਹਿ ਮਿਲਿ ਕੀਯੋ ਮੰਤ੍ਰ ਮਹਾਨ॥**
**ਗਜਾ ਮੇਧ ਸੁ ਜੱਗਯ ਕੋ ਕਿਉ ਕੀਜੀਐ ਸਵਿਧਾਨ॥**
**ਬੋਲਿ ਬੋਲਿ ਸੁਮਿਤ੍ਰ ਮੰਤ੍ਰਨ ਮੰਤ੍ਰ ਕਿਯੋ ਬਿਚਾਰ॥**
**ਸੇਤ ਦੰਤਿ ਮੰਗਾਇ ਕੈ ਬਹੁ ਜਗਤ ਸੌ ਅਬਿਚਾਰ॥੧॥੧੫੭॥**

***ਭਾਵਾਰਥ:-*** ਇੱਕ ਦਿਨ (ਮੰਤਰੀਆਂ ਨਾਲ) ਪ੍ਰੀਛਤ ਨੇ ਮਿਲ ਕੇ (ਮਹਾਨ) ਵੱਡੀ (ਮੰਤ੍ਰ) ਸਲਾਹ ਕੀਤੀ। (ਸਵਿਧਾਨ) ਵਿਧੀ ਸਹਿਤ ਰਾਜਾ ਮੇਧ (ਹਾਥੀ ਦੀ ਕੁਰਬਾਨੀ ਦਾ) ਯੱਗ ਨੂੰ ਕਿਵੇਂ ਕੀਤਾ ਜਾਵੇ? ਚੰਗੇ ਮਿੱਤਰ ਅਤੇ ਮੰਤਰੀਆਂ ਨੂੰ ਬੁਲਾ ਕੇ ਸਲਾਹ ਵਿਚਾਰਨ ਕੀਤੀ ਅਤੇ (ਅਬਿਚਾਰ) ਅਣਗਿਣਤ (ਸੇਤ) ਚਿੱਟੇ (ਦੰਤਿ) ਹਾਥੀ (ਮੰਗਾਇ ਕੈ) ਸਾਰੇ ਸੰਸਾਰ ਵਿੱਚੋਂ ਮੰਗਵਾ ਲਏ॥੧॥੧੫੭॥

**ਜਗਯ ਮੰਡਲ ਕੋ ਰਚਯੋ ਤਹਿ ਕੋਸ ਅਸ੍ਟ ਪ੍ਰਮਾਨ॥**
**ਅਸਟ ਸਹੰਸ੍ਰ ਬੁਲਾਇ ਰਿੱਤਿਜ ਅਸਟ ਲੱਛ ਦਿਜਾਨ॥**
**ਭਾਂਤਿ ਭਾਂਤਿ ਬਨਾਇ ਕੈ ਤਹਾ ਅਸ੍ਟ ਸਹੰਸ੍ਰ ਪ੍ਰਨਾਰ॥**
**ਹਸਤਿ ਸੁੰਡ ਪ੍ਰਮਾਨ ਤਾ ਮਹਿ ਹੋਮੀਐ ਘ੍ਰਿਤ ਧਾਰ॥੨॥੧੫੮॥**

***ਭਾਵਾਰਥ:-*** ਓਥੇ ਅੱਠ ਕੋਹਾਂ ਤੱਕ ਯੱਗ ਮੰਡਲ ਨੂੰ ਬਣਾਇਆ ਗਿਆ। ਅੱਠ ਹਜ਼ਾਰ (ਰਿਤਿਜੁ) ਹਵਨ ਕਰਨ ਵਾਲੇ ਬ੍ਰਾਹਮਣ ਅਤੇ ਅੱਠ ਲੱਖ ਬ੍ਰਾਹਮਣਾਂ ਨੂੰ ਬੁਲਾਇਆ। (ਭਾਂਤਿ ਭਾਂਤਿ) ਸੁਭਾਇਮਾਨ ਅਤੇ ਸੁੰਦਰ ਅੱਠ ਹਜ਼ਾਰ ਪ੍ਰਨਾਲੇ ਬਣਾ ਕੇ, ਉਨ੍ਹਾਂ (ਹੋਰ) ਵਿੱਚ ਦੀ ਹਾਥੀ ਦੇ ਸੁੰਡਾਂ ਵਰਗੀਆਂ ਘਿਓ ਦੀਆਂ ਧਾਰਾਂ ਹਵਨ ਵਿੱਚ ਪੈ ਜਾਂਦੀਆ ਸਨ॥੨॥੧੫੮॥

**ਦੇਸ ਦੇਸ ਬੁਲਾਇ ਕੈ ਬਹੁ ਭਾਂਤਿ ਭਾਂਤਿ ਨ੍ਰਿਪਾਲ॥**
**ਭਾਂਤਿ ਭਾਂਤਿਨਿ ਕੇ ਦੀਏ ਬਹੁ ਦਾਨ ਮਾਨ ਰਸਾਲ॥**
**ਹੀਰ ਚੀਰ ਪਟੰਬਰਾਦਿਕ ਬਾਜਿ ਅਉ ਗਜਰਾਜ॥**
**ਸਾਜ ਸਾਜ ਸਬੈ ਦੀਏ ਬਹੁ ਰਾਜ ਕੌ ਨ੍ਰਿਪਰਾਜ॥੩॥੧੫੯॥**

***ਭਾਵਾਰਥ:-*** (ਦੇਸ ਦੇਸ) ਬਹੁਤ ਦੇਸਾਂ ਦੇ (ਭਾਂਤਿ ਭਾਂਤਿ) (ਵੱਡੇ ਛੋਟੇ ਦੇਸਾਂ ਦੇ) ਅਣਗਿਣਤ (ਨ੍ਰਿਪਾਲ) ਰਾਜੇ ਬੁਲਾ ਕੇ। ਬਹੁਤ ਤਰ੍ਹਾਂ ਤਰ੍ਹਾਂ ਦੇ (ਰਸਾਲ) ਸੋਹਣੇ ਦਾਨ ਅਤੇ ਮਾਨ ਦਿੱਤੇ। ਹੀਰੇ, ਕੱਪੜੇ ਅਤੇ (ਚੀਰ ਪਟੰਬਰਾਦਿਕ) ਰੇਸ਼ਮ ਆਦਿਕ ਦੇ ਬਣੇ ਹੋਏ ਬਸਤਰ, (ਬਾਜਿ) ਘੋੜੇ ਅਤੇ

(ਗਜਰਾਜ) ਵੱਡੇ ਹਾਥੀ। ਸਾਰੇ ਹੀ ਸਜਾ ਸਜਾ ਕੇ (ਨ੍ਰਿਪਰਾਜ) ਮਹਾਰਾਜੇ (ਪ੍ਰੀਛਤ) ਨੇ ਬਹੁਤ ਰਾਜਿਆਂ ਨੂੰ ਦਿੱਤੇ॥੩॥੧੫੯॥

**ਐਸਿ ਭਾਂਤਿ ਕੀਓ ਤਹਾਂ ਬਹੁ ਬਰਖ ਲਉ ਤਿਹ ਰਾਜ॥**
**ਕਰਨ ਦੇਵ ਪ੍ਰਮਾਨ ਲਉ ਅਰੁ ਜੀਤਿ ਕੈ ਬਹੁ ਸਾਜ॥**
**ਏਕ ਦਿਵਸ ਚੜਿਓ ਨ੍ਰਿਪ ਬਰ ਸੈਲ ਕਾਜ ਅਖੇਟ॥**
**ਦੇਖ ਮ੍ਰਿਗ ਭਇਓ ਤਹਾਂ ਮੁਨਿਰਾਜ ਸਿਉ ਭਈ ਭੇਟ॥੪॥੧੬੦॥**

***ਭਾਵਾਰਥ:–*** ਇਸ ਤਰ੍ਹਾਂ ਓਸ (ਪ੍ਰੀਛਤ) ਨੇ ਓਥੇ (ਹਸਤਨਾਪੁਰ) ਵਿੱਚ ਬਹੁਤ ਵਰ੍ਹਿਆਂ ਤੱਕ ਰਾਜ ਕੀਤਾ। (ਦੇਵ) ਮਹਾਰਾਜਾ ਕਰਨ ਦੇ (ਪ੍ਰਮਾਨ ਲਉ) ਸਮੇਂ ਤੱਕ ਅਤੇ ਬਹੁਤੇ (ਸਾਜ) ਸ਼ਸਤਰ ਜਿੱਤ ਕੇ। ਇੱਕ ਦਿਨ (ਨ੍ਰਿਪ ਬਰ) ਰਾਜਾ ਪ੍ਰੀਛਤ (ਸੈਲ) ਪਹਾੜ ਵੱਲ (ਅਖੇਟ) ਸ਼ਿਕਾਰ ਵਾਸਤੇ ਚੜ੍ਹਿਆ। ਓਥੇ ਮ੍ਰਿਗ (ਨੂੰ ਲੋਪ) ਹੋਇਆ ਵੇਖ ਕੇ, (ਮੁਨਿਰਾਜ) ਸ਼ਮੀਕ ਰਿਸ਼ੀ ਦੇ ਨਾਲ (ਭੇਟ) ਮੁਲਾਕਾਤ ਹੋਈ॥੪॥੧੬੦॥

**ਪੈਡ ਯਾਹਿ ਗਯੋ ਨਹੀਂ ਮ੍ਰਿਗ ਰੇ ਰਿਖੀਸਰ ਬੋਲ॥**
**ਉਤ੍ਰ ਭੂਪਹਿ ਨਾ ਦਯੋ ਮੁਨਿ ਆਂਖਿ ਭੀ ਇਕ ਖੋਲ॥**
**ਮ੍ਰਿਤਕ ਸਰਪ ਨਿਹਾਰ ਕੈ ਜਿਹ ਅਗ੍ਰ ਤਾਹ ਉਠਾਇ॥**
**ਤਉਨ ਕੇ ਗਰ ਡਾਰ ਕੈ ਨ੍ਰਿਪ[1] ਜਾਤ ਭਯੋ ਨ੍ਰਿਪਰਾਇ॥੫॥੧੬੧॥**

***ਭਾਵਾਰਥ:–*** (ਰਾਜੇ ਪ੍ਰੀਛਤ ਨੇ ਕਿਹਾ ਕਿ) ਹੇ ਰਿਖੀਸ਼੍ਵਰ! (ਬੋਲ) ਦੱਸ ਕਿ (ਏਸ) (ਪੈਡ) ਰਾਹੇ (ਤਾਂ) (ਮ੍ਰਿਗ) ਹਰਨ ਨਹੀਂ ਗਿਆਂ? (ਮੁਨਿ) ਸ਼ਮੀਕ ਨੇ ਇੱਕ ਅੱਖ ਵੀ ਨਾ ਖੋਲ੍ਹੀ ਅਤੇ ਰਾਜੇ (ਪ੍ਰੀਛਤ) ਨੂੰ ਉੱਤਰ (ਕੋਈ) ਵੀ ਨਾ ਦਿੱਤਾ। (ਇਕ) (ਮ੍ਰਿਤਕ) ਮਰਿਆ ਹੋਇਆ ਸੱਪ ਵੇਖ ਕੇ ਓਸ ਨੂੰ (ਧਨੁਖ ਦੇ) (ਜਿਹ) ਨੋਕ ਅੱਗੇ ਚੁੱਕ ਕੇ। (ਨ੍ਰਿਪਰਾਇ) ਪ੍ਰੀਛਤ ਰਾਜਾ (ਤਉਨ) ਓਸ (ਸ਼ਮੀਕ ਰਿਸ਼ੀ) ਦੇ ਗਲ ਵਿੱਚ ਪਾ ਕੇ (ਜਾਤ ਭਯੋ) ਚਲਿਆ ਗਿਆ॥੫॥੧੬੧॥

**ਆਂਖ ਉਘਾਰ ਲਖੈ ਕਹਾ ਮੁਨਿ ਸਰਪ ਦੇਖ ਡਰਾਨ॥**
**ਕ੍ਰੋਧ ਕਰਤ ਭਯੋ ਤਹਾਂ ਦਿਜ ਰਕਤ ਨੇਤ੍ਰ ਚੁਚਾਨ॥**
**ਜਉਨ ਮੋ ਗਰਿ ਡਾਰਿ ਗਯੋ ਤਿਹ ਕਾਟਿ ਹੈ ਅਹਿਰਾਇ॥**
**ਸਪਤ ਦਿਵਸਨ ਮੈ ਮਰੈ ਯਹਿ ਸਤਿ ਸ੍ਰਾਪ ਸਦਾਇ[2]॥੬॥੧੬੨॥**

---

[1] ਏਸ ਤੁਕ ਵਿੱਚ ਰੂਆਲ ਜਾਂ ਰੁਆਲ ਛੰਦ ਦਾ 'ਰ ਸ ਜ ਜ ਭ ਗ ਲ' (S I S II S I S II S I S II S I) ਲੱਛਣ ਭੰਗ ਹੋਇਆ ਹੋਇਆ ਹੈ। 'ਨ੍ਰਿਪ' ਸ਼ਬਦ ਅਰਥ ਸ਼ੈਲੀ ਵਿੱਚ ਠੀਕ ਨਹੀਂ ਕਿਉਂਕਿ ਅੱਗੇ 'ਨ੍ਰਿਪ ਰਾਇ' ਪਾਠ ਫੇਰ ਲਿਖਿਆ ਹੋਇਆ ਹੈ ਇਹ ਗਣ ਛੰਦ  ਹੈ, ਜੀਹਦਾ ਪਹਿਲਾ ਵਿਸ੍ਰਾਮ ਦਸ ਅਤੇ ਦੂਜਾ ਸੱਤ ਅੱਖਰਾਂ 'ਤੇ ਹੁੰਦਾ ਹੈ। ਪਰ ਏਸ ਤੁਕ ਵਿੱਚ 'ਤਉਨ' ਨੂੰ 'ਤੌਨ' ਮੰਨ ਕੇ ਵੀ ੧੯ ਅੱਖਰ ਹਨ, ਜਿਸ ਤੋਂ 'ਭਯੋ' ਦੀ ਥਾਂ 'ਭੋ' ਵੀ ਮੰਨਣਾ ਪੈਂਦਾ ਹੈ।

[2] ਸ੍ਰੀਮਦ ਭਾਗਵਤ ਗੀਤਾ ਅਨੁਸਾਰ– ਸ਼ਮੀਕ ਰਿਸ਼ੀ ਦੇ ਪੁੱਤਰ ਨੇ ਸਰਾਪ ਦਿੱਤਾ।

***ਭਾਵਾਰਥ:-*** ਮੁਨੀ (ਸ਼ਮੀਕ) ਅੱਖ (ਉਘਾਰ) ਖੋਲ੍ਹ ਕੇ ਕੀ ਵੇਖਦਾ ਹੈ ਕਿ ਸੱਪ ਹੈ (ਉਸ ਨੂੰ) ਵੇਖ ਕੇ ਡਰ ਗਿਆ। ਓਥੇ (ਦਿਜ) ਸ਼ਮੀਕ ਮੁਨੀ ਨੇ ਕ੍ਰੋਧ ਕੀਤਾ ਤੇ ਨੇਤਰਾਂ 'ਚੋਂ ਲਹੂ ਚੋਣ ਲੱਗ ਪਿਆ (ਭਾਵ- ਅੱਖਾਂ ਬਹੁਤ ਲਾਲ ਹੋ ਗਈਆਂ)। ਮੇਰੇ ਗਲ ਵਿੱਚ ਜੋ (ਅਹਿਰਾਇ) ਸੱਪ (ਮੁਰਦਾ ਸੱਪ) ਪਾ ਗਿਆ ਹੈ- ਉਹਨੂੰ ਹੀ ਕੱਟੇਗਾ। (ਉਹ) ਸੱਤਾਂ ਦਿਨਾਂ ਵਿੱਚ ਹੀ ਮਰੇਗਾ- (ਮੇਰਾ) ਇਹ ਸਰਾਪ ਹਮੇਸ਼ਾ ਹੀ ਸੱਤ ਹੋਵੇਗਾ॥੬॥੧੬੨॥

**ਸ੍ਰਾਪ ਕੋ ਸੁਨਿ ਕੈ ਡਰਯੋ ਨ੍ਰਿਪ ਮੰਦਿਰ ਏਕ ਉਸਾਰ॥**
**ਮਧਜ ਗੰਗ ਰਚਯੋ ਧਉਲਹਰਿ ਛੁਇ ਨ ਸਕੈ ਬਿਆਰ॥**
**ਸਰਪ ਕੀ ਤਿਹ ਗਮਤਾ ਕੋ ਕਾਟਿ ਹੈ ਤਹਿ ਜਾਇ॥**
**ਕਾਲ ਪਾਇ ਕਟਯੋ ਤਬੈ ਤਿਹ ਆਨ ਕੈ ਅਹਿਰਾਇ॥੭॥੧੬੩॥**

***ਭਾਵਾਰਥ:-*** (ਪ੍ਰੀਛਤ) ਰਾਜਾ ਸਰਾਪ ਨੂੰ ਸੁਣ ਕੇ ਡਰ ਗਿਆ, (ਉਸ) ਇੱਕ ਮੰਦਰ ਉਸਾਰਿਆ। (ਉਹ) (ਧਉਲਹਰਿ) ਮੰਦਰ ਗੰਗਾ ਵਿੱਚ (ਰਚਯੋ) ਬਣਾਇਆ (ਜਿਸਨੂੰ) (ਬਿਆਰ) ਹਵਾ ਵੀ ਨਾ ਛੂਹ ਸਕੇ। ਓਥੇ ਸੱਪ ਦੀ (ਗਮਤਾ) ਜਾਣ ਦੀ ਤਾਕਤ ਹੀ ਕੀ ਸੀ? ਕਿ ਓਥੇ ਜਾ ਕੇ ਉਹ (ਰਾਜੇ ਪ੍ਰੀਛਤ) ਨੂੰ ਕੱਟੇਗਾ। (ਤਾਂ ਵੀ) ਸਮਾਂ ਆਉਣ ਤੇ ਉਦੋਂ ਹੀ (ਅਹਿਰਾਇ) ਤੱਛਕ ਨੇ ਆ ਕੇ ਉਸ (ਰਾਜੇ ਪ੍ਰੀਛਤ) ਨੂੰ ਕੱਟ ਲਿਆ (ਜਿਸ ਤੋਂ ਮਹਾਰਾਜਾ ਪ੍ਰੀਛਤ ਮਰ ਗਿਆ)॥੭॥੧੬੩॥

**ਸਾਠ ਬਰਖ ਪ੍ਰਮਾਨ ਲਉ ਦੁਇ ਮਾਸ ਯੌ ਦਿਨ ਚਾਰ॥**
**ਜੋਤਿ ਜੋਤਿ ਬਿਖੈ ਰਲੀ ਨ੍ਰਿਪਰਾਜ ਕੀ ਕਰਤਾਰ॥**
**ਭੂਮਿ ਭਰਥ ਭਏ ਤਬੈ ਜਨਮੇਜ ਰਾਜ ਮਹਾਨ॥**
**ਸੂਰਬੀਰ ਹਠੀ ਤਪੀ ਦਸ ਚਾਰ ਚਾਰ ਨਿਧਾਨ॥੮॥੧੬੪॥**
**ਇਤਿ ਰਾਜਾ ਪ੍ਰੀਛਤ ਸਮਾਪਤੰ ਭਏ ॥**

***ਭਾਵਾਰਥ:-*** (ਯੌ) ਇਓਂ ਸੱਠ ਸਾਲ ਦੋ ਮਹੀਨੇ ਅਤੇ ਚਾਰ ਦਿਨ ਤੱਕ (ਉਮਰ ਗੁਜ਼ਾਰ ਕੇ) (ਨ੍ਰਿਪਰਾਜ) ਪ੍ਰੀਛਤ ਦੀ ਜਿਓਤੀ ਕਰਤਾਰ ਦੀ ਜਿਓਤੀ ਵਿੱਚ ਮਿਲ ਗਈ। (ਭੂਮਿ ਭਰਥ) ਪ੍ਰਿਥਵੀ ਦਾ ਮਹਾਨ ਰਾਜਾ ਓਦੋਂ ਜਨਮੇਜਯ ਹੋਇਆ। ਜੋ ਹਠੀ, ਤਪੀ, ਸੂਰਵੀਰ ਅਤੇ (ਦਸ ਚਾਰ ਚਾਰ) ਅਠਾਰਾਂ (ਵਿਦਿਆ) ਦਾ (ਨਿਧਾਨ) ਭੰਡਾਰਾ ਸੀ॥੮॥੧੬੪॥ ਏਥੇ ਇਹ ਰਾਜੇ ਪ੍ਰੀਛਤ (ਦਾ ਪ੍ਰਸੰਗ) ਖ਼ਤਮ ਹੋ ਗਿਆ ਹੈ।

**[੧]ਰਾਜਾ ਜਨਮੇਜਾ ਰਾਜ ਪਾਵਤ ਭਏ॥ ਰੂਆਲ ਛੰਦ॥**
**ਰਾਜ ਕੋ ਗ੍ਰਿਹ ਪਾਇ ਕੈ ਜਨਮੇਜ ਰਾਜ ਮਹਾਨ॥**

---

[੧] ਮੇਰੀ ਵਿਚਾਰ ਅਨੁਸਾਰ ਏਥੋਂ 'ਅਥ' ਪਾਠ ਲਿਖਾਰੀ ਦੀ ਭੁੱਲ ਨਾਲ ਰਿਹਾ ਹੋਇਆ ਹੈ ਪਰ ਕੁਝ ਵਿਦਵਾਨ ਏਸ ਪਾਠ ਨੂੰ ਵੀ 'ਇਤਿ ਰਾਜਾ ਪ੍ਰੀਛਤ ਸਮਾਪਤੰ ਭਏ' ਦਾ ਹੀ ਹਿੱਸਾ ਮੰਨਦੇ ਹਨ। ਏਸ ਪ੍ਰਸੰਗ ਦਾ ਆਰੰਭ ਬਿਨਾਂ ਹੀ ਕਿਸੇ ਸਿਰਲੇਖ ਤੋਂ ਮੰਨਦੇ ਹਨ।

**ਸੂਰਬੀਰ ਹਠੀ ਤਪੀ ਦਸ ਚਾਰ ਚਾਰ ਨਿਧਾਨ[1]॥**
**ਪਿਤਰ ਕੇ ਬਧ ਕੋਪ ਤੇ ਸਭ ਬਿਪ੍ਰ ਲੀਨ ਬੁਲਾਇ॥**
**ਸਰਪ ਮੇਧ ਕਰਜੋ ਲਗੇ ਮਖ ਧਰਮ ਕੇ ਚਿਤ ਚਾਇ॥੧॥੧੯੫॥**

***ਭਾਵਾਰਥ:–*** (ਹੁਣ ਜਿਸ ਤਰ੍ਹਾਂ) ਰਾਜਾ ਜਨਮੇਜਾ ਜੀ ਨੇ ਰਾਜ ਪ੍ਰਾਪਤ ਕੀਤਾ। ਰੂਆਲ ਛੰਦ। (ਰਾਜ ਕੋ ਗ੍ਰਿਹ) ਰਾਜਧਾਨੀ (ਤਖਤ, ਇੰਦਰਪ੍ਰਸਥ, ਦਿੱਲੀ) ਨੂੰ ਮਹਾਨ ਰਾਜਾ ਜਨਮੇਜਾ ਪਾ ਕੇ। ਜੋ ਸੂਰਵੀਰ ਹਠੀ, ਤਪੀ, ਅਠਾਰਾਂ (ਵਿਦਿਆ) ਦਾ ਭੰਡਾਰ ਸੀ। ਪਿਓ ਦੇ (ਬਧ) ਮਰਨ ਦੇ ਗੁੱਸੇ ਨਾਲ ਸਾਰਿਆਂ ਬ੍ਰਾਹਮਣਾਂ ਨੂੰ ਬੁਲਾਇਆ। ਚਿਤ ਤੋਂ ਧਰਮ ਦੇ ਉਤਸ਼ਾਹ ਨਾਲ ਸਰਪ ਮੇਧ ਯੱਗ ਕਰਨ ਲੱਗ ਪਿਆ (ਭਾਵ– ਰਾਜਾ ਜਨਮੇਜਾ ਸੱਪਾਂ ਤੋਂ ਪਿਉ ਦਾ ਵੈਰ ਲੈਣਾ ਧਰਮ ਸਮਝਦਾ ਸੀ)॥੧॥੧੯੫॥

**ਏਕ ਕੋਸ ਪ੍ਰਮਾਨ ਲਉ ਮਖ ਕੁੰਡ ਕੀਨ ਬਨਾਇ॥**
**ਮੰਤ੍ਰ ਸਕਤਿ ਕਰਨੈ ਲਗੇ ਤਹਿ ਹੋਮ ਬਿਪ੍ਰ ਬਨਾਇ॥**
**ਆਨ ਆਨ ਗਿਰੈ ਲਗੇ ਤਹਿ ਸਰਪ ਕੋਟ ਅਪਾਰ॥**
**ਜਤ੍ਰ ਤਤ੍ਰ ਉਠੀ ਜਯਤ ਧੁਨ ਭੂਮਿ ਭੂਰਿ ਉਦਾਰ॥੨॥੧੯੬॥**

***ਭਾਵਾਰਥ:–*** ਇੱਕ ਕੋਹ ਦੀ (ਪ੍ਰਮਾਨ) ਲੰਬਾਈ ਚੌੜਾਈ ਤੱਕ (ਮਖ ਕੁੰਡ) ਯੱਗ ਕੁੰਡ ਬਣਾਇਆ। ਬ੍ਰਾਹਮਣ ਓਥੇ (ਬਨਾਇ) ਚੰਗੀ ਤਰ੍ਹਾਂ (ਮੰਤ੍ਰ ਸਕਤਿ) ਸ਼ਕਤੀ ਸੰਪੰਨ ਮੰਤਰਾਂ ਨਾਲ ਹਵਨ ਕਰਨ ਲੱਗ ਪਏ। ਓਥੇ (ਅਪਾਰ) ਬੇਗਿਣਤ ਅਤੇ ਕਰੋੜਾਂ ਹੀ ਸੱਪ (ਹਵਨ ਕੁੰਡ ਵਿੱਚ) ਆ ਆ ਕੇ ਡਿੱਗਣ ਲੱਗ ਪਏ। ਜਿੱਥੇ ਕਿੱਥੇ (ਭੂਮਿ) ਸਾਰੀ ਧਰਤੀ 'ਤੇ (ਉਦਾਰ) ਉੱਤਮ ਜੈ-ਧ੍ਵਨੀ (ਉਠੀ) ਪ੍ਰਗਟ ਹੋਈ॥੨॥੧੯੬॥

**ਹਸਤ ਏਕ ਦੁ ਹਸਤ ਤੀਨ ਚਉ ਹਸਤ ਪੰਚ ਪ੍ਰਮਾਨ॥**
**ਬੀਸ ਹਾਥ ਇਕੀਸ ਹਾਥ ਪੱਚੀਸ ਹਾਥ ਸਮਾਨ॥**
**ਤੀਸ ਹਾਥ ਬਤੀਸ ਹਾਥ ਛਤੀਸ ਹਾਥ ਗਿਰਾਹਿ॥**
**ਆਨ ਆਨ ਗਿਰੈ ਤਹਾ ਸਭ ਭਸਮ ਭੂਤ ਹੋਇ ਜਾਹਿ॥੩॥੧੯੭॥**

***ਭਾਵਾਰਥ:–*** ਇੱਕ ਹੱਥ ਦੇ, ਦਹੁੰ ਹੱਥਾਂ ਦੇ, ਤਿੰਨ ਹੱਥਾਂ ਦੇ, ਚਹੁੰ ਹੱਥਾਂ ਦੇ ਅਤੇ ਪੰਜ (ਪੰਜ) ਹੱਥਾਂ (ਪ੍ਰਮਾਨ) ਤੱਕ ਦੇ (ਸੱਪ)। ਵੀਹ ਹੱਥਾਂ, ਇਕੀਹ ਹੱਥਾਂ, ਪੰਝੀਹ ਹੱਥਾਂ (ਸਮਾਨ) ਜਿੱਡੇ। ਤੀਹ ਹੱਥ, ਬੱਤੀ ਹੱਥ, ਛੱਤੀ ਹੱਥ ਤੱਕ (ਲੰਮੇ ਹਵਨ ਕੁੰਡ ਵਿੱਚ) ਡਿੱਗਦੇ ਹਨ। ਓਥੇ ਆ ਆ ਕੇ ਡਿੱਗਦੇ ਅਤੇ ਸਾਰੇ ਹੀ (ਭਸਮ ਭੂਤ) ਸੁਆਹ ਰੂਪ (ਨਾਸ) ਹੁੰਦੇ ਜਾਂਦੇ ਹਨ॥੩॥੧੯੭॥

---

[1] ਮੇਰੀ ਵਿਚਾਰ ਅਨੁਸਾਰ ਇਹ ਡੇਢ ਤੁਕ ਦਾ ਪਾਠ ਏਥੇ ਭੁੱਲ ਨਾਲ ਲਿਖਾਰੀ ਤੋਂ ਦੁਬਾਰਾ ਲਿਖਿਆ ਗਿਆ ਹੈ ਕਿਉਂਕਿ ਏਹੋ ਹੀ ਪਾਠ ਰਾਜਾ ਪ੍ਰੀਛਤ ਦੇ ਪ੍ਰਸੰਗ ਅੰਗ ੮॥੧੯੪ ਵਿੱਚ ਆਇਆ ਹੋਇਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਰਗਾ ਮਹਾਨ ਵਿਦਵਾਨ ਇਹ ਪੁਨਰੁਕਤ ਨਹੀਂ ਲਿਖ ਸਕਦਾ। ਏਥੇ ਅਸਲ ਪਾਠ ਕੁਝ ਹੋਰ ਹੈ, ਜਿਸਦੀ ਮੈਂ ਅਜੇ ਖੋਜ ਨਹੀਂ ਕਰ ਸਕਿਆ।

**ਏਕ ਸੌ ਹਸਤ ਪ੍ਰਮਾਨ ਦੋ ਸੌ ਹਸਤ ਪ੍ਰਮਾਨ[੧]॥**
**ਤੀਨ ਸੌ ਹਸਤ ਪ੍ਰਮਾਨ ਚਤੁਰ ਸੈ ਸੁ ਸਮਾਨ॥**
**ਪਾਂਚ ਸੈ ਖਟ ਸੈ ਲਗੇ ਤਹਿ ਬੀਚ ਆਨ ਗਿਰੰਤ॥**
**ਸਹੰਸ ਹਸਤ ਪ੍ਰਮਾਨ ਲਉ ਸਭ ਹੋਮ ਹੋਤ ਅਨੰਤ॥੪॥੧੬੮॥**

***ਭਾਵਾਰਥ:-*** ਇੱਕ ਸੌ ਹੱਥ ਤੱਕ, ਦੋ ਸੌ ਹੱਥ ਤੱਕ। ਤਿੰਨ ਸੌ ਹੱਥ ਤੱਕ, ਚਾਰ ਸੌ ਹੱਥ ਜਿੱਡੇ। ਪੰਜ ਸੌ ਅਤੇ ਛੇ ਸੌ (ਹੱਥ) ਤੱਕ ਓਸ (ਹਵਨ ਕੁੰਡ) ਵਿੱਚ ਆ ਕੇ ਡਿੱਗਦੇ। ਹਜ਼ਾਰ ਹੱਥ ਤੱਕ ਲੰਮੇ (ਸੱਪ) ਵੀ (ਅਨੰਤ) ਸ਼ੇਸ਼ਨਾਗ (ਵਰਗੇ ਸੱਤ) (ਹੋਮ) ਹਵਨ (ਭਸਮ) ਹੁੰਦੇ ਹਨ॥੪॥੧੬੮॥

**ਭੁਜੰਗ ਪ੍ਰਯਾਤ ਛੰਦ॥**
**ਰਚਯੋ ਸਰਪ ਮੇਧੰ ਬਡੋ ਜਗਯ ਰਾਜੰ॥**
**ਕਰੈ ਬਿੱਪ ਹੋਮੰ ਸਰੈ ਸਰਬ ਕਾਜੰ॥**
**ਦਹੇ ਸਰਪ ਸਰਪੰ ਅਨੰਤੰ ਪ੍ਰਕਾਰੰ॥**
**ਭੁਜੈ ਭੋਗ ਨੰਤੰ ਜੁਗੈ ਰਾਜ ਦ੍ਵਾਰੰ॥੧॥੧੬੯॥**

***ਭਾਵਾਰਥ:-*** ਰਾਜੇ (ਜਨਮੇਜਾ) ਨੇ ਵੱਡਾ ਸਰਪ ਮੇਧ ਯੱਗ (ਰਚਿਓ) ਸ਼ੁਰੂ ਕੀਤਾ। ਬ੍ਰਾਹਮਣ ਹਵਨ ਕਰਦੇ ਹਨ, (ਜਿਸ ਤੋਂ) ਸਾਰੇ ਹੀ (ਰਾਜੇ ਜਨਮੇਜਾ ਦੇ) ਕਾਰਜ (ਸਰੈ) ਪੂਰੇ ਹੁੰਦੇ ਹਨ। ਬਿਅੰਤ ਤਰ੍ਹਾਂ ਦੇ ਸਾਰੇ ਸੱਪ (ਦਹੇ) ਸੜਦੇ ਹਨ। ਰਾਜੇ ਦੇ (ਦੁਆਰੰ) ਮੰਦਰ ਵਿੱਚ ਇਕੱਤਰ ਹੋ ਕੇ ਅਨੰਤ (ਬੇਅੰਤ) (ਭੋਗ- ਭੋਗੀ) ਸੱਪ (ਭੁਜੈ) ਸੜਦੇ (ਜਾਂਦੇ) ਹਨ॥੧॥੧੬੯॥

**ਕਿਤੇ ਅਸ੍ਰ ਹਸਤੰ ਸਤੰ ਪ੍ਰਾਇ ਨਾਰੰ॥**
**ਕਿਤੇ ਦ੍ਵਾਦਸੇ ਹਸਤ ਲੌ ਪਰਮ ਭਾਰੰ॥**
**ਕਿਤੇ ਦੁਐ ਸਹੰਸ੍ਰੰ ਕਿਤੇ ਜੋਜਨੇਕੰ॥**
**ਗਿਰੇ ਹੋਮ ਕੁੰਡੰ ਅਪਾਰੰ ਅਚੇਤੰ॥੨॥੧੭੦॥**

***ਭਾਵਾਰਥ:-*** ਕਈ ਅੱਠ ਹੱਥ (ਲੰਬਾਈ ਵਾਲੇ ਸੱਪ), (ਸਤੰ) ਸੱਤ ਹੱਥ (ਪ੍ਰਾਇ) ਤੱਕ (ਲੰਬਾਈ ਵਾਲੇ ਸੱਪ) ਵੀ (ਨਾਰੰ) ਨਾਲ ਹੀ (ਹਵਨ ਹੁੰਦੇ) ਹਨ। ਕਈ ਬਾਰਾਂ ਹੱਥਾਂ ਤੱਕ (ਲੰਮੇ) ਅਤੇ ਬਹੁਤ ਭਾਰੇ (ਸੱਪ) ਹਨ। ਕਈ ਦੋ ਸੌ (ਜਾਂ ਦੋ ਹਜ਼ਾਰ) ਹੱਥ ਤੱਕ, ਕਈ ਇੱਕ ਯੋਜਨ ਤੱਕ। ਹਵਨ ਕੁੰਡ ਵਿੱਚ ਬੇਅੰਤ ਹੀ (ਅਚੇਤੰ) ਬੇਹੋਸ਼ ਹੋਏ ਹੋਏ ਡਿੱਗਦੇ ਹਨ॥੨॥੧੭੦॥

**ਕਿਤੇ ਜੋਜਨੇ ਦ੍ਵੈ ਕਿਤੇ ਤੀਨ ਜੋਜਨ॥**
**ਕਿਤੇ ਚਾਰ ਜੋਜਨ ਦਹੇ ਭੂਮਿ ਭੋਗਨ॥**

---

[੧] ਰੂਆਲ ਛੰਦ ਦੇ ਗਣ ਇਸ ਤੁਕ ਵਿੱਚ ਪੂਰਨ ਨਹੀਂ ਢੁਕਦੇ, ਜਿਸ ਤੋਂ ਮਾਲੂਮ ਪੈਂਦਾ ਹੈ ਕਿ ਇਹ ਲਿਖਾਰੀਆਂ ਤੋਂ ਹੀ ਹੋਈਆਂ ਭੁੱਲਾਂ ਦਾ ਸਦਕਾ ਟੁੱਟ ਗਏ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਪਿੰਗਲ, ਕਾਵਿ ਅਤੇ ਸੰਗੀਤ ਦੇ ਪੂਰਨ ਤੋਂ ਪੂਰਨ ਵਿਦਵਾਨ ਸਨ, ਉਨ੍ਹਾਂ ਤੋਂ ਗਣ ਕ੍ਰਮ ਭੰਗ ਹੋ ਹੋ ਹੀ ਨਹੀਂ ਸਕਦਾ।

**ਕਿਤੇ ਮੁਸ੍ਰਿ ਅੰਗੁਸ੍ਰ ਗ੍ਰਿਸ੍ਰਿੰ ਪ੍ਰਮਾਨੰ॥**
**ਕਿਤੇ ਡੇਢ੍ਹ ਗਿਸਟੇ ਅੰਗੁਸਟੰ ਅਰਧਾਨੰ॥੩॥੧੭੧॥**

***ਭਾਵਾਰਥ:-*** ਕਈ ਦੋ ਯੋਜਨ (ਲੰਬਾਈ) ਵਾਲੇ, ਕਈ ਤਿੰਨ ਯੋਜਨ ਦੇ। ਕਈ ਚਾਰ ਯੋਜਨਾ ਦੇ (ਭੁਮਿ- ਧਰਤੀ) ਦੇ (ਭੋਗਨ- ਭੋਗੀਨਿ) ਸੱਪ ਸੜਦੇ ਹਨ। ਕਈ ਮੁੱਠੀ (ਭਰ ਲੰਮੇ) (ਕਈ) ਅੰਗੂਠੇ (ਜਿੰਨੇ), ਕਈ (ਗ੍ਰਿਸਟੰ) ਗਿੱਠ ਜਿੰਨੇ। ਕਈ ਡੇਢ ਗਿੱਠੇ ਕਈ (ਅੰਗੁਸਟੰ ਅਰਧਾਨੰ= ਅੰਗੁਸਟ + ਅਰਧ + ਆਨ) ਅੱਧੇ ਅੰਗੂਠੇ ਤੱਕ (ਲੰਮੇ)॥੩॥੧੭੧॥

**ਕਿਤੇ ਚਾਰ ਜੋਜਨ ਲਉ ਚਾਰ ਕੋਸੰ[੧]॥**
**ਛੁਐ ਘ੍ਰਿਤ ਜੈਸੇ ਕਰੈ ਅਗਨ ਹੋਮੰ॥**
**ਫਣੰ ਫਟਕੈ ਫੇਣਕਾ ਫੰਤਕਾਰੰ॥**
**ਛੁਟੈ ਲਪਟ ਜ੍ਵਾਲਾ ਬਸੈ ਬਿਖਧਾਰੰ॥੪॥੧੭੨॥**

***ਭਾਵਾਰਥ:-*** ਕਈ ਚਾਰ ਯੋਜਨਾਂ ਅਤੇ ਚਾਰ ਕੋਹਾਂ ਤੱਕ (ਲੰਬਾਈ ਵਾਲੇ ਸੱਪ)। ਜਿਵੇਂ (ਹਵਨ ਕੁੰਡ ਦੀ ਅੱਗ ਨੂੰ) ਘਿਉ ਛੁੰਹਦਾ ਹੈ (ਉਸੇ ਤਰ੍ਹਾਂ) (ਅਗਨ) ਬੇਗਿਣਤ ਹੀ ਹੋਮ ਕੀਤੇ ਜਾ ਰਹੇ ਹਨ। (ਬਸੈ) ਬਹੁਤੇ (ਬਿਖਧਾਰੰ) ਸੱਪ (ਜੁਆਲਾ) ਅੱਗ ਦੀ (ਲਪਟ) ਝਪਟ ਵਿੱਚ ਆਏ ਹੋਏ ਫਣਾਂ ਨੂੰ (ਫਟਕੈ) ਹਿਲਾਉਂਦੇ (ਪਟਕਾਉਂਦੇ), (ਫੇਣਕਾ) ਝੱਗ (ਸੁੱਟਦੇ) ਅਤੇ (ਫੰਤਕਾਰੰ) ਫੁੰਕਾਰੇ (ਛੁਟੈ) ਮਾਰਦੇ ਹਨ॥੪॥੧੭੨॥

**ਕਿਤੇ ਸਪਤ ਜੋਜਾਨ ਲੌ ਕੋਸ ਅਸ੍ਰੰ॥**
**ਕਿਤੇ ਅਸਟ ਜੋਜਨ ਮਹਾ ਪਰਮ ਪੁਸ੍ਰੰ॥**
**ਭਯੋ ਘੋਰ ਬੱਧੰ ਜੁਰੇ ਕੋਟ ਨਾਗੰ॥**
**ਭਜਜੋ ਤੱਛਕੰ ਭੱਛਕੰ ਜੇਮ ਕਾਗੰ॥੫॥੧੭੩॥**

---

[੧] ਪਿੰਗਲ ਅਨੁਸਾਰ ਅੰਤਜਾਨੁਪ੍ਰਾਸ ਸਾਰਿਆਂ ਤੋਂ ਉੱਤਮ ਨਿਯਮ ਕਵਿਤਾ ਨੂੰ ਸੁੰਦਰ ਬਣਾਉਣ ਦਾ ਥਾਪਿਆ ਜਾਂਦਾ ਹੈ। ਅਨੁਪ੍ਰਾਸ ਦੇ ਲਾਟ, ਵ੍ਰਿਤ ਆਦਿਕ ਨਿਯਮ ਤਾਂ ਉੱਚ ਕੋਟੀ ਕਵੀ ਹੀ ਅਪਣਾਉਂਦੇ ਹਨ ਪਰ ਅੰਤਜਾਨੁਪ੍ਰਾਸ ਤਾਂ ਮਾਮੂਲੀ ਤੁਕਬੰਦੀ ਕਰਨ ਵਾਲੇ ਵੀ ਸਮਝ ਕੇ ਹੀ ਧਰਦੇ ਹਨ। ਸ੍ਰੀ ਗੁਰੂ ਗੋਬਿੰਦ ਸਾਹਿਬ ਜੀ ਵਰਗੇ ਮਹਾਨ ਵਿਦਵਾਨ ਦੀ ਰਚਨਾ ਵਿੱਚ ਜਿੱਥੇ ਮਾਮੂਲੀ ਮਾਮੂਲੀ ਕਿਰਿਆਵਾਂ ਵੀ ਟੁੱਟੀਆਂ ਫੁੱਟੀਆਂ ਮਿਲਦੀਆਂ ਹਨ, ਓਥੇ ਲਿਖਾਰੀਆਂ ਦੀਆਂ ਅਣਗਹਿਲੀਆਂ ਹੀ ਦਿਸਦੀਆਂ ਹਨ। ਸ੍ਰੀ ਗੁਰੂ ਜੀ ਦੀ ਬਾਣੀ ਦਾ ਆਦਿ ਲਿਖਾਰੀ ਤਾਂ ਹੁਣ ਵੀ ਸਾਨੂੰ ਨਹੀਂ ਮਿਲ ਸਕਿਆ ਕਿ ਕੌਣ ਹੈ? ਜੋ ਲਿਖਾਰੀ ਸ੍ਰੀ ਗੁਰੂ ਜੀ ਦੀ ਬਾਣੀ ਦੇ ਇਤਿਹਾਸਿਕਾਂ ਨੇ ਮੰਨੇ ਹਨ ਉਹ ਹਨ ਭਾਈ ਮਨੀ ਸਿੰਘ ਜੀ, ਬਾਬਾ ਦੀਪ ਸਿੰਘ ਜੀ, ਭਾਈ ਸੁੱਖਾ ਸਿਮਘ ਜੀ ਅਤੇ ਭਾਈ ਨਿਹਾਲ ਸਿੰਘ ਜੀ। ਬਾਬਾ ਦੀਪ ਸਿੰਘ ਜੀ ਦੀ ਆਪਣੀ ਲਿਖਤ ਸ੍ਰੀ ਦਸਮ ਗ੍ਰੰਥ ਸਾਹਿਬ ਜੋ ਕੋਈ ਨਹੀਂ ਮਿਲਦਾ। ਸ੍ਰੀ ਸੁੱਖਾ ਸਿੰਘ ਜੀ ਦੀ ਬੀੜ ਨੂੰ ਖ਼ਾਸ ਬੀੜ, ਪਟਨੇ ਹਰਿਮੰਦਰ ਸਾਹਿਬ ਵਾਲੀ ਬੀੜ ਕਿਹਾ ਜਾਂਦਾ ਹੈ। ਭਾਈ ਨਿਹਾਲ ਸਿੰਘ ਜੀ ਦੀ ਨਿੱਜ ਲਿਖਤ ਬੀੜ ਦਾ ਵੀ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਕਿ ਕਿੱਥੇ ਹੈ? ਭਾਈ ਮਨੀ ਸਿੰਘ ਜੀ ਵਾਲੀ ਬੀੜ ਵੀ ਸੰਮਤ ੧੭੭੦ ਵਿੱਚ ਹੋਰਨਾਂ ਬੀੜਾਂ 'ਚੋਂ ਹੀ ਬਣਾਈ ਹੋਈ ਹੈ। ਇਹ ਸ੍ਰੀਮਾਨ ਭਾਈ ਮਨੀ ਸਿੰਘ ਜੀ ਦੀ ਆਪਣੇ ਹੱਥੀਂ ਲਿਖੀ ਹੋਈ ਬੀੜ ਨਹੀਂ। ਇਨ੍ਹਾਂ ਬੀੜਾਂ ਤੋਂ ਵੀ 'ਆਦਿ ਲਿਖਾਰੀ; ਹੋਰ ਹੀ ਦਿਸਦਾ ਹੈ, ਜਿਸ ਦਾ ਸਾਨੂੰ ਪਤਾ ਨਹੀਂ ਲੱਗ ਸਕਿਆ।

***ਭਾਵਾਰਥ:-*** ਕਈ ਸੱਤਾਂ ਯੋਜਨਾਂ ਅਤੇ ਅੱਠਾਂ ਕੋਹਾਂ ਜਿੱਡੇ। ਕਈ ਅੱਠਾਂ ਯੋਜਨਾਂ ਦੇ (ਮਹਾ ਪਰਮ ਪੁਸਟੰ) ਬਹੁਤ ਤੋਂ ਬਹੁਤ ਮੋਟੇ। ਕਰੋੜਾਂ ਨਾਗਾਂ ਦਾ (ਜੁਰੇ) ਇਕੱਠਾ ਹੀ ਘੋਰ (ਬੱਧੰ) ਨਾਸ ਹੋਇਆ। ਤੱਛਕ (ਨਾਗ) ਭੱਜ ਗਿਆ ਜਿਵੇਂ ਜਾਂ (ਭੱਛਕ) ਖਾਣ (ਮਾਰਨ) ਵਾਲੇ (ਗੁਲੇਲੇ) ਤੋਂ ਭੱਜਦਾ ਹੈ॥੫॥੧੭੩॥

**ਕੁਲੰ ਕੋਟ ਹੋਮੈ ਬਿਖੈ ਹਵਣ ਕੁੰਡੰ॥**
**ਬਚੇ ਬਾਧ ਡਾਰੇ ਘਨੇ ਕੁੰਡ ਝੁੰਡੰ॥**
**ਭਜਯੋ ਨਾਗ ਰਾਜੰ ਤਕਯੋ ਇੰਦ੍ਰ ਲੋਕੰ॥**
**ਜਰਯੋ ਬੇਦ ਮੰਤ੍ਰੰ ਭਰਯੋ ਸਕ੍ਰ ਸੋਕੰ॥੬॥੧੭੪॥**

***ਭਾਵਾਰਥ:-*** ਅਗਨੀ ਕੁੰਡ ਵਿੱਚ ਕਰੋੜਾਂ ਕੁਲਾਂ (ਦੇ ਸੱਪ) ਹਵਨ ਕਰ ਦਿੱਤੇ। ਬਹੁਤੇ ਸਾਰੇ ਬਚੇ ਹੋਏ ਸੱਪਾਂ ਦੇ ਝੁੰਡ (ਹਵਨ ਕੁੰਡ ਵਿੱਚ) ਪਾ ਦਿੱਤੇ। (ਨਾਗ ਰਾਜੰ) ਤੱਛਕ ਭੱਜ ਗਿਆ (ਓਸ) (ਇੰਦ੍ਰ ਲੋਕੰ) ਇੰਦਰ ਪੁਰੀ ਨੂੰ (ਹੀ ਬਚਾਉ ਦਾ ਸਥਾਨ) (ਤਕਯੋ) ਵੇਖਿਆ। (ਸਕ੍ਰ) ਇੰਦਰ ਵੇਦ ਮੰਤਰਾਂ ਨਾਲ ਸੜਿਆ ਹੋਇਆ ਗ਼ਮ ਨਾਲ ਭਰ ਗਿਆ॥੬॥੧੭੪॥

**ਬਧਯੋ ਮੰਤ੍ਰ ਜੰਤ੍ਰੰ ਗਿਰਯੋ ਭੂਮਿ ਮੱਧੰ॥**
**ਅੜਯੋ ਆਸਤੀਕੰ ਮਹਾ ਬਿਪ੍ਰ ਸਿੱਧੰ॥**
**ਭਿੜਯੋ ਭੇੜ ਭੂਪੰ ਝਿਣਯੋ ਝੇੜ ਝਾੜੰ॥**
**ਮਹਾ ਕ੍ਰੋਧਿ ਉਠਯੋ ਤਣੀ ਤੋੜ ਤਾੜੰ॥੭॥੧੭੫॥**

***ਭਾਵਾਰਥ:-*** (ਇੰਦਰ) ਯੰਤਰਾਂ ਮੰਤਰਾਂ ਦਾ ਬੱਧਾ ਹੋਇਆ (ਸਿੰਘਾਸਣ ਤੋਂ) ਜ਼ਮੀਨ ’ਤੇ ਡਿੱਗ ਪਿਆ। (ਸੱਪਾਂ ਦੇ ਬਚਾ ਵਾਸਤੇ ਇੰਦਰ ਦੇ ਭੇਜਿਆ ਹੋਇਆ) ਆਸਤੀਕ[1] ਨਾਮ ਦਾ ਵੱਡਾ ਸਿੱਧੀ ਵਾਲਾ ਬ੍ਰਾਹਮਣ (ਰਿਸ਼ੀ, ਜਨਮੇਜਾ ਨਾਲ ਆ) ਅੜਿਆ। (ਭੂਪੰ) ਰਾਜੇ ਜਨਮੇਜਾ ਨਾਲ (ਭੇੜ) ਬੋਲ ਚਾਲ ਦੀ ਲੜਾਈ ਨਾਲ ਲੜਿਆ (ਝੇੜ) ਝਗੜੇ ਵਿੱਚ (ਰਾਜੇ ਜਨਮੇਜਾ ਨੇ ਆਸਤੀਕ ਨੂੰ) ਝਾੜ ਕੇ (ਝਿਣਯੋ) ਨਿਰਾਦ੍ਰਿਤ ਕਰ ਦਿੱਤਾ। (ਤਾਂ ਆਸਤੀਕ ਰਿਸ਼ੀ) ਮਹਾਂ ਕ੍ਰੋਧ ਨਾਲ (ਕੁੜਤੇ ਦੀਆਂ) ਤਣੀਆਂ ਤੋੜ ਤਾੜ ਕੇ (ਹਵਨ ਕੁੰਡ ਵਿੱਚ ਛਾਲ ਮਾਰ ਕੇ ਯੱਗ ਭੰਗ ਕਰਨ ਲਈ) ਉੱਠ ਖਲੋਤਾ॥੭॥੧੭੫॥

**ਤਜਯੋ ਸਰਪ ਮੇਧੰ ਭਜਯੋ ਏਕ ਨਾਥੰ[2]॥**
**ਕ੍ਰਿਪਾ ਮੰਤ੍ਰ ਸੂਝੈ ਸਬੈ ਸ੍ਰਿਸ੍ਰ ਸਾਜੰ[2]॥**
**ਸੁਨਹੁ ਰਾਜ ਸਰਦੂਲ ਬਿਦਯਾ ਨਿਧਾਨੰ॥**

---

[1] ਆਸਤੀਕ ਰਿਸ਼ੀ, ਵਾਸੁਕਿ ਨਾਗ ਦੀ ਭੈਣ ਮਨਸਾ ਅਤੇ ਰਿਸ਼ੀ ਜਰਤਕਾਰੁ ਦਾ ਪੁੱਤਰ ਸੀ। ਏਸ ਦੀ ਮਾਤਾ ਦੀ ਸੰਤਾਨ ਹੀ ਤੱਛਕ ਅਤੇ ਅਨੰਤ (ਨਾਗ) ਸਨ।

[2] ਅੰਤਜਾਨੁਪ੍ਰਾਸ ਸਮ ਨਹੀਂ।

**ਤਪੈ ਤੇਜ ਸਾਵੰਤ ਜ੍ਵਾਲਾ ਸਮਾਨੰ॥੮॥੧੭੬॥**

***ਭਾਵਾਰਥ:–*** (ਆਸਤੀਕ ਰਿਸ਼ੀ ਦੇ ਇਸ ਤਰ੍ਹਾਂ ਕਰਨ ਤੋਂ ਹੀ ਜਨਮੇਜਾ ਨੇ) ਸਰਪ ਮੇਧ ਯੱਗ ਛੱਡਿਆ ਅਤੇ (ਏਕ ਨਾਥੰ) ਪਰਮੇਸ਼ਰ ਨੂੰ ਸਿਮਰਿਆ। (ਆਸਤੀਕ ਦੀ) (ਕ੍ਰਿਪਾ ਮੰਤ੍ਰ) ਦਇਆ ਭਰੀ ਸਲਾਹ ਨਾਲ ਹੀ (ਜਨਮੇਜਾ ਨੂੰ) ਸਾਰੇ (ਸਿਸ੍ਰ- ਸੁਸ੍ਰ) ਉੱਤਮ (ਸਾਜੰ) ਸੁਝਾਉ ਸੁੱਝੇ ਸਨ। ਆਸਤੀਕ ਕਹਿੰਦਾ ਹੈ ਕਿ ਹੇ (ਰਾਜ ਸਰਦੂਲ) ਰਾਜਿਆਂ ਵਿੱਚੋਂ ਸ਼ੇਰ ਰੂਪ ਅਤੇ ਵਿਦਿਆ ਦੇ ਭੰਡਾਰ! ਸੁਣੋ। ਹੇ (ਸਾਵੰਤ) ਰਾਜ ਕੁਮਾਰ! (ਤੇਰਾ) ਤੇਜ਼ (ਜੁਆਲਾ) ਅੱਗ ਦੀ ਲਾਟ ਵਾਂਗ ਪ੍ਰਕਾਸ਼ਦਾ ਹੈ॥੮॥੧੭੬॥

**ਮਹੀ ਮਾਹ ਰੂਪੰ ਤਪੈ ਤੇਜ ਭਾਨੰ॥**
**ਦਸੰ ਚਾਰ ਚਉਦਾਹ ਬਿਦਯਾ ਨਿਧਾਨੰ॥**
**ਸੁਨਹੁ ਰਾਜ ਸਾਸਤ੍ਰਗਯ ਸਾਰੰਗ ਪਾਨੰ॥**
**ਤਜੋ ਸਰਪਮੇਧੰ ਦਿਜੈ ਮੋਹਿ ਦਾਨੰ॥੯॥੧੭੭॥**

***ਭਾਵਾਰਥ:–*** ਹੇ ਧਰਤੀ ਦੇ (ਮਾਹ) ਚੰਦ ਰੂਪ! ਹੇ ਸੂਰਜ ਵਾਂਗ ਤੇਜ਼ ਨਾਲ ਤਪਣ ਵਾਲੇ! ਹੇ ਦਸ ਅਤੇ ਚਾਰ ਚੌਦਾਂ ਹੀ ਵਿਦਿਆ ਦੇ ਭੰਡਾਰ! ਹੇ (ਰਾਜ ਸਾਸਤ੍ਰੱਗ) ਰਾਜਨੀਤੀ ਸ਼ਾਸਤਰ ਦੇ ਗਿਆਤੇ! ਅਤੇ ਹੱਥ ਵਿੱਚ ਧਨੁਸ਼ ਰੱਖਣ ਵਾਲੇ! ਸੁਣੋ, ਮੈਨੂੰ (ਇਹ) ਦਾਨ ਦਿਓ ਕਿ ਸਰਪ ਮੇਧ ਯੱਗ ਛੱਡ ਦਿਓ॥੯॥੧੭੭॥

**ਤਜੋ ਜੌਂ ਨ ਸਰਪੰ ਜਰੌਂ ਅਗਨਿ ਆਪੰ॥**
**ਕਰੌਂ ਦਗਧ ਤੋ ਕੌ ਦਿਵੌਂ ਐਸ ਸ੍ਰਾਪੰ॥**
**ਹਣੋਂ ਪੇਟ ਮੱਧੰ ਛੁਰੀ ਜੱਮਦਾੜੰ॥**
**ਲਗੇ ਪਾਪ ਤੋ ਕੌ ਸੁਨਹੁ ਰਾਜ ਗਾੜੰ॥੧੦॥੧੭੮॥**

***ਭਾਵਾਰਥ:–*** (ਆਤਸੀਕ ਕਹਿੰਦਾ ਹੈ ਕਿ) ਹੇ (ਰਾਜ ਗਾੜੰ) ਮਹਾਰਾਜ! ਸੁਣੋ ਕਿ (ਜੌਂ) ਜੇ ਸੱਪਾਂ ਨੂੰ ਨਾ ਛੱਡੋਗੇ ਤਾਂ (ਆਪੰ) ਮੈਂ ਅੱਗ (ਹਵਨ ਕੁੰਡ) ਵਿੱਚ (ਪੈ ਕੇ) ਸੜ ਜਾਵਾਂਗਾ। ਐਸਾ ਸਰਾਪ ਦੇਵਾਂਗਾ ਕਿ ਤੈਨੂੰ ਵੀ (ਦਗਧ) ਭਸਮ ਕਰ ਦਿਆਂਗਾ। (ਯਾ) ਢਿੱਡ ਵਿੱਚ ਛੁਰੀ ਅਥਵਾ (ਜਮਦਾੜੰ) ਕਟਾਰੀ ਮਾਰ ਲਵਾਂਗਾ। (ਜਿਸ ਦਾ) ਤੈਨੂੰ ਪਾਪ ਲੱਗੇਗਾ॥੧੦॥੧੭੮॥

**ਸੁਨੇ ਬਿੱਪ ਬੋਲੰ ਉਠਯੋ ਆਪ ਰਾਜੰ॥**
**ਤਜਯੋ ਸਰਪ ਮੇਧੰ ਪਿਤਾ ਬੈਰ ਕਾਜੰ॥**
**ਬੁਲਯੋ ਬਯਾਸ ਪਾਸੰ ਕਰਯੋ ਮੰਤ੍ਰ ਚਾਰੰ॥**
**ਮਹਾ ਬੇਦ ਬਯਾਕਰਣ ਬਿਦਯਾ ਬਿਚਾਰੰ॥੧੧॥੧੭੯॥**

***ਭਾਵਾਰਥ:–*** (ਬਿਪ) ਰਿਸ਼ੀ ਆਸਤੀਕ ਦੇ ਵਚਨ ਸੁਣ ਕੇ ਰਾਜਾ (ਜਨਮੇਜਾ) ਆਪ (ਯੱਗ ਦੇ ਨਿਯਮ 'ਚੋਂ) ਉੱਠ ਪਿਆ। ਪਿਤਾ ਦੇ ਵੈਰ (ਕਾਜੰ) ਵਾਸਤੇ (ਸ਼ੁਰੂ ਕੀਤਾ ਹੋਇਆ) ਸਰਪ ਮੇਧ (ਯੱਗ) ਵਿਚਕਾਰ ਹੀ ਛੱਡ ਦਿੱਤਾ। (ਫੇਰ ਜਨਮੇਜਾ ਨੇ) ਵਿਆਸ ਰਿਸ਼ੀ ਜੀ ਨੂੰ ਪਾਸ ਸੱਦ ਕੇ (ਮੰਤ੍ਰ ਚਾਰੰ)

ਸਲਾਹ ਮਸ਼ਵਰਾ ਕੀਤਾ। ਜੋ (ਵਿਆਸ) ਮਹਾਂ ਵੇਦ ਅਤੇ ਵਿਆਕਰਨ ਵਿਦਿਆ ਨੂੰ ਵਿਚਾਰਨ ਵਾਲਾ ਸੀ॥੧੧॥੧੭੯॥

**ਸੁਨੀ ਪੁਤ੍ਰਿਕਾ ਦ੍ਵੈ ਗ੍ਰਿਹੰ ਕਾਸਿ ਰਾਜੰ॥**
**ਮਹਾ ਸੁੰਦਰੀ ਰੂਪ ਸੋਭਾ ਸਮਾਜੰ॥**
**ਜਿਣੌ ਜਾਇ ਤਾ ਕੋ ਹਣੋ ਦੁਸਟ ਪੁਸਟੰ॥**
**ਕਰਯੋ ਪਯਾਨ ਤਾ ਨੇ ਲਦੇ ਭਾਰ ਉਸਟੰ॥੧੨॥੧੮੦॥**

***ਭਾਵਾਰਥ:–*** (ਵਿਆਸ ਤੋਂ ਜਨਮੇਜਾ ਨੇ) ਕਾਸ਼ੀ ਦੇ ਰਾਜੇ ਦੇ ਘਰ ਦੋ (ਪੁਤ੍ਰਿਕਾ) ਲੜਕੀਆਂ, ਬਹੁਤ ਸੋਹਣੀਆਂ ਰੂਪ ਵਾਲੀਆਂ ਅਤੇ ਸਮਾਜ ਦੀ ਸੋਭਾ (ਖੱਟਣ) ਵਾਲੀਆਂ ਸੁਣੀਆਂ। (ਜਨਮੇਜਾ ਨੇ ਸੋਚਿਆ ਕਿ) (ਪੁਸਟ) ਤਕੜੇ ਦੁਸ਼ਟਾਂ ਨੂੰ ਮਾਰਾਂ ਅਤੇ ਉਸ ਨੂੰ ਜਾ ਕੇ ਜਿੱਤਾਂ। (ਏਸ ਵਿਚਾਰਾਨੁਸਾਰ) ਓਸ (ਜਨਮੇਜਾ) ਨੇ ਊਠਾਂ ਤੇ ਭਾਰ ਲੱਦ ਕੇ (ਪਯਾਨ) ਚੱਲ ਪਿਆ॥੧੨॥੧੮੦॥

**ਚਲੀ ਸੈਨ ਸੂਕਰ ਪ੍ਰਾਚੀ ਦਿਸਾਨੰ॥**
**ਚੜੇ ਬੀਰ ਧੀਰੰ ਹਠੇ ਸਸਤ੍ਰ ਪਾਨੰ॥**
**ਦੁਰਯੋ ਜਾਇ ਦੁਰਗੰ ਸੁ ਬਾਰਾਣਸੀਸੰ॥**
**ਘਿਰਯੋ ਜਾਇ ਫੌਜੰ ਭਜਯੋ ਏਕ ਈਸੰ॥੧੩॥੧੮੧॥**

***ਭਾਵਾਰਥ:–*** (ਪ੍ਰਾਚੀ) ਚੜ੍ਹਦੀ ਦਿਸ਼ਾ ਵੱਲ (ਸੂਕਾਰ) ਗੱਜਦੀ ਹੋਈ ਫ਼ੌਜ ਚੱਲ ਪਈ। (ਧੀਰੰ) ਧੀਰਜਵਾਨ ਸੂਰਮੇ ਹੱਥਾਂ ਵਿੱਚ ਸ਼ਸਤਰ (ਹਠੇ) ਫੜ ਕੇ ਚੜ੍ਹ ਪਏ। ਉਹ (ਬਾਰਾਣਸੀਸੰ) ਕਾਸ਼ੀ ਦਾ ਰਾਜਾ (ਦੁਰਗੰ) ਕਿਲ੍ਹੇ ਵਿੱਚ ਜਾ ਕੇ ਲੁਕ ਗਿਆ। ਭੱਜਿਆ ਹੋਇਆ (ਏਕ) ਇਕੱਲਾ (ਈਸੰ) ਰਾਜਾ ਫ਼ੌਜ ਨੇ ਜਾ ਘੇਰਿਆ॥੧੩॥੧੮੧॥

**ਮਚਯੋ ਜੁੱਧ ਸੁੱਧੰ ਬਹੈ ਸਸਤ੍ਰ ਘਾਤੰ॥**
**ਗਿਰੇ ਅੱਧ ਵੱਧੰ ਸਨੱਧੰ ਬਿਪਾਤੰ॥**
**ਗਿਰੇ ਹੀਰ ਚੀਰੰ ਸੁ ਬੀਰੰ ਰਜਾਨੰ॥**
**ਕਟੇ ਅੱਧੁ ਅੱਧੰ ਛੁਟੇ ਰੁਦ੍ਰ ਧਯਾਨੰ॥੧੪॥੧੮੨॥**

***ਭਾਵਾਰਥ:–*** ਸਾਵਧਾਨੀ ਨਾਲ ਜੰਗ ਮੱਚ ਪਿਆ, (ਘਾਤੰ) ਮਾਰਨ ਵਾਲੇ ਸ਼ਸਤਰ ਚੱਲੇ। ਅੱਧ 'ਚੋਂ (ਵੱਧੰ) ਵੱਢੇ ਹੋਏ (ਸਨੱਧੰ) ਸ਼ਸਤਰਧਾਰੀ (ਬਿਪਾਤੰ) ਮਾਰੇ ਹੋਏ ਡਿੱਗੇ। ਯੋਧੇ ਰਾਜਿਆਂ ਦੇ ਹੀਰੇ ਅਤੇ (ਸੁੰਦਰ ਕੀਮਤੀ) ਕੱਪੜੇ ਡਿੱਗ ਪਏ। ਅੱਧੋ ਅੱਧ ਵੱਢੇ ਗਏ (ਮਾਨੋ ਕਿ) ਸ਼ਿਵ ਜੀ ਦਾ ਧਿਆਨ ਛੁੱਟ ਗਿਆ ਹੈ॥੧੪॥੧੮੨॥

**ਗਿਰੇ ਖੇਤ੍ਰ ਖੱਤ੍ਰਾਣ ਖੱਤ੍ਰੀ ਖਤ੍ਰਾਣੰ॥**
**ਬਜੀ ਭੇਰਿ ਭੁੰਕਾਰ ਦੁਕੇ ਨਿਸਾਣੰ॥**
**ਕਰੇ ਪੈਜ ਵਾਰੰ ਪ੍ਰਚਾਰੈ ਸੁ ਬੀਰੰ॥**

**ਫਿਰੇ ਰੁੰਡ ਮੁੰਡੰ ਤਣੰ ਤੱਛ ਤੀਰੰ॥੧੫॥੧੮੩॥**

***ਭਾਵਾਰਥ:-*** (ਖੱਤ੍ਰੂਣ) ਖੱਤਰੀਆਂ ਦੇ (ਖੇਤਰ) ਸਥਾਨ (ਭਾਵ- ਮੈਦਾਨੇ ਜੰਗ) ਵਿੱਚ (ਖਤ੍ਰਾਣੰ) ਖੱਤਰੀਆਪਨ ਦੀ ਆਣ (ਲੱਜਾ) ਨਿਭਾਉਣ ਵਾਲੇ ਖੱਤਰੀ ਡਿੱਗੇ। (ਭੇਰਿ) ਛੋਟਿਆਂ ਨਗਾਰਿਆਂ ਦੀ (ਭੁੰਕਾਰ) ਧ੍ਵਨੀ (ਬਜੀ) ਪ੍ਰਗਟੀ ਅਤੇ (ਨਿਸਾਣੰ) ਵੱਡੇ ਨਗਾਰੇ (ਦ੍ਰੂਕੇ) ਗੂੰਜੇ। ਯੋਧਿਆਂ ਨੂੰ (ਪ੍ਰਚਾਰੈ) ਵੰਗਾਰਦੇ ਹੋਏ ਵਾਰ ਕਰਨ ਦੀ (ਪੈਜ) ਪ੍ਰਤਿਗਿਆ ਕਰਦੇ ਹਨ। (ਕਈ) (ਮੁੰਡੰ) ਸਿਰ (ਰੁੰਡ) ਕੱਟੇ ਹੋਏ ਫਿਰਦੇ, (ਕਈ) ਤੀਰਾਂ ਨਾਲ (ਤੱਛ) ਵਿੰਨ੍ਹੇ ਹੋਏ ਸਰੀਰ (ਵੀ ਫਿਰਦੇ ਹਨ)॥੧੫॥੧੮੩॥

**ਬਿਭੇਦੰਤ ਵਰਮੰ ਪ੍ਰਛੇਦੈ ਤਨਾਨੰ॥**
**ਕਰੈ ਮਰਦਨੰ ਅਰਦਨੰ ਮਰਦ ਮਾਨੰ॥**
**ਕਟੇ ਚਰਮ ਬਰਮੰ ਛੁਟੇ ਚੌਰ ਚਾਰੰ॥**
**ਗਿਰੇ ਬੀਰ ਧੀਰੰ ਛੁਟੇ ਸਸਤ੍ਰ ਧਾਰੰ॥੧੬॥੧੮੪॥**

***ਭਾਵਾਰਥ:-*** (ਵਰਮੰ) ਸੰਜੋਆਂ ਨੂੰ (ਭੇਦੰਤ) ਵਿੰਨ੍ਹਦੇ, ਸਰੀਰਾਂ ਨੂੰ ਛੇਦ (ਕਟ) ਦੇ। (ਮਰਦਨੰ) ਯੋਧਿਆਂ ਦੇ ਮਾਣ ਨੂੰ (ਅਰਦਨੰ) ਨਾਸ ਅਤੇ (ਮਰਦ) ਮਲਣ (ਦਲਣ) ਕਰਦੇ ਹਨ। (ਚਰਮ) ਢਾਲਾਂ ਅਤੇ (ਬਰਮੰ) ਸੰਜੋਆਂ ਕੱਟੀਆਂ ਗਈਆਂ, ਚੌਰ ਅਤੇ ਕੱਪੜੇ (ਛੁਟੇ) ਬੇ-ਮਾਲਕੇ ਹੀ (ਪਏ) ਹਨ। ਧਾਰਨ ਕੀਤੇ ਸ਼ਸਤਰ ਛੁੱਟ ਗਏ ਅਤੇ (ਧੀਰੰ) ਡੋਲਣ ਯੋਧੇ ਡਿੱਗ ਪਏ॥੧੬॥੧੮੪॥

**ਜਿਣਯੋ ਕਾਸਿਕੀਸੰ ਹਣਯੋ ਸਰਬ ਸੈਨੰ॥**
**ਬਰੀ ਪੁਤ੍ਰਿਕਾ ਤਾਹ ਕੰਪਯੋ ਤ੍ਰਿਨੈਨੰ॥**
**ਭਯੋ ਮੇਲ ਗੇਲੰ ਮਿਲੇ ਰਾਜ ਰਾਜੰ॥**
**ਭਈ ਮਿਤ੍ਰ ਚਾਰੰ ਸਰੇ ਸਰਬ ਕਾਜੰ॥੧੭॥੧੮੫॥**

ਭਾਵਰਥ:- (ਜਨਮੇਜਾ ਨੇ) ਕਾਸ਼ੀ (ਕ) ਦੇ (ਈਸੰ) ਰਾਜੇ ਨੂੰ ਜਿੱਤ ਲਿਆ, (ਓਸਦੀ) ਸਾਰੀ ਫ਼ੌਜ ਮਾਰ ਦਿੱਤੀ। (ਇਸ ਯੁੱਧ ਨੂੰ) ਵੇਖ ਕੇ ਸ਼ਿਵ ਜੀ ਕੰਬ ਗਏ। ਓਸ ਦੀਆਂ (ਪੁਤ੍ਰਿਕਾ) ਲੜਕੀਆਂ (ਬਰੀ) ਵਿਆਹ ਲਈਆਂ। (ਫੇਰ) ਮੇਲ ਗੇਲ ਹੋ ਗਿਆ ਰਾਜੇ ਰਾਜੇ (ਆਪੋ ਵਿੱਚ ਦੀ) ਮਿਲ ਗਏ। ਮਿਤ੍ਰਚਾਰੀ (ਦੋਸਤੀ) ਹੋ ਗਈ, ਸਾਰੇ ਕੰਮ ਪੂਰੇ ਹੋ ਗਏ॥੧੭॥੧੮੫॥

**ਮਿਲੀ ਰਾਜ ਦਾਜੰ ਸੁ ਦਾਸੀ ਅਨੂਪੰ॥**
**ਮਹਾਂ ਬਿਦਯਵੰਤੀ ਅਪਾਰੰ ਸਰੂਪੰ॥**
**ਮਿਲੇ ਹੀਰ ਚੀਰੰ ਕਿਤੇ ਸਯਾਉ ਕਰਨੰ॥**
**ਮਿਲੇ ਮੱਤ ਦੰਤੀ ਕਿਤੇ ਸੇਤ ਬਰਨੰ॥੧੮॥੧੮੬॥**

***ਭਾਵਾਰਥ:-*** (ਕਾਸ਼ੀ ਦੇ ਰਾਜੇ ਵੱਲੋਂ) ਰਾਜੇ (ਜਨਮੇਜਾ) ਨੂੰ ਦਾਜ ਵਿੱਚ (ਸੁ) ਇੱਜ ਸੋਹਣੀ ਦਾਸੀ ਮਿਲੀ। ਜੋ ਬਹੁਤ ਰੂਪ ਵਾਲੀ ਅਤੇ ਮਹਾਂ ਵਿਦਵਾਨ ਸੀ। (ਕਿਤੇ) ਕਈ ਹੀਰੇ, ਵਸਤ੍ਰ ਅਤੇ (ਸਿਆਉ ਕਰਨੰ) ਕਾਲਿਆਂ ਕੰਨਾਂ ਵਾਲੇ (ਘੋੜੇ) ਮਿਲੇ। ਕਈ ਚਿੱਟੇ ਰੰਗ ਦੇ ਮਸਤ ਹਾਥੀ ਮਿਲੇ॥੧੮॥੧੮੬॥

**ਕਰਜੋ ਬਜਾਹ ਰਾਜਾ ਭਯੋ ਸੁਪ੍ਰਸੰਨੰ॥**
**ਭਲੀ ਭਾਂਤਿ ਪੋਖੇ ਦਿਜੰ ਸਰਬ ਅੰਨੰ॥**
**ਕਰੇ ਭਾਂਤਿ ਭਾਂਤੰ ਮਹਾ ਜਗਜ ਦਾਨੰ॥**
**ਭਏ ਦੋਇ ਪੁਤ੍ਰੰ ਮਹਾਂ ਰੂਪਮਾਨੰ॥੧੯॥੧੮੭॥**

***ਭਾਵਾਰਥ:–*** ਰਾਜੇ (ਜਨਮੇਜਾ) ਨੇ ਵਿਆਹ ਕਰ ਲਿਆ, ਉਹ (ਬਹੁਤ) ਖੁਸ਼ ਹੋ ਗਿਆ। ਸਾਰੇ ਬ੍ਰਾਹਮਣ ਚੰਗੀ ਤਰ੍ਹਾਂ ਅੰਨ (ਭੋਜਨ ਵਸਤੂ ਆਦਿ ਦਾਨ) ਨਾਲ ਤ੍ਰਿਪਤ ਕੀਤੇ। ਤਰ੍ਹਾਂ ਤਰ੍ਹਾਂ ਦੇ ਬਹੁਤ ਹਾਥੀ ਅਤੇ ਦਾਨ ਕੀਤੇ। (ਜਨਮੇਜਾ ਤੋਂ, ਦੋਹਾਂ ਕਾਸ਼ੀਰਾਜ ਦੀਆਂ ਪੁੱਤਰੀਆਂ ਦੇ ਉਦਰ 'ਚੋਂ) ਦੋ ਪੁੱਤਰ ਬਹੁਤ ਰੂਪ ਵਾਲੇ (ਪੈਦਾ) ਹੋਏ॥੧੯॥੧੮੭॥

**ਲਖੀ ਰੂਪਵੰਤੀ ਮਹਾਰਾਜ ਦਾਸੀ॥**
**ਮਨੋ ਚੀਰ ਕੈ ਚਾਰ ਚੰਦ੍ਰਾ ਨਿਕਾਸੀ॥**
**ਲਹੈ ਚੰਚਲਾ ਚਾਰੁ ਬਿਦਜਾ ਲਤਾ ਸੀ॥**
**ਕਿਧੌ ਕੰਜ ਕੀ ਮੰਜੁ ਸੋਭਾ ਪ੍ਰਕਾਸੀ॥੨੦॥੧੮੮॥**

***ਭਾਵਾਰਥ:–*** ਮਹਾਰਾਜ (ਜਨਮੇਜਾ) ਨੇ ਰੂਪਵੰਤੀ ਦਾਸੀ ਵੇਖ ਲਈ। ਮਾਨੋ ਕਿ ਸੁੰਦਰ ਚੰਦ੍ਰਮਾ ਨੂੰ ਚੀਰ ਕੇ ਕੱਢੀ ਗਈ ਹੈ। ਵਿਦਿਆ (ਗਿਆਨ) ਦੀ (ਲਤਾ) ਵੇਲ ਵਰਗੀ ਸੁੰਦਰ (ਚੰਚਲਾ) ਇਸਤਰੀ ਨੂੰ (ਲਹੈ) ਵੇਖਿਆ। (ਕਿਧੌ) ਅਥਵਾ ਕਮਲ ਦੀ (ਮੰਜੁ) ਸੋਭਾ (ਉਸ ਵਿੱਚੋਂ) ਪ੍ਰਗਟੀ ਹੈ॥੨੦॥੧੮੮॥

**ਕਿਧੌ ਫੂਲ ਮਾਲਾ ਲਖੇ ਚੰਦ੍ਰਮਾਸੀ॥**
**ਕਿਧੌ ਪਦਮਨੀ ਮੈ ਬਨੀ ਮਾਲਤੀਸੀ॥**
**ਕਿਧੌ ਪੁਹਪ ਧੰਨਜਾ ਫੁਲੀ ਰਾਇ ਬੇਲੰ॥**
**ਤਜੇ ਅੰਗ ਤੇ ਬਾਸੁ ਚੰਪਾ ਫੁਲੇਲੰ॥੨੧॥੧੮੯॥**

***ਭਾਵਾਰਥ:–*** ਅਥਵਾ (ਜਾਂ) ਚੰਦ੍ਰਮਾ ਨੂੰ (ਲਖੈ) ਵੇਖਣ ਵਾਲੇ ਫੁੱਲਾਂ (ਕੰਮੀਆਂ/ ਕਵੀਆਂ) ਦੀ ਮਾਲਾ ਹੈ। ਜਾਂ ਪਦਮਨੀ (ਮੈ) ਰੂਪ ਹੈ, (ਜਾਂ) ਮਾਲਤੀ ਦੀ (ਬਨੀ) ਬਗ਼ੀਚੀ (ਸੀ) ਵਰਗੀ ਹੈ। ਜਾਂ (ਪੁਹਪ ਧੰਨਿਆ– ਫੁੱਲਾਂ ਦੇ ਧਨੁਖ ਵਾਲੇ) ਕਾਮ ਦੀ ਇਸਤਰੀ (ਰਤੀ) ਹੈ ਜਾਂ (ਰਾਇ ਬੇਲੰ) ਮੋਤੀਏ ਦੀ (ਜਾਤੀ ਦੀ ਇੱਕ) ਵੇਲ (ਫੁੱਲੀ) ਖਿੜੀ ਹੋਈ ਹੈ। (ਚੰਪਾ) ਚੰਬੇ ਅਤੇ (ਫੁਲੇਲ) ਅਤਰ ਵਰਗੀ ਅੰਤਾਂ ਤੋਂ ਸੁਗੰਧੀ ਕੱਢਦੀ ਸੀ॥੨੧॥੧੮੯॥

**ਕਿਧੌ ਦੇਵ ਕੰਨਜਾ ਪ੍ਰਿਥੀ ਲੋਕ ਡੋਲੈ॥**
**ਕਿਧੌ ਜੱਛਨੀ ਕਿਨ੍ਹੰਨੀ ਸੌ ਕਲੋਲੈ॥**
**ਕਿਧੌ ਰੁਦ੍ਰਬੀਜੰ ਫਿਰੈ ਮਧਜ ਬਾਲੰ॥**
**ਕਿਧੌ ਪਤ੍ਰ ਪਾਨੰ ਨਚੈ ਕੌਲ ਨਾਲੰ॥੨੨॥੧੯੦॥**

***ਭਾਵਾਰਥ:-*** ਜਾਂ (ਕਿਸੇ) ਦੇਵਤੇ ਦੀ ਲੜਕੀ (ਪ੍ਰਿਥੀ ਲੋਕ) ਮ੍ਰਿਤੂ ਲੋਕ ਵਿੱਚ ਫਿਰਦੀ ਹੈ। ਜਾਂ ਯੱਛਣੀ (ਯੱਛ ਜਾਤੀ ਦੀ ਇਸਤਰੀ) ਜਾਂ ਕਿਨੂੰਨੀ (ਗੰਧਰਬ ਜਾਤੀ ਦੀ ਇਸਤਰੀ) ਨਾਲ ਮੌਜ ਮੇਲਾ ਕਰਦੀ ਹੈ। ਜਾਂ (ਬਾਲੰ) ਇਸਤਰੀ ਦੇ ਵਿੱਚ (ਰੁਦ੍ਰਬੀਜੰ) ਪਾਰਾ (ਫਿਰੈ) ਟੱਪਦਾ ਹੈ। ਜਾਂ ਕਮਲ ਦੇ ਪੱਤੇ ਨਾਲ ਪਾਣੀ (ਬੂੰਦ) ਨੱਚਦੀ ਸੀ॥੨੨॥੧੯੦॥

**ਕਿਧੌ ਰਾਗ ਮਾਲਾ ਰਚੀ ਰੰਗ ਰੂਪੰ॥**
**ਕਿਧੌ ਇਸਤ੍ਰਿ ਰਾਜਾ ਰਚੀ ਭੂਪ ਭੂਪੰ॥**
**ਕਿਧੌ ਨਾਗ ਕੰਨਿਆ ਕਿਧੌ ਬਾਸਵੀ ਹੈ॥**
**ਕਿਧੌ ਸੰਖਨੀ ਚਿਤ੍ਰਨੀ ਪਦਮਨੀ ਹੈ**[1]**॥੨੩॥੧੯੧॥**

---

[1] ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਕਾਵਿ-ਕਲਾ ਦੇ ਮਹਾਨ ਕੌਸ਼ਲ ਵਿਦਵਾਨ ਸਨ, ਕਾਵਿ ਵਿੱਚ ਨਾਇਕਾ ਭੇਦ ਬਹੁਤ ਹੀ ਗੰਭੀਰ ਵਿਸ਼ਾ ਹੈ, ਇਸ ਦੇ ਅਨੁਸਾਰ ਹੀ ਸੰਗੀਤ ਕਾਵਿ ਜਾਂ ਪਿੰਗਲ-ਕਾਵਿ ਦਾ ਵਰਣਨ ਕੀਤਾ ਜਾ ਸਕਦਾ ਹੈ। ਨਾਇਕਾ ਦੇ ਬਹੁਤ ਭੇਦ ਕਾਵਿ ਗ੍ਰੰਥਾਂ ਵਿੱਚੋਂ ਮਿਲਦੇ ਹਨ- ਦਿਵਜ, ਅਦਿਵਜ, ਦਿਵਜਾ ਦਿਵਜਾ, ਉੱਤਮ, ਮਧਜਮਾ, ਅਧਮਾ, ਅਨਯ-ਸੁਰਤ, ਦੁੱਖਿਤਾ, ਮਾਨਵਤੀ, ਬਕ੍ਰੋਕ੍ਰਿ, ਗਰਵਿਤਾ, ਸ੍ਵਕੀਯਾ, ਪਰਕੀਯਾ, ਸਾਮਾਨਜਾ, ਮੁਗਧਾ, ਮਧਜਾ, ਪ੍ਰੌਢਾ, ਆਦਿਕ ਇਨ੍ਹਾਂ ਤੋਂ ਅੱਗੇ ਦਸ਼ਾ ਅਨੁਸਾਰ ਪੰਜ-ਪੰਜ ਭੇਦ ਅਤੇ ਫੇਰ ਹਰ ਇਕ ਦੇ ੧੦-੧੦ ਭੇਦ ਪ੍ਰੋਸ਼ਿਤ ਪਤਿਕਾ, ਖੰਡਿਤਾ, ਕਲਹਾਂਤਰਿਤਾ, ਵਿਪ੍ਰਲਬਧਾ, ਉਕੰਠਿਤਾ ਵਾਸਕ ਸੱਜਾ, ਸ੍ਵਾਧੀਨ ਪਤਿਕਾ, ਅਭਿਸਾਰਿਕਾ, ਪ੍ਰਦੂਤਸਜਤ ਪਤਿਕਾ ਅਤੇ ਆਗਤਪਤਿਕਾ ਆਦਿਕ ਬਹੁਤ ਭੇਦ ਹਨ। ਉਨ੍ਹਾਂ ਦੇ ਸੰਕਰ ਪ੍ਰਸਤਾਰ ਅਨੁਸਾਤਰ ਰਸਲੀਨ ਕਵੀ ਨੇ ੧੩੩੨, ਚਿਰਜੀਵੀ ਕਵੀ ਨੇ ੩੨੪੦, ਸਰਦਾਰ ਕਵੀ ਨੇ ੯੨੫੨ ਅਤੇ ਭਾਨੁ ਜੀ ਨੇ ੪੭੯੮ ਨਾਇਕਾ ਭੇਦ ਮੰਨੇ ਹਨ। ਇਨ੍ਹਾਂ ਵਿੱਚ ਹੀ ੪ ਜਾਤੀ ਭੇਦ ਪਦਮਿਨੀ, ਚਿਤ੍ਰਿਨੀ, ਸੰਖਿਨੀ,ਅਤੇ ਹਸਤਿਨੀ ਹਨ। ਏਨ੍ਹਾਂ ਦਾ ਵਰਣਨ ਵੈਦਿਕ ਗ੍ਰੰਥਾਂ ਅਤੇ ਕਾਮਸ਼ਾਸਤ੍ਰ ਆਦਿਕ ਪੁਸਤਕਾਂ ਵਿੱਚੋਂ ਵੀ ਮਿਲਦਾ ਹੈ-

ਸ਼ੰਖਿਨੀ:- ਕੋਪ ਸੀਲ ਕੌਵਿਦ ਕਪਟ, ਸਜਲ ਸਲੋਮ ਸ਼ਰੀਰ ॥
ਅਰੁਣ ਵਸਨ ਨਖਦਾਨ ਰੁਚਿ, ਨਿਲਜ ਨਿਸੰਕ ਅਧੀਰ॥
ਛਾਰ ਗੰਧ ਯੁਤ ਮਾਰ ਜਲ, ਤਪਤ ਭੂਰਿ ਭੰਗ ਹੋਇ॥
ਸੁਰਤਾ ਰਤਿ ਅਤਿ ਸ਼ੰਖਿਨੀ, ਵਰਣਤ ਕਾਵਿ ਜਨ ਲੋਇ॥੧॥

ਚਿਤ੍ਰਨੀ:- ਨ੍ਰਿਤਜ ਗੀਤ ਕਵਿਤਾ ਰੁਚੈ, ਅਚਲ ਚਿਤ ਚਲ ਦ੍ਰਿਸ਼੍ਰਿ ॥
ਬਿਹਰਤ ਰਤਿ ਅਤਿ ਸੁਰਤਿ ਜਲ ਮੁਖ ਸੁਗੰਧ ਕੀ ਸ਼੍ਰਿਸ਼੍ਰਿ ॥
ਵਿਰਲ ਲੋਮ ਤਨੁ ਮਦਨ ਗ੍ਰਿਹ, ਭਾਵਤ ਸਕਲ ਸੁ-ਵਾਸ॥
ਮਿਤ੍ਰ ਚਿੱਤ ਪ੍ਰਿਯਾ ਚਿਤ੍ਰਿਨੀ, ਜਾਨਹੁ ਕੇਸ਼ਵਦਾਸ॥੨॥

ਪਦਮਿਨੀ:- ਸਹਜ ਸੁਗੰਧ ਸ੍ਵਰੂਪ ਸ਼ੁਭ, ਪੁਨਯ ਪ੍ਰੇਮ ਸੁਖਦਾਨ॥
ਤਨੁ ਤਨੁ ਭੋਜਨ ਰੋਸ ਰਤਿ, ਨਿਦ੍ਰਾ ਮਾਨ ਬਖਾਨ॥
ਸਲਜ ਸੁਬੁੱਧਿ ਉਦਰ ਮ੍ਰਿਦੁ, ਹਾਸ ਬਾਸ ਸੁਚਿ ਅੰਗ॥
ਅਮਲ ਅਲੋਮ ਅਨੰਗ ਭੁਵਿ, ਪਦਮਿਨੀ ਹਾਟਕ ਰੰਗ॥੩॥ (ਰਸਿਕਾ ਪ੍ਰਿਯਾ)

ਉਪਰ ਏਨਾਂ ਤਿੰਨਾਂ ਦਾ ਹੀ ਜ਼ਿਕਰ ਹੈ, ਪ੍ਰੰਤੂ ਚੋਥੀ ਹਸ੍ਤਿਨੀ ਦਾ ਵਰਣਨ ਵੀ ਪ੍ਰਸੰਗਨੁਕੂਲ ਸਮਝ ਕੇ ਕਰ ਰਹੇ ਹਾਂ:-

ਹਸ੍ਤਿਨੀ :- ਦੇਹ ਲੋਮ ਯੁਤ ਬੂਲ ਬਹੁ, ਹਸ੍ਤਿਨੀ ਕੀ ਗਜ ਚਾਲ॥
ਤਿਯ ਸੰਮਖਿ ਪਿਯ ਰਹਿਤ ਜਸੋ, ਪਰਯੋ ਪੀਂਜਰੇ ਲਾਲ ॥
ਰੰਗਨਿ ਮੋਦੀ ਗੋਰਟੀ, ਜੋਬਨ ਮਦ ਐਂਡਾਤਿ॥
ਸਖਿਨਿ ਸੰਗ ਗਜਗਾਮਿਨੀ, ਚਲੀ ਨਾਟ ਸੋਂ ਜਾਤਿ॥ (ਕਾਵਜ-ਪ੍ਰਭਾਕਰ)

***ਭਾਵਾਰਥ:–*** ਜਾਂ (ਰਾਗ ਮਾਲਾ) ਪ੍ਰੇਮ ਦੀ ਮਾਲਾ (ਪੰਕਤੀ) ਹੀ ਰੰਗ ਰੂਪ (ਸਰੀਰ) ਨਾਲ (ਰਚੀ) ਮਿਲੀ ਹੋਈ ਹੈ। ਜਾਂ (ਇਸਤ੍ਰਿ ਰਾਜਾ) (ਭੂਪ ਭੂਪੰ) ਪਰਮਾਤਮਾ ਨੇ (ਦਾਸੀ) ਨੂੰ ਇਸਤਰੀਆਂ ਦਾ ਰਾਜਾ (ਸ੍ਰੇਸਟ) ਬਣਾਇਆ ਹੈ। ਮੋਹਣੀ ਅਵਤਾਰ (ਲੱਛਮੀ) ਨੇ ਹੀ ਰਾਜਿਆਂ ਦੀ ਰਾਜਾ (ਰੂਪ ਦਾਸੀ) ਬਣਾਈ ਹੈ। ਜਾਂ ਨਾਗ ਦੀ ਲੜਕੀ, ਜਾਂ ਇੰਦਰ ਦੀ ਇਸਤਰੀ (ਸਚੀ) ਹੈ। ਜਾਂ ਸੰਖਨੀ, ਜਾਂ ਚਿਤ੍ਰਨੀ, ਜਾਂ ਪਦਮਨੀ ਹੈ॥੨੩॥੧੯੧॥

**ਲਸੈ ਚਿਤ੍ਰ ਰੂਪੰ ਬਚਿਤ੍ਰੰ ਅਪਾਰੰ॥**
**ਮਹਾ ਰੂਪਵੰਤੀ ਮਹਾਂ ਜੋਬਨਾਰੰ॥**
**ਮਹਾ ਗਯਾਨਵੰਤੀ ਸੁ ਬਿਗਯਾਨ ਕਰਮੰ॥**
**ਪੜੈ ਕੰਠਿ ਬਿਦਯਾ ਸੁਬਿਦਯਾਦਿ ਧਰਮੰ॥੨੪॥੧੯੨॥**

***ਭਾਵਾਰਥ:–*** ਮਹਾਂ ਰੂਪ ਵਾਲੀ ਅਤੇ ਮਹਾਂ ਜੋਬਨ ਵਾਲੀ ਦੇ ਰੂਪ ਦਾ ਬਹੁਤ ਵਚਿਤ੍ਰ (ਅਨੋਖਾ) (ਚਿਤ੍ਰ) ਨਕਸ਼ਾ (ਤਸਵੀਰ) ਚਮਕਦਾ ਸੀ। ਬਹੁਤ ਗਿਆਨ ਵਾਲੀ ਅਤੇ ਕਰਮਾਂ ਦੀ (ਸੁ ਬਿਗਿਆਨ) ਵਿਸ਼ੇਸ਼ ਗਿਆਤੀ। ਉੱਤਮ ਵਿਦਿਆ ਆਦਿਕ (ਧਰਮੰ) ਗ੍ਰੰਥਾਂ ਦੀ ਵਿਦਿਆ ਨੂੰ ਕੰਠੋਂ ਹੀ ਪੜ੍ਹਦੀ ਸੀ॥੨੪॥੧੯੨॥

**ਲਖੀ ਰਾਜ ਕੰਨਯਾਨਿ ਤੇ ਰੂਪਵੰਤੀ॥**
**ਲਸੈ ਜੋਤਿ ਜ੍ਵਾਲਾ ਅਪਾਰੰ ਅਨੰਤੀ॥**
**ਲਖਯੋ ਤਾਹਿ ਜਨਮੇਜਏ ਆਪ ਰਾਜੰ॥**
**ਕਰੇ ਪਰਮ ਭੋਗੰ ਦਿਯੇ ਸਰਬ ਸਾਜੰ॥੨੫॥੧੯੩॥**

***ਭਾਵਾਰਥ:–*** ਉਸ ਵਿੱਚ ਬਹੁਤ ਜਿਆਦਾ (ਜੁਆਲਾ) ਅੱਗ ਦੀ ਲਾਟ (ਵਰਗੀ) ਜੋਤ ਚਮਕਦੀ ਸੀ। ਆਪ ਜਨਮੇਜਾ ਰਾਜੇ ਨੇ ਉਸ ਨੂੰ ਵੇਖਿਆ ਅਤੇ ਰਾਜ ਪੁੱਤਰੀਆਂ ਤੋਂ ਰੂਪਵਾਨ ਜਾਣੀ। (ਉਸ ਨਾਲ ਜਨਮੇਜਾ ਨੇ) ਬਹੁਤ ਭੋਗ ਭੋਗੇ ਅਤੇ ਸਾਰੇ (ਸਾਜ) ਸਾਜੋ ਸਾਮਾਨ (ਰਾਣੀਆਂ ਵਰਗੇ) ਦੇ ਦਿੱਤੇ॥੨੫॥੧੯੩॥

**ਬਢਯੋ ਨੇਹੁ ਤਾਂ ਸੋ ਤਜੀ ਰਾਜ ਕੰਨਯਾ॥**
**ਹੁਤੀ ਸਿਸ੍ਰਿ ਕੀ ਦਿਸ੍ਰਿ ਮਹਿ ਪੁਸਪ ਧੰਨਯਾ[੧]॥**
**ਭਯੋ ਏਕ ਪੁਤ੍ਰੰ ਮਹਾਂ ਸਸਤ੍ਰ ਧਾਰੀ॥**
**ਦਸੰਚਾਰ ਚੌਦਾਹ ਬਿਦਯਾ ਬਿਚਾਰੀ॥੨੬॥੧੯੪॥**

***ਭਾਵਾਰਥ:–*** (ਜਨਮੇਜਾ ਦਾ) ਉਸ ਨਾਲ ਪ੍ਰੇਮ ਵਧ ਗਿਆ ਅਤੇ ਰਾਜ ਪੁੱਤਰੀਆਂ ਛੱਡ ਦਿੱਤੀਆਂ (ਭਾਵ– ਰਾਜ ਕੰਨਿਆਵਾਂ ਨਾਲ ਸੰਭੋਗ ਤੋਂ ਸੰਕੋਚੀ ਹੋ ਗਿਆ)। (ਦਾਸੀ) ਦੁਨੀਆਂ ਦੀ ਨਿਗ੍ਹਾ ਵਿੱਚ (ਪੁਸ਼ਪ ਧਨੁਸ਼) ਕਾਮਦੇਵ ਦੀ ਇਸਤਰੀ (ਰਤੀ) ਵਾਂਗ ਹੀ ਸੀ। (ਓਸ ਦਾਸੀ ਤੋਂ ਵੀ) ਇੱਕ ਪੁੱਤਰ

---

[੧] ਪਾਠ– 'ਪੁਸਟ ਧੰਨਯਾ' ਵੀ ਮਿਲਦਾ ਹੈ।

(ਰਾਜੇ ਜਨਮੇਜਾ ਦਾ) ਵੱਡਾ ਸ਼ਸਤਰਧਾਰੀ ਪੈਦਾ ਹੋਇਆ। ਜੋ ਦਸ+ਚਾਰ= ੧੪ ਵਿਦਿਆਵਾਂ ਦਾ ਵਿਚਾਰਵਾਨ ਸੀ॥੨੬॥੧੯੪॥

**ਧਰਯੋ ਅਸੁਮੇਧੰ ਪ੍ਰਿਥਮ ਪੁਤ੍ਰ ਨਾਮੰ॥**
**ਭਯੋ ਅਸੁਮੇਧਾਨ ਦੂਜੋ ਪ੍ਰਧਾਨੰ॥**
**ਅਜੈ ਸਿੰਘ ਰਾਖਯੋ ਰਜੀ ਪੁਤ੍ਰ ਸੂਰੰ॥**
**ਮਹਾ ਜੰਗ ਜੋਧਾ ਮਹਾ ਜਸ ਪੂਰੰ॥੨੭॥੧੯੫॥**

***ਭਾਵਾਰਥ:–*** (ਜਨਮੇਜਾ ਨੇ) ਪਹਿਲੇ ਪੁੱਤਰ ਦਾ ਨਾਮ 'ਅਸਮੇਧ' ਰੱਖਿਆ। ਦੂਜਾ (ਪ੍ਰਧਾਨੰ) ਸ੍ਰੇਸ਼ਟ ਪੁੱਤਰ 'ਅਸਮੇਧਾਨ (ਨਾਮ ਦਾ)' ਹੋਇਆ। (ਰਜੀ ਪੁਤ੍ਰ) ਦਾਸੀ ਦੇ ਸੂਰਮੇ ਪੁੱਤਰ (ਦਾ ਨਾਮ) ਅਜੈ ਸਿੰਘ ਰੱਖਿਆ। ਜੋ ਜੰਗ ਦਾ ਮਹਾਂ ਯੋਧਾ ਅਤੇ ਬਹੁਤ ਹੀ ਸ਼ੋਭਾ (ਯਸ਼) ਨਾਲ ਪਰਿਪੂਰਨ ਸੀ॥੨੭॥੧੯੫॥

**ਭਯੋ ਤੰਦਰੁਸਤੰ ਬਲਿਸ੍ਰੰ ਮਹਾਨੰ॥**
**ਮਹਾਂ ਜੰਗ ਜੋਧਾ ਸੁ ਸਸਤ੍ਰੰ ਪ੍ਰਧਾਨੰ॥**
**ਹਣੈ ਦੁਸ੍ਰ ਪੁਸ੍ਰੰ ਮਹਾ ਸਤ੍ਰ ਧਾਰੰ॥**
**ਬਡੇ ਸਤ੍ਰ ਜੀਤੇ ਜਿਵੇਂ ਰਾਵਣਾਰੰ॥੨੮॥੧੯੬॥**

***ਭਾਵਾਰਥ:–*** (ਅਜੈ ਸਿੰਘ) ਬਹੁਤ ਬਲਵਾਨ ਅਤੇ (ਤੰਦਰੁਸਤ) ਅਰੋਗ ਹੋਇਆ। ਬੜਾ ਜੰਗ ਦਾ ਯੋਧਾ ਅਤੇ ਸ਼ਸਤਰ (ਚਲਾਉਣ) ਵਿੱਚ ਮੁੱਖ ਸੀ। ਜੋ ਵੱਡੇ ਸ਼ਸਤਰਧਾਰੀ ਅਤੇ ਮਜ਼ਬੂਤ ਦੁਸ਼ਟਾਂ ਨੂੰ ਮਾਰ ਦੇਂਦਾ ਸੀ। (ਜੀਹਨੇ) (ਰਾਵਣਾਰੰ= ਰਾਵਣ+ਅਰਿਮ੍) ਸ੍ਰੀ ਰਾਮਚੰਦ੍ਰ ਜੀ ਵਾਂਗ ਵੱਡੇ (ਵੱਡੇ) ਵੈਰੀ ਜਿੱਤੇ ਸਨ॥੨੮॥੧੯੬॥

**ਚੜਯੋ ਏਕ ਦਿਵਸੰ ਅਖੇਟੰ ਨਰੇਸੰ॥**
**ਲਖੇ ਮ੍ਰਿਗ ਧਾਯੋ ਗਯੋ ਔਰ ਦੇਸੰ॥**
**ਸ੍ਰਮਯੋ ਪਰਮ ਬਾਟੰ ਤਕਯੋ ਏਕ ਤਾਲੰ॥**
**ਤਹਾ ਦੌਰ ਕੈ ਪੀਨ ਪਾਨੰ ਉਤਾਲੰ॥੨੯॥੧੯੭॥**

***ਭਾਵਾਰਥ:–*** ਇੱਕ ਦਿਨ ਰਾਜਾ (ਜਨਮੇਜਾ) (ਅਖੇਟੰ) ਸ਼ਿਕਾਰ ਨੂੰ ਚੜ੍ਹਿਆ। ਹਿਰਨ ਵੇਖ ਕੇ (ਪਿੱਛੇ) ਲੱਗ ਗਿਆ, ਹੋਰ ਹੀ ਦੇਸ਼ ਵਿੱਚ (ਚਲਿਆ) ਗਿਆ। (ਪਰਮ) ਬਹੁਤ (ਬਾਟੰ) ਪੈਂਡੇ ਕਰ ਕੇ (ਸ੍ਰਮਿਓ) ਥੱਕੇ ਹੋਏ ਨੇ ਇੱਕ ਤਲਾਬ ਵੇਖਿਆ। ਭੱਜ ਕੇ (ਉਤਾਲੰ) ਕਾਹਲੀ ਨਾਲ ਉਸ 'ਚੋਂ ਪਾਣੀ ਪੀਤਾ॥੨੯॥੧੯੭॥

**ਕਰਯੋ ਰਾਜ ਸੈਨੰ ਕਢਯੋ ਬਾਰਿ ਬਾਜੰ॥**
**ਤਕੀ ਬਾਜਨੀ ਰੂਪ ਰਾਜੰ ਸਮਾਜੰ॥**
**ਲਗਯੋ ਆਨ ਤਾ ਕੋ ਰਹਯੋ ਤਾਹਿ ਗਰਭੰ॥**

**ਭਯੋ ਸਜਾਮ ਕਰਣੰ ਸੁ ਬਾਜੀ ਅਦਰਬੰ॥੩੦॥੧੯੮॥**

***ਭਾਵਾਰਥ:–*** ਰਾਜਾ ਸੌਂ ਗਿਆ (ਤਾਂ) (ਬਾਰਿ ਬਾਜੰ) ਪਾਣੀ ਦੇ ਘੋੜੇ ਨੇ (ਤਲਾਬ ਵਿੱਚੋਂ ਆਪਣਾ ਆਪ ਬਾਹਰ) ਕੱਢਿਆ। (ਉਨ੍ਹਾਂ) (ਸਮਾਜ) ਸੰਸਾਰ ਦੇ ਸਮਾਨ ਨਾਲ (ਸਾਜੰ) ਸਜੀ ਹੋਈ (ਜਨਮੇਜਾ ਰਾਜੇ ਦੀ) (ਬਾਜਿਨੀ) ਘੋੜੀ ਵੇਖੀ। (ਤਾਂ) ਉਹਨੂੰ ਆ ਲੱਗਾ (ਭੋਗ ਕੀਤਾ) ਅਤੇ ਉਸਨੂੰ ਗਰਭੰ (ਢਿੱਡ) ਰਹਿ ਗਿਆ। (ਉਸ ਤੋਂ) ਕਾਲੇ ਕੰਨਾਂ ਵਾਲਾ (ਅਦਰਬੰ) ਬੇਕੀਮਤਾ ਘੋੜਾ ਪੈਦਾ ਹੋਇਆ॥੩੦॥੧੯੮॥

**ਕਰਯੋ ਬਾਜਮੇਧੰ ਬਡੋ ਜਗਯ ਰਾਜਾ॥**
**ਜਿਣੇ ਸਰਬ ਭੂਪੰ ਸਰੇ ਸਰਬ ਕਾਜਾ॥**
**ਗਡਯੋ ਜਗਯ ਥੰਭੰ ਕਰਯੋ ਹੋਮ ਕੁੰਡੰ॥**
**ਭਲੀ ਭਾਂਤਿ ਪੋਖੇ ਬਲੀ ਬਿਪ੍ਰ ਝੁੰਡੰ॥੩੧॥੧੯੯॥**

***ਭਾਵਾਰਥ:–*** ਰਾਜੇ (ਜਨਮੇਜਾ) ਨੇ ਵੱਡਾ (ਬਾਜਮੇਧ) ਅਸ੍ਵਮੇਧ ਯੱਗ ਕੀਤਾ। ਸਾਰੇ ਰਾਜੇ ਜਿੱਤ ਲਏ (ਜਿਸ ਤੋਂ) ਸਾਰੇ ਕੰਮ ਪੂਰੇ ਹੋ ਗਏ। ਯੱਗ ਦੀ ਧੁਜਾ ਗੱਡ ਦਿੱਤੀ ਅਤੇ ਹਵਨ ਕੁੰਡ ਬਣਾ ਲਿਆ ਗਿਆ। ਬਲੀ ਬ੍ਰਾਹਮਣਾਂ ਦੇ (ਝੁੰਡੰ) ਸਮੁਦਾਇ (ਜਥੇ) ਚੰਗੀ ਤਰ੍ਹਾਂ (ਪੋਖੇ) ਤ੍ਰਿਪਤ ਕੀਤੇ॥੩੧॥੧੯੯॥

**ਦਏ ਕੋਟ ਦਾਨੰ ਪਕੇ ਪਰਮ ਪਾਕੰ॥**
**ਕਲੂ ਮਧਯ ਕੀਨੋ ਬਡੋ ਧਰਮ ਸਾਕੰ॥**
**ਲਗੀ ਦੇਖਨੇ ਆਪ ਜਯੋਂ ਰਾਜ ਬਾਲਾ॥**
**ਮਹਾ ਰੂਪਵੰਤੀ ਮਹਾ ਜ੍ਵਾਲ ਆਲਾ॥੩੨॥੨੦੦॥**

***ਭਾਵਾਰਥ:–*** ਕਰੋੜਾਂ ਦਾਨ ਅਤੇ ਉੱਤਮ ਪੱਕੇ (ਪਾਕੰ) ਭੋਜਨ ਦਿੱਤੇ। ਕਲਿਜੁਗ ਵਿੱਚ ਹੀ ਵੱਡਾ ਧਰਮ ਦਾ (ਸਾਕੰ) ਸਾਕਾ (ਕੌਤਕ) ਕੀਤਾ। ਜਿਉਂ ਹੀ (ਰਾਜ ਬਾਲਾ) ਰਾਜੇ ਦੀ ਇਸਤਰੀ ਆਪ ਵੇਖਣ ਲੱਗੀ। ਜੋ ਬਹੁਤ ਰੂਪਵੰਤੀ ਅਤੇ ਵੱਡੀ ਅੱਗ ਦਾ ਘਰ (ਕਲਹ ਕਾਰਣਿ ਰੂਪ) ਸੀ॥੩੨॥੨੦੦॥

**ਉਡਯੋ ਪੌਨ ਕੇ ਬੇਗ ਸਯੋਂ ਅਗ੍ਰ ਪਤ੍ਰੰ॥**
**ਹਸੇ ਦੇਖਿ ਨਗਨੰ ਤ੍ਰਿਯੰ ਬਿਪ੍ਰ ਛਤ੍ਰੰ॥**
**ਭਯੋ ਕੋਪ ਰਾਜਾ ਗਹੇ ਬਿਪ੍ਰ ਸਰਬੰ॥**
**ਦਹੇ ਖੀਰ ਖੰਡੰ ਬਡੇ ਪਰਮ ਗਰਬੰ॥੩੩॥੨੦੧॥**

***ਭਾਵਾਰਥ:–*** ਹਵਾ ਦੇ (ਬੇਗ) ਝੋਲੇ ਨਾਲ ਅੱਗੇ ਦਾ (ਪੱਤ੍ਰੰ) ਕੱਪੜਾ (ਭਾਵ– ਸਾੜੀ) ਉੱਡ ਗਿਆ। (ਬਿਪ੍ਰ ਛਤ੍ਰੰ) ਬ੍ਰਾਹਮਣ ਤੇ ਖੱਤਰੀ (ਭਾਵ– ਸਾਰੇ, ਅਥਵਾ ਬ੍ਰਾਹਮਣਾਂ ਦੇ ਛਤ੍ਰ ਰੂਪ, ਸ਼੍ਰੋਮਣੀ ਬ੍ਰਾਹਮਣ) ਨੰਗੀ ਔਰਤ ਨੂੰ ਵੇਖ ਕੇ ਹੱਸ ਪਏ। ਰਾਜਾ ਕ੍ਰੋਧਵਾਨ ਹੋ ਗਿਆ ਅਤੇ ਸਾਰੇ ਬ੍ਰਾਹਮਣ ਫੜ ਲਏ। ਵੱਡੇ ਪਰਮ (ਗਰਬੰ) ਅਹੰਕਾਰ ਨਾਲ ਖੰਡ ਵਾਲੀ ਖੀਰ ਨਾਲ ਸਾੜ ਦਿੱਤੇ॥੩੩॥੨੦੧॥

**ਪ੍ਰਿਥਮ ਬਾਂਧਿ ਕੈ ਸਰਬ ਮੂੰਡੇ ਮੁੰਡਾਏ॥**
**ਪੁਨਰ ਏਡੂਆ ਸੀਸ ਤਾ ਕੇ ਟਿਕਾਏ॥**
**ਪੁਨਰ ਤਪਤ ਕੈ ਖੀਰ ਕੋ ਮਧਜ ਡਾਰਜੋ॥**
**ਇਮੰ ਸਰਬ ਬਿਪ੍ਰਾਨ ਕਉ ਜਾਰਿ ਮਾਰਜੋ॥੩੪॥੨੦੨॥**

***ਭਾਵਾਰਥ:–*** ਪਹਿਲਾਂ ਬੰਨ੍ਹ ਕੇ ਸਾਰਿਆਂ ਦੇ ਸਿਰ ਮੁਨਾ ਦਿੱਤੇ। ਫੇਰ ਉਨ੍ਹਾਂ ਦੇ ਸਿਰਾਂ ਤੇ (ਏਡੂਆ) ਇੰਨੂ ਰਖਵਾ ਦਿੱਤੇ। ਫੇਰ ਤੱਤੀ ਕਰਕੇ ਖੀਰ ਨੂੰ ਵਿੱਚ ਪਾ ਦਿੱਤਾ। ਏਸ ਤਰ੍ਹਾਂ ਸਾਰਿਆਂ ਬ੍ਰਾਹਮਣਾਂ ਨੂੰ ਸਾੜ ਕੇ ਮਾਰ ਦਿੱਤਾ॥੩੪॥੨੦੨॥

**ਕਿਤੇ ਬਾਂਧਿ ਕੈ ਬਿਪ੍ਰ ਬਾਚੇ ਦਿਵਾਰੰ॥**
**ਕਿਤੇ ਬਾਂਧ ਫਾਸੀ ਦਿਯੇ ਬਿਪ੍ਰ ਭਾਰੰ॥**
**ਕਿਤੇ ਬਾਰਿ ਬੋਰੇ ਕਿਤੇ ਅਗਨਿ ਜਾਰੇ॥**
**ਕਿਤੇ ਅੱਧ ਚੀਰੇ ਕਿਤੇ ਬਾਂਧਿ ਫਾਰੇ॥੩੫॥੨੦੩॥**

***ਭਾਵਾਰਥ:–*** ਕਈ ਬ੍ਰਾਹਮਣ ਬੰਨ੍ਹ ਕੇ (ਦਿਵਾਰੰ) ਕੰਧਾਂ ਵਿੱਚ (ਬਾਚੇ) ਚਿਣ ਦਿੱਤੇ। ਕਈ (ਭਾਰੰ) ਵੱਡੇ ਬ੍ਰਾਹਮਣ ਬੰਨ੍ਹ ਕੇ ਫਾਂਸੀ (ਚੜ੍ਹਾ) ਦਿੱਤੇ। ਕਈ ਪਾਣੀ ਵਿੱਚ ਡੋਬ ਦਿੱਤੇ, ਕਈ ਅੱਗ ਵਿੱਚ ਸਾੜ ਦਿੱਤੇ। ਕਈ ਅੱਧ 'ਚੋਂ ਚੀਰ ਦਿੱਤੇ, ਕਈ ਬੰਨ੍ਹ ਕੇ ਪਾੜ ਦਿੱਤੇ॥੩੫॥੨੦੩॥

**ਲਗਜੋ ਦੋਖ ਭੂਪੰ ਬਢਜੋ ਕੁਸਟ ਦੇਹੀ॥ ਸਭੇ ਬਿਪ੍ਰ ਬੋਲੇ ਕਰਜੋ ਰਾਜ ਨੇਹੀ॥**
**ਕਹੋ ਕੌਨ ਸੋ ਬੈਠਿ ਕੀਜੈ ਬਿਚਾਰੰ॥ ਦਹੇ ਦੇਹ ਦੋਖੰ ਮਿਟੈ ਪਾਪ ਭਾਰੰ॥੩੬॥੨੦੪॥**

***ਭਾਵਾਰਥ:–*** ਰਾਜੇ (ਜਨਮੇਜਾ) ਨੂੰ (ਦੋਖ) ਬ੍ਰਹਮ ਹੱਤਿਆ ਦਾ ਦੋਸ਼ ਲੱਗਣ ਤੋਂ ਮਹਾਨ ਕੋੜ੍ਹ (ਸਰੀਰ ਤੇ) (ਬਢਜੋ) ਫੈਲ ਗਿਆ। ਰਾਜੇ ਨੇ (ਨੇਹੀ) ਪ੍ਰੇਮ ਕਰਕੇ ਸਾਰੇ ਬ੍ਰਾਹਮਣ ਬੁਲਾਏ। (ਜਨਮੇਜਾ ਨੇ ਕਿਹਾ ਕਿ) ਦੱਸੋ ਕਿਸ ਨਾਲ ਬਹਿ ਕੇ ਵਿਚਾਰ ਕੀਤਾ ਜਾਵੇ। ਜੋ ਸਰੀਰ ਦੇ ਦੋਸ਼ (ਰੋਗ) ਨਾਸ ਕਰ ਦੇਵੇ ਅਤੇ (ਇਹ) ਮਹਾਨ ਪਾਪ ਮਿਟ ਜਾਵੇ॥੩੬॥੨੦੪॥

**ਬੁਲੈ ਰਾਜਦ੍ਵਾਰੰ ਸਬੈ ਬਿਪ੍ਰ ਆਏ॥**
**ਬਡੇ ਬਜਾਸ ਤੇ ਆਦਿ ਲੈ ਕੈ ਬੁਲਾਏ॥**
**ਦਿਖੈ ਲਾਗ ਸਾਸਤ੍ਰੰ ਬੋਲੈ ਬਿਪ੍ਰ ਸਰਬੰ॥**
**ਕਰਜੋ ਬਿਪ੍ਰਮੇਧੰ ਬਢਜੋ ਭੂਪ ਗਰਬੰ॥੩੭॥੨੦੫॥**

***ਭਾਵਾਰਥ:–*** ਭੁਲਾਏ ਹੋਏ ਸਾਰੇ ਬ੍ਰਾਹਮਣ ਹੀ (ਰਾਜ ਦੁਆਰੰ) ਰਾਜ ਦਰਬਾਰ ਵਿੱਚ ਆ ਗਏ। ਵਿਆਸ ਮੁਨੀ ਆਦਿ ਤੋਂ ਲੈ ਕੇ ਜੋ ਵੀ ਬੁਲਾਏ ਗਏ ਸਨ। ਸਾਰੇ ਬੁਲਾਏ ਹੋਏ ਬ੍ਰਾਹਮਣ ਸ਼ਾਸ਼ਤਰਾਂ ਨੂੰ ਵੇਖਣ ਲੱਗ ਪਏ। (ਵਿਚਾਰਿਆ ਕਿ) ਰਾਜੇ (ਜਨਮੇਜਾ) ਨੂੰ ਅਹੰਕਾਰ ਵਧਿਆ ਹੋਇਆ ਸੀ (ਏਸ ਵਾਸਤੇ ਏਸ) ਬ੍ਰਾਹਮਣ ਮੇਧ (ਬ੍ਰਾਹਮਣਾਂ ਨੂੰ ਨਾਸ ਕਰਨ ਰੂਪ) ਯੱਗ ਕਰ ਦਿੱਤਾ ਹੈ॥੩੭॥੨੦੫॥

**ਸੁਨੋ ਰਾਜ ਸਰਦੂਲ ਬਿਦਜਾ ਨਿਧਾਨੰ॥**
**ਕਰਜੋ ਬਿਪ੍ਰਮੇਧੰ ਸੁ ਜਗਜੰ ਪ੍ਰਮਾਨੰ॥**
**ਭਯੋ ਅਕਸਮਾਤ੍ਰੰ ਕਹਜੋ ਨਾਹਿ ਕੌਨੈ॥**
**ਕਰੀ ਜੌਂ ਨ ਹੋਤੀ ਭਈ ਬਾਤ ਤੌਨੈ॥੩੮॥੨੦੬॥**

***ਭਾਵਾਰਥ:–*** (ਵਿਆਸ ਆਦਿਕ ਮੁਨੀਆਂ ਨੇ ਵਿਚਾਰ ਕੇ ਕਿਹਾ ਕਿ) ਹੇ ਰਾਜਿਆਂ ’ਚ (ਸਰਦੂਲ) ਸ਼ੇਰ ਰੂਪ ਅਤੇ ਵਿਦਿਆ ਦੇ ਭੰਡਾਰ! ਸੁਣੋ (ਕਿ ਆਪ ਨੇ) ਯੱਗ ਵਾਂਗ ਹੀ ਬ੍ਰਾਹਮਣ ਮੇਧ (ਬ੍ਰਾਹਮਣਾਂ ਦਾ ਮਹਾਂ ਨਾਸ) ਕਰ ਦਿੱਤਾ ਹੈ। ਕਿਸੇ ਨੇ (ਆਪ ਨੂੰ ਬ੍ਰਹਮ ਘਾਤ ਲਈ) ਕਿਹਾ ਨਹੀਂ (ਅਕਸਮਾਤ੍ਰੰ) ਅਚਨਚੇਤ ਹੀ ਹੋ ਗਿਆ ਹੈ। (ਤੁਸਾਂ ਜੋ ਸੋਚੀ) ਨਹੀਂ (ਸੀ) ਓਹੋ ਗੱਲ ਹੋ ਗਈ[1]॥੩੮॥੨੦੬॥

**ਸੁਨੋ[2] ਬਜਾਸ ਤੇ ਪਰਬ ਅਸ੍ਰੰਦਸਾਨੰ॥**
**ਦਹੈ ਦੇਹ ਤੇ ਕੁਸ੍ਰ ਸਰਬੰ ਨ੍ਰਿਪਾਨੰ॥**
**ਬੁਲੈ[2] ਬਿਪ੍ਰ ਬਜਾਸੰ ਸੁਨੈ ਲਾਗ ਪਰਬੰ॥**
**ਪਰਜੋ ਭੂਪ ਪਾਇਨ ਤਜੇ ਸਰਬ ਗਰਬੰ॥੩੯॥੨੦੭॥**

***ਭਾਵਾਰਥ:–*** (ਸਾਰਿਆਂ ਬ੍ਰਾਹਮਣਾਂ ਨੇ ਸਲਾਹ ਕੀਤੀ ਕਿ ਹੇ ਜਨਮੇਜਾ ਮਹਾਰਾਜ!) ਵਿਆਸ ਮੁਨੀ ਤੋਂ ਅਠਾਰਾਂ ਪਰਵ (ਮਹਾਂਭਾਰਤ) ਸੁਨੋ। ਹੇ ਰਾਜਨ! ਦੇਹ ਤੋਂ ਸਾਰੇ ਹੀ ਕੋੜ੍ਹ (ਮਹਾਂਭਾਰਤ ਦਾ ਮਹਾਤਮ) ਨਾਸ ਕਰ ਦੇਵੇਗਾ। ਸ੍ਰੀ ਵਿਆਸ (ਬਿਪ੍ਰ) ਬ੍ਰਾਹਮਣ ਨੂੰ ਬੁਲਾ ਕੇ ਪਰਵ (ਮਹਾਂਭਾਰਤ) ਸੁਣਨ ਲੱਗਾ। ਰਾਜਾ (ਵਿਆਸ ਜੀ ਆਦਿਕਾਂ ਦੇ) ਪੈਰੀਂ ਪਿਆ ਅਤੇ ਸਾਰੇ ਅਹੰਕਾਰ ਛੱਡ ਦਿੱਤੇ॥੩੯॥੨੦੭॥

**ਸੁਨੋ ਰਾਜ ਸਰਦੂਲ ਬਿਦਜਾ ਨਿਧਾਨੰ॥**
**ਹੂਓ ਭਰਥ ਕੇ ਬੰਸ ਮੈ ਰੱਘੁਰਾਨੰ॥**
**ਭਯੋ ਤੌਨ ਕੇ ਬੰਸ ਮੈ ਰਾਮ ਰਾਜਾ॥**
**ਦੀਜੈ ਛਤ੍ਰ ਦਾਨੰ ਨਿਧਾਨੰ ਬਿਰਾਜਾ॥੪੦॥੨੦੮॥**

***ਭਾਵਾਰਥ:–*** (ਸ੍ਰੀ ਵਿਆਸ ਮੁਨੀ ਜੀ ਕਹਿੰਦੇ ਹਨ ਕਿ) ਹੇ ਰਾਜਿਆਂ ’ਚ ਸ਼ੇਰ ਰੂਪ ਵਿਦਿਆ ਦੇ ਖਜ਼ਾਨਾ ਰੂਪ! ਸੁਣੋ, ਕਿ (ਰਾਜੇ) ਭਰਤ ਦੇ ਵੰਸ਼ ਵਿੱਚ ‘ਰਘੁ’ (ਰਾਨੰ) ਰਾਜਾ ਹੋਇਆ। ਓਸਦੇ ਵੰਸ਼

---

[1] ਸ਼ਲੇਸ਼ ਅਥਵਾ ਲਾਟਾਨੁਪ੍ਰਾਸ ਅਨੁਸਾਰ ਕੁਝ ਵਿਦਵਾਨ ਦੂਜਾ ਅਰਥ ਇਓਂ ਵੀ ਕਰਦੇ ਹਨ॥ ਯਥਾ (ਜੌਨ) ਜੋ (ਪਰਮੇਸ਼ਰ ਦੀ) ਕੀਤੀ (ਹੋਤੀ) ਹੋਈ ਸੀ, ਉਹੋ ਹੀ ਗੱਲ ਹੋਈ ਹੈ (ਭਾਵ– ਤੁਹਾਡੇ ਜਾਂ ਕਿਸੇ ਦੀ ਅਖਿਅਤਾਰ ਵਿੱਚ ਇਹ ਕਰਮ ਨਹੀਂ ਹੋਇਆ, ਇਹ ਭਾਵੀ ਵੱਲੋਂ ਹੀ ਵਰਤਿਆ ਹੈ)।

[2] ਕਈਆਂ ਲਿਖਾਰੀਆਂ ਨੇ ‘ਸੁਨੋ’ ਦੀ ਥਾਂ ‘ਸੁਨਹੁ’ ਅਤੇ ‘ਬੁਲੈ’ ਦੀ ਥਾਂ ‘ਬੋਲੈ’ ਆਦਿਕ ਪਾਠ ਬਹੁਤੀ ਥਾਂਈਂ ਲਿਖੇ ਹਨ। ਨਮੂਨੇ ਮਾਤਰ ਲਈ ਵੇਖੋ ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਜੀ ਪੁਸਤਕਾਂ ਵਾਲੇ ਬਜ਼ਾਰ ਮਾਈ ਸੇਵਾ ਅੰਮ੍ਰਿਤਸਰ ਦੀਆਂ ਛਾਪੀਆਂ ਹੋਈਆਂ ਸੈਂਚੀਆਂ।

ਵਿੱਚ ਰਾਮ ਰਾਜਾ ਹੋਇਆ। ਜੋ (ਦਿਜੈ) ਬ੍ਰਾਹਮਣਾਂ ਨੂੰ ਛਤ੍ਰ (ਰਾਜ) ਦੇਣ ਵਾਲੇ (ਸ੍ਰੀ ਪਰਸੂਰਾਮ) ਦਾ (ਨਿਧਾਨੰ- ਨਿਧਾਨ) ਨਾਸ ਕਰਨ ਵਾਲਾ ਹੋ ਕੇ (ਬਿਰਾਜਾ) ਚਮਕਿਆ ਸੀ॥੪੦॥੨੦੮॥

**ਭਯੋ ਤੌਨ ਕੀ ਜੱਦ ਮੈ ਜੱਦੁ ਰਾਜੰ॥**
**ਦਸੰ ਚਾਰ ਚੌਦਾ ਸੁ ਬਿਦਜਾ ਸਮਾਜੰ॥**
**ਭਯੋ ਤੌਨ ਕੇ ਬੰਸ ਮੈ ਸੰਤਨੇਅੰ॥**
**ਭਏ ਤਾਹਿ ਕੇ ਕੌਰਓ ਪਾਂਡਵੇਅੰ॥੪੧॥੨੦੯॥**

***ਭਾਵਾਰਥ:-*** ਓਸਦੀ ਵੰਸ਼ ਵਿੱਚ 'ਯਦੁ' ਰਾਜਾ ਹੋਇਆ। ਜੋ ਦਸ+ਚਾਰ = ਚੌਦਾਂ ਹੀ ਵਿਦਿਆਵਾਂ ਨੂੰ (ਸਮਾਜੰ) ਗ੍ਰਹਿਣ ਕਰਨ ਵਾਲਾ ਸੀ। ਓਸ ਦੇ ਹੀ ਵੰਸ਼ ਵਿੱਚ (ਸ਼ਾਂਤਨੇਅੰ) ਸ਼ਾਤਨੂੰ ਹੋਇਆ। ਓਸ ਦੇ ਹੀ (ਵੰਸ਼ ਵਿੱਚ) ਕੌਰਵ ਅਤੇ ਪਾਂਡਵ ਹੋਏ॥੪੧॥੨੦੯॥

**ਭਯੋ ਤੌਨ ਕੇ ਬੰਸ ਮੈ ਧ੍ਰਿਤਰਾਸ੍ਰੰ॥**
**ਮਹਾ ਜੁੱਧ ਜੋਧਾ ਪ੍ਰਬੋਧਾ ਮਹਾਸਤ੍ਰੰ॥**
**ਭਏ ਤੌਨ ਕੇ ਕੌਰਵੰ ਕ੍ਰੂਰ ਕਰਮੰ॥**
**ਕਿਯੋ ਛਤ੍ਰਨੰ ਜੈਣ ਕੁਲ ਛੈਣ ਕਰਮੰ॥੪੨॥੨੧੦॥**

***ਭਾਵਾਰਥ:-*** ਓਸ ਦੇ ਵੰਸ਼ ਵਿੱਚ ਧ੍ਰਿਤਰਾਸ਼ਟਰ ਹੋਇਆ। ਜੋ ਮਹਾਂ ਜੰਗ ਦਾ ਸੂਰਮਾ ਅਤੇ ਮਹਾਂ ਅਸਤਰਾਂ ਦਾ (ਪ੍ਰਬੋਧਾ) ਗਿਆਤਾ ਸੀ। ਓਸ ਦੇ (ਵੰਸ਼ ਵਿੱਚ) (ਕ੍ਰੂਰ) ਭੈੜੇ ਕਰਮਾਂ ਵਾਲੇ ਕੌਰਵ (ਦੁਰਯੋਧਨ ਆਦਿਕ) ਹੋਏ। ਜਿਨ੍ਹਾਂ ਨੇ ਖੱਤਰੀਆਂ ਦੀ ਕੁਲ ਦੇ (ਛੇਣ) ਨਾਸ ਕਰਨ ਵਾਲਾ (ਧਰਮ) ਕਰਮ ਕੀਤਾ॥੪੨॥੨੧੦॥

**ਕਿਯੋ ਭੀਖਮੇ ਅਗ੍ਰ ਸੈਨਾ ਸਮਾਜੰ॥**
**ਭਯੋ ਕ੍ਰੁੱਧ ਜੁੱਧੰ ਸਮੁਹ ਪੰਡੁਰਾਜੰ॥**
**ਤਹਾਂ ਗਰਜਜੋ ਅਰਜੁਨੰ ਪਰਮ ਬੀਰੰ॥**
**ਧਨੁਰ ਬੇਦ ਗਜਾਤਾ ਤਜੇ ਪਰਮ ਤੀਰੰ॥੪੩॥੨੧੧॥**

***ਭਾਵਾਰਥ:-*** (ਕੌਰਵਾਂ ਨੇ) ਭੀਸ਼ਮ ਪਿਤਾਮਾਹ ਨੂੰ (ਸਮਾਜੰ) ਸਮੂਹ ਸੈਨ ਦਾ (ਅਗ੍ਰ) ਆਗੂ ਕਰ ਦਿੱਤਾ। (ਪੰਡੁ ਰਾਜੰ- ਪਾਂਡਵਾਂ ਦਾ ਰਾਜਾ) ਯੁਧਿਸ਼ਟਰ ਦੇ ਸਾਹਮਣੇ ਕ੍ਰੋਧ ਨਾਲ ਜੰਗ ਕੀਤਾ। ਓਥੇ ਹੀ ਮਹਾਂ ਯੋਧਾ ਅਰਜੁਨ ਗੱਜਿਆ। ਜੋ ਧਨੁਸ਼ ਦੇ (ਬੇਦ) ਗਿਆਨ ਦਾ ਜਾਣੂ ਸੀ (ਉਸ) ਚੰਗੇ ਤੀਰ ਛੱਡੇ॥੪੩॥੨੧੧॥

**ਤਜੀ ਬੀਰ ਬਾਨਾਵਰੀ ਬੀਰ ਖੇਤੰ॥**
**ਹਣਜੋ ਭੀਖਮੰ ਸਭੈ ਸੈਨਾ ਸਮੇਤੰ॥**
**ਦਈ ਬਾਣ ਸਿੱਜਾ ਗਿਰੇ ਭੀਖਮੇਣੰ॥**

**ਜਯੰ ਪੱਤ੍ਰ ਪਾਯੋ ਸੁਖੰ ਪਾਂਡਵੇਣੰ॥੪੪॥੨੧੨॥**

***ਭਾਵਾਰਥ:-*** (ਬੀਰ) ਯੋਧੇ (ਅਰਜੁਨ) ਨੇ (ਬੀਰ ਖੇਤੰ) ਮੈਦਾਨੇ ਜੰਗ ਵਿੱਚ (ਬਾਨਾਵਰੀ) ਬੌਛਾੜ। ਭੀਸ਼ਮ ਪਿਤਾਮਾਹ ਸਾਰੀ ਫ਼ੌਜ ਸਮੇਤ ਮਾਰ ਦਿੱਤਾ। (ਅਰਜੁਨ ਨੇ) ਭੀਸ਼ਮ ਪਿਤਾਮਾਹ ਨੂੰ ਏਨੇ ਤੀਰ ਮਾਰੇ ਕਿ ਉਹ ਡਿੱਗ ਪਿਆ, ਵੱਜੇ ਹੋਏ ਤੀਰਾਂ ਨੇ (ਮਾਨੋ) ਸੇਜ ਬਣਾ ਦਿੱਤੀ। (ਇਓਂ) ਪਾਂਡਵਾਂ ਨੇ ਸੁੱਖ ਨਾਲ ਹੀ (ਜਯੰ ਪੱਤ੍ਰ) ਫ਼ਤਿਹ ਨਾਮਹ (ਭਾਵ- ਮਹਾਨ ਜਿੱਤ ਨੂੰ) ਪਾ ਲਿਆ॥੪੪॥੨੧੨॥

**ਭਏ ਦ੍ਰੋਣ ਸੈਨਾਪਤੀ ਸੈਨਪਾਲੰ॥**
**ਭਯੋ ਘੋਰ ਜੁੱਧੰ ਤਹਾਂ ਤੌਨ ਕਾਲੰ॥**
**ਹਣਯੋ ਧ੍ਰਿਸ੍ਟਦ੍ਰੋਣੰ ਤਜੇ ਦ੍ਰੋਣ ਪ੍ਰਾਣੰ॥**
**ਕਰਯੋ ਜੁੱਧ ਤੇ ਦੇਵ ਲੋਕੰ ਪਯਾਣੰ॥੪੫॥੨੧੩॥**

***ਭਾਵਾਰਥ:-*** (ਭੀਸ਼ਮ ਪਿਤਾਮਾਹ ਤੋਂ ਉਪਰੰਤ) ਦ੍ਰੋਣਾਚਾਰਯ (ਫ਼ੌਜ ਦੇ ਮੁਖੀਆਂ ਦਾ) ਸੈਨਾਪਤੀ ਬਣਿਆ। ਓਸ ਸਮੇਂ ਓਥੇ ਭਿਆਨਕ ਜੰਗ ਹੋਇਆ। (ਧ੍ਰਿਸ਼ਟਦ੍ਰੋਣੰ) ਧ੍ਰਿਸ਼ਟਦਜੁਮਨ (ਦ੍ਰੋਪਦੀ ਦੇ ਭਰਾ) ਦੇ (ਹਣਿਓ) ਮਾਰੇ ਹੋਏ ਦ੍ਰੋਣਾਚਾਰਯ ਨੇ ਸਵਾਸ ਛੱਡੇ। (ਮੈਦਾਨ) ਜੰਗ ’ਚੋਂ ਦੇਵ ਲੋਕ ਨੂੰ (ਪਿਆਣੰ) ਤੁਰਨਾ ਕੀਤਾ॥੪੫॥੨੧੩॥

**ਭਏ ਕਰਣ ਸੈਨਾਪਤੀ ਛਤ੍ਰਪਾਲੰ॥**
**ਮਚਯੋ ਜੁੱਧ ਕ੍ਰੁੱਧੰ ਮਹਾਂ ਬਿਕਰਾਲੰ॥**
**ਹਣਯੋ ਤਾਹਿ ਪੱਥੰ ਸਦੰ ਸੀਸੁ ਕਪਯੋ॥**
**ਗਿਰਯੋ ਤੌਣ ਜੁਧਿਸ੍ਟਰੰ ਰਾਜੁ ਥਪਯੋ॥੪੬॥੨੧੪॥**

***ਭਾਵਾਰਥ:-*** (ਦ੍ਰੋਣਾਚਾਰਯ ਉਪਰੰਤ) (ਛਤ੍ਰਪਾਲੰ) ਮਹਾਰਾਜ ਕਰਨ ਸੈਨਾਪਤੀ (ਫ਼ੌਜ ਕਮਾਂਡਰ) ਹੋਇਆ। (ਓਸ ਦਾ) ਕ੍ਰੋਧਮਈ ਅਤੇ ਮਹਾਂ ਭਿਆਨਕ ਜੰਗ (ਪਾਂਡਵਾਂ ਨਾਲ) ਮੱਚਿਆ। ਓਸ ਨੂੰ (ਸਦੰ) ਤੁਰੰਤ ਹੀ ਮਾਰ ਲਿਆ, ਸਿਰ ਵੱਢ ਦਿੱਤਾ। (ਉਹ) ਡਿੱਗ ਪਿਆ (ਤਾਂ ਰਾਜ ਭਾਗ ਤੇ ਅਰਜੁਨ ਆਦਿਕ ਪਾਂਡਵਾਂ) ਰਾਜਾ ਯੁਧਿਸ਼ਟਰ ਬਿਠਾ ਦਿੱਤਾ॥੪੬॥੨੧੪॥

**ਭਏ ਸੈਨਪਾਲੰ ਬਲੀ ਸੂਲਿ ਸਲਜੰ॥**
**ਭਲੀ ਭਾਂਤਿ ਕੁਟਯੋ ਬਲੀ ਪੰਡੁ ਦਲਜੰ॥**
**ਪੁਨਰ ਹਸਤ ਜੁਧਿਸ੍ਟਰੰ ਸਕਤਿ ਬੇਦੰ॥**
**ਗਿਰਯੋ ਜੁੱਧ ਭੂਪੰ ਬਲੀ ਭੂਮੰ ਬੇਦੰ॥੪੭॥੨੧੫॥**

***ਭਾਵਾਰਥ:-*** (ਕਰਨ ਦੇ ਮਰਨ ਉਪਰੰਤ ਕਰਨ ਦਾ ਰਥਵਾਹੀ ਰਾਜਾ) ਸ਼ਲਜ (ਸੂਲਿ) ਤੀਰ ਧਾਰੀ (ਵੈਰੀ, ਦੁਸ਼ਮਣ) ਅਤੇ ਬਲਵਾਨ (ਆਪਣੇ ਆਪ ਹੀ ਕੌਰਵਾਂ ਦਾ) ਸੈਨਾਪਤੀ ਬਣ ਬੈਠਾ[੧]। (ਇਸਨੇ)

---

[੧] ਰਾਜਾ ਸ਼ਲਜ, ਮਹਾਂਭਾਰਤ ਅਨੁਸਾਰ ਪੰਡੁ ਰਾਜੇ ਦੀ ਰਾਣੀ ਮਾਂਦ੍ਰੀ ਦਾ ਭਰਾ ਸੀ। ਏਸ ਨੂੰ ਮਦ੍ਰ ਦੇਸ਼ ਦਾ ਰਾਜਾ ਲਿਖਿਆ ਹੋਇਆ ਹੈ। ਦ੍ਰੋਪਦੀ ਦੇ ਸਵੰਬਰ ਵਿੱਚ ਦ੍ਰੋਪਦੀ ਨੂੰ ਵਿਆਹੁਣ ਲਈ ਇਹ ਵੀ ਗਿਆ ਸੀ। ਓਥੋਂ ਹੀ ਯੁਧਿਸ਼ਟਰ ਨਾਲ

ਪਾਂਡਵਾਂ ਦਾ ਦਲ ਚੰਗੀ ਤਰ੍ਹਾਂ ਕੁੱਟਿਆ। ਫੇਰ ਯੁਧਿਸ਼ਟਰ ਦੇ ਹੱਥ ਦੀ (ਸਕਤਿ) ਬਰਛੀ ਦੇ (ਬੇਦ) ਘਾਉ (ਵਾਰ) ਨਾਲ। ਮੈਦਾਨੇ ਜੰਗ ਵਿੱਚ (ਬੇਦੰ) ਦੁਖੀ ਹੋਇਆ ਹੋਇਆ (ਅਥਵਾ- ਵੇਧਨ, ਵਿੰਧਨ ਕੀਤਾ ਹੋਇਆ) ਬਲੀ ਰਾਜਾ (ਸ਼ਲਜ) ਡਿੱਗ ਪਿਆ॥੪੭॥੨੧੫॥

**ਚਉਪਈ॥**

**ਸਲਜ ਰਾਜਾ ਜਉਨੈ ਦਿਨ ਜੂਝਾ॥ ਕਉਰਉ ਹਾਰ ਤਦਿਨ[1] ਤੇ ਸੂਝਾ॥**
**ਜੂਝਤ ਸਲਜ ਭਯੋ ਅਸਤਾਮਾ॥ ਕੂਟਿਓ ਕੋਟ ਕਟਕੁ ਇਕ ਜਾਮਾ॥੧॥੨੧੬॥**

***ਭਾਵਾਰਥ:-*** ਜਿਸ ਦਿਨ ਰਾਜਾ ਸ਼ਲਜ (ਜੂਝਾ) ਮਾਰਿਆ ਗਿਆ। ਉਸ ਦਿਨ ਤੋਂ ਹੀ ਕੌਰਵਾਂ (ਦੁਰਯੋਧਨ ਆਦਿਕਾਂ) ਨੂੰ ਹਾਰ (ਸੂਝਾ) ਮਾਲੂਮ ਪੈ ਗਈ। ਸ਼ਲਜ ਦੇ ਮਰਨ ਉਪਰੰਤ (ਸੈਨਾਪਤੀ) ਅਸ੍ਵਥਾਮਾ ਹੋ ਗਿਆ। ਉਨ੍ਹਾਂ ਇੱਕ ਪਹਿਰ ਵਿੱਚ ਕਰੋੜਾਂ (ਕਟਕੁ ਦੀ) ਫ਼ੌਜ ਨੂੰ ਕੁੱਟਿਆ (ਮਾਰ ਦਿੱਤਾ)॥੧॥੨੧੬॥

**ਧ੍ਰਿਸ੍ਰਦੋਨ ਮਾਰਜੋ ਅਤਿਰਥੀ॥ ਪਾਂਡਵ ਸੈਨ ਭਲੇ ਕਰਿ ਮਥੀ॥**
**ਪਾਂਡਵ ਕੇ ਪਾਂਚੋ ਸੁਤ ਮਾਰੇ॥ ਦੁਆਪੁਰ ਮੈ ਬਡ ਕੀਨ ਅਖਾਰੇ॥੨॥੨੧੭॥**

***ਭਾਵਾਰਥ:-*** ਯੋਧੇ ਧ੍ਰਿਸ਼ਟਦਯੁਮਨ ਨੂੰ (ਅਸ੍ਵਥਾਮੇ ਨੇ) ਮਾਰਿਆ। ਪਾਂਡਵਾਂ ਦੀ ਫ਼ੌਜ (ਭਲੇ ਕਰਿ) ਚੰਗੀ ਤਰ੍ਹਾਂ ਨਾਲ (ਮਥੀ) ਮਿੱਧ ਸੁੱਟੀ (ਰਿੜਕੀ)। ਪਾਂਡਵਾਂ ਦੇ ਪੰਜੇ ਪੁੱਤਰ (ਅਸ੍ਵਥਾਮੇ ਨੇ) ਮਾਰ ਦਿੱਤੇ। (ਵਿਆਸ ਜੀ ਸੁਣਾ ਰਹੇ ਹਨ ਕਿ ਇਨ੍ਹਾਂ ਯੋਧਿਆਂ ਨੇ) ਦ੍ਵਾਪੁਰ ਵਿੱਚ ਵੱਡੇ (ਅਖਾਰੇ) ਜੰਗ ਕੀਤੇ ਸਨ॥੨॥੨੧੭॥

**ਕਉਰਉ ਰਾਜ ਕੀਓ ਤਬ ਜੁੱਧਾ॥ ਭੀਮ ਸੰਗਿ ਹੁਇ ਕੈ ਅਤਿ ਕ੍ਰੁੱਧਾ॥**
**ਜੁਧ ਕਰਤ ਕਬਹੂ ਨਹੀ ਹਾਰਾ॥ ਕਾਲ ਬਲੀ ਤਿਹ ਆਨ ਸੰਘਾਰਾ॥੩॥੨੧੮॥**

***ਭਾਵਾਰਥ:-*** ਭੀਮ ਨਾਲ ਬਹੁਤੇ ਕ੍ਰੋਧ ਵਿੱਚ ਆ ਕੇ ਕੌਰਵਾਂ ਦੇ ਰਾਜੇ (ਦੁਰਯੋਧਨ) ਨੇ ਤਦ ਯੁੱਧ ਕੀਤਾ। ਯੁੱਧ ਕਰਦਿਆਂ (ਜਿਹੜਾ) ਦੁਰਯੋਧਨ ਕਦੀ ਨਹੀਂ ਸੀ ਹਾਰਿਆ (ਸਮਾਂ ਆਉਣ 'ਤੇ) ਬਲੀ ਕਾਲ ਨੇ ਉਸਨੂੰ ਵੀ ਮਾਰ ਦਿੱਤਾ॥੩॥੨੧੮॥

**ਭੁਜੰਗ ਪ੍ਰਯਾਤ ਛੰਦ॥**

**ਤਹਾ ਭੀਮ ਕੁਰਰਾਜ ਸਜੋ ਜੁੱਧ ਮਚਜੋ॥ ਛੁਟੀ ਬ੍ਰਹਮ ਤਾਰੀ ਮਹਾਂ ਰੁਦ੍ਰ ਨਚਜੋ॥**
**ਉਠੈ ਸਬਦ ਨਿਰਘਾਤ ਆਘਾਤ ਬੀਰੰ॥ ਭਏ ਰੁੰਡ ਮੁੰਡੰ ਤਨੰ ਤੱਛ ਤੀਰੰ॥੧॥੨੧੯॥**

---

ਜੰਗ 'ਚੋਂ ਹਾਰ ਖਾ ਕੇ ਭੱਜ ਆਇਆ ਸੀ। ਏਸੇ ਵਾਸਤੇ ਇਹ ਆਪਣੇ ਭਣੇਵਿਆਂ ਦਾ ਹੀ ਵੈਰੀ ਬਣਿਆ ਸੀ। ਕੁਰਕਸ਼ੇਤਰ ਦੀ ਲੜਾਈ ਵਿੱਚ ਸ਼ਲਜ ਮਹਾਰਾਜਾ ਕਰਨ ਦਾ ਰਥਵਾਹੀ ਬਣਿਆ। ਏਸ ਨੂੰ ਘੋੜਿਆਂ ਦੇ ਤੋਰਨ ਦੀ ਬਹੁਤ ਸੂਝ ਸੀ। ਕਰਨ ਤੋਂ ਬਾਅਦ ਇਹ ਆਪ ਵੀ ਰਥ 'ਤੇ ਸਵਾਰ ਹੋ ਗਿਆ। ਜੰਗ ਦੇ ਅਠਾਰਵੇਂ ਦਿਨ ਇਹ ਯੁਧਿਸ਼ਟਰ ਦੇ ਹੱਥੋਂ ਬਰਛੀ ਨਾਲ ਮਾਰਿਆ ਗਿਆ। ਮਹਾਂਭਾਰਤ ਦੇ ਸ਼ਲਜ ਪਰਵ ਵਿੱਚ ਏਸ ਦੀ ਕਥਾ ਵਿਸਤਾਰ ਨਾਲ ਲਿਖੀ ਹੋਈ ਹੈ।

[1] ਪਾਠ- ਤਵਨ

***ਭਾਵਾਰਥ:–*** ਓਥੇ (ਕੁਰਕਸ਼ੇਤਰ ਵਿੱਚ) ਭੀਮ ਸੈਨ ਅਤੇ (ਕੁਰਰਾਜ– ਕੈਰਵਾਂ ਦੇ ਰਾਜੇ) ਦੁਰਯੋਧਨ ਨਾਲ ਜੰਗ ਮੱਚਿਆ। ਬ੍ਰਹਮਾ ਦੀ (ਤਾਰੀ) ਸਮਾਧੀ (ਛੁਟੀ) ਉਖੜ ਗਈ, ਮਹਾਂ (ਰੁਦ੍ਰ) ਸ਼ਿਵ ਨੱਚ ਉਠਿਆ। ਯੋਧਿਆਂ ਦੇ ਵਾਰ ਕਰਨ ਦੀ ਆਵਾਜ਼ ਬਿਜਲੀ ਦੀ ਕੜਕ ਵਾਂਗੂੰ ਹੁੰਦੀ ਹੈ। (ਯੋਧਿਆਂ ਦੇ) ਸਰੀਰ ਤੀਰਾਂ ਨਾਲ ਤੱਛੇ ਗਏ ਅਤੇ ਸਿਰ ਧੜਾਂ ਨਾਲੋਂ ਅਲੱਗ ਹੋ ਗਏ ਅਤੇ (ਦਰੱਖਤ ਦੇ) ਤਣੇ ਵਾਂਗੂੰ ਰਹਿ ਗਏ॥੧॥੨੧੯॥

**ਗਿਰੇ ਬੀਰ ਏਕੰ ਅਨੇਕੰ ਪ੍ਰਕਾਰੰ॥ ਗਿਰੇ ਅੱਧ ਅੱਧੰ ਛੁਧੰ ਸਸਤ੍ਰ ਧਾਰੰ॥**
**ਕਟੇ ਕੌਰਵੰ ਦੂਰ ਸਿੰਦੂਰ ਖੇਤੰ॥ ਨਚੇ ਗਿੱਧ ਆਵੱਧ ਸਾਵੰਤ ਪ੍ਰੇਤੰ[1]॥੨॥੨੨੦॥**

***ਭਾਵਾਰਥ:–*** ਕਈ ਯੋਧੇ ਅਨੇਕਾਂ ਤਰ੍ਹਾਂ ਨਾਲ ਡਿੱਗੇ ਹੋਏ। ਸ਼ਸਤਰਾਂ ਦੀ ਧਾਰ ਚੱਲਣ ਨਾਲ ਅੱਧੋ ਅੱਧ ਹੋ ਕੇ ਡਿੱਗੇ ਹੋਏ। ਕੌਰਵਾਂ ਦੇ (ਦੂਰ ਸਿੰਦੂਰ, ਦੂਰ ਸਿੰਧੁਰ) ਮੋਤੀਆਂ ਵਾਲੇ ਮਸਤ ਹਾਥੀ ਮੈਦਾਨ ਵਿੱਚ ਕੱਟੇ ਗਏ। (ਸਾਵੰਤ) ਸੂਰਬੀਰਾਂ ਦੇ ਵਿੰਨ੍ਹਿਆਂ ਹੋਇਆਂ ਸਰੀਰਾਂ 'ਤੇ ਗ੍ਰਿਝ ਨੱਚਦੇ ਹਨ॥੨॥੨੨੦॥

**ਬਲੀ ਮੰਡਲਾਕਾਰ ਜੂਝੈ ਬਿਰਾਜੈ॥ ਹਸੈ ਗਰਜ ਠੋਕੈ ਭੁਜਾ ਹਰਦੂ ਗਾਜੈ॥**
**ਦਿਖਾਵੈ ਬਲੀ ਮੰਡਲਾਕਾਰ ਥਾਨੈ॥ ਉਭਾਰੈ ਭੁਜਾ ਔ ਫਟਾਕੈ[2] ਗਜਾਨੈ॥੩॥੨੨੧॥**

***ਭਾਵਾਰਥ:–*** (ਮੰਡਲਾਕਾਰ ਜੂਝੈ– ਗੋਲ ਸ਼ਕਲ ਦੇ ਮੈਦਾਨੇ ਜੰਗ) ਭਾਵ– ਗੋਲਾਕਾਰ ਬਲਵਾਨ ਲੜਦੇ ਹੋਏ ਸ਼ੋਭਦੇ ਹਨ। ਹੱਸਦੇ ਨੇ, ਗੱਜਦੇ ਨੇ ਅਤੇ (ਹਰਦੁ) ਦੋਵੇਂ ਬਾਹਾਂ (ਠੋਕ) ਵਜਾ ਕੇ ਗੱਜਦੇ ਹਨ। (ਗਜਾਨੈ) ਹਾਥੀਆਂ ਨੂੰ ਬਲਵਾਨ (ਯੋਧੇ) (ਮੰਡਲਾਕਾਰ ਥਾਨੈ) ਅਖਾੜੇ ਦੀ ਥਾਂ ਵਿੱਚ ਵਿਖਾਉਂਦੇ ਹਨ ਅਤੇ ਬਾਹਾਂ ਨਾਲ ਉਭਾਰ ਕੇ (ਫਟਾਕੈ) ਪਟਾਕ ਕਰਕੇ ਸੁੱਟ ਦੇਂਦੇ ਹਨ॥੩॥੨੨੧॥

**ਸੁਭੈ ਸ੍ਵਰਨ ਕੇ ਪਤ੍ਰ ਬਾਂਧੇ ਗਜਾ ਮੈ॥ ਭਈ ਅਗਨਿ ਸੋਭਾ ਲਖੀ ਕੈ ਧੁਜਾ ਮੈ॥**
**ਭਿੜਾਮੈ ਭ੍ਰਮੈ ਮੰਡਲਾਕਾਰ ਬਾਹੈ॥ ਅਪੋ ਆਪ ਮੈ ਨੇਕ ਘਾਯੰ ਸਰਾਹੈ॥੪॥੨੨੨॥**

***ਭਾਵਾਰਥ:–*** ਹਾਥੀਆਂ (ਦਿਆਂ ਮੱਥਿਆਂ) 'ਤੇ ਸੋਨੇ ਦੇ ਪੱਤਰ (ਰਾਜਜ ਨਾਮਹ, ਤਮਗੇ) ਬੰਨ੍ਹੇ ਹੋਏ ਸ਼ੋਭਦੇ ਹਨ। (ਕੈ) ਜਾਂ (ਮਾਨੋ ਕਿ) ਅੱਗ ਦੀ (ਸੋਭਾ) ਚਮਕ ਝੰਡੇ ਵਿੱਚ ਹੋਈ ਹੋਈ ਵੇਖੀ ਹੈ। (ਬਾਹੈ) ਵਾਹਨਾ (ਹਾਥੀਆਂ ਨੂੰ (ਮੰਡਲਾਕਾਰ) ਗੋਲ ਘੇਰੇ ਵਿੱਚ ਭਿੜਾਉਂਦੇ ਫਿਰਦੇ ਹਨ। ਆਪੋ ਆਪ ਵਿੱਚ (ਨੈਕ) ਚੰਗੇ (ਘਾਯੰ) ਵਾਰ ਨੂੰ ਸਲਾਹੁੰਦੇ ਹਨ॥੪॥੨੨੨॥

**ਤਹਾ ਭੀਮ ਭਾਰੀ ਭੁਜਾ ਸਸਤ੍ਰ ਬਾਹੈ॥ ਭਲੀ ਭਾਂਤਿ ਕੈ ਕੈ ਭਲੈ ਸੈਨ ਗਾਹੈ॥**
**ਉਤੈ ਕੌਰਪਾਲੰ[3] ਧਰੈ ਛਤ੍ਰ ਧਰਮੰ॥ ਕਰੈ ਚਿਤ੍ਰ ਪਾਵਿਤ੍ਰ ਬਾਚਿਤ੍ਰ ਕਰਮੰ॥੫॥੨੨੩॥**

---

[1] ਪਾਠ– ਖੇਤੰ

[2] 'ਔਫਟਾਕੈ' ਨੂੰ ਇੱਕ ਸ਼ਬਦ ਮੰਨ ਕੇ ਏਸਦਾ ਮੂਲ 'ਉਫਤਾਦਨ' ਮੰਨਣਾ ਵੀ ਯੋਗ ਹੈ।

[3] ਭਾਈ ਜਵਾਹਰ ਸਿੰਘ ਕਿਰਪਾਲ ਸਿੰਘ ਜੀ ਦੀਆਂ ਛਾਪੀਆਂ ਹੋਈਆਂ ਸੈਂਚੀਆਂ ਵਿੱਚ 'ਕੱਉਰਪਾਲੰ' ਪਾਠ ਛਾਪਿਆ ਹੋਇਆ ਹੈ। ਏਸ ਪਾਠ ਨੂੰ ਸੋਚਣ ਤੋਂ ਸਿਖ ਲਿਖਾਰੀਆਂ ਅਤੇ ਪ੍ਰੈੱਸ ਵਾਲਿਆਂ ਦੀ ਵਿੱਦਿਜਾ ਦਾ ਬਹੁਤ ਸੁਹਣਾ ਨਕਸ਼ਾ

***ਭਾਵਾਰਥ:–*** ਓਥੇ (ਮੈਦਾਨੇ ਜੰਗ ਵਿੱਚ) ਭੀਮ ਸੈਨ (ਭਾਰੀ ਭੁਜਾ) ਮਹਾਂ ਬਾਹੂਬਲ ਨਾਲ ਸ਼ਸਤਰ ਚਲਾਉਂਦਾ ਸੀ। (ਭਲੀ ਭਾਂਤਿ) ਉੱਤਮ ਤਰੀਕੇ (ਦਾਵ- ਉਪਾਉ) ਕਰ ਕਰ ਕੇ (ਭਲੈ ਸੈਨ) ਚੰਗੀ ਤਰ੍ਹਾਂ ਸੈਨਾ ਨੂੰ (ਗਾਹੈ) ਲਤਾੜਦਾ ਸੀ। ਓਧਰ (ਕਉਰਪਾਲੰ) ਦੁਰਯੋਧਨ (ਛਤ੍ਰ ਧਰਮੰ) ਖੱਤਰੀਆਂ ਦੇ ਧਰਮ (ਜੰਗ) ਨੂੰ ਧਾਰਦਾ ਹੋਇਆ। ਮਾਨੋ ਕਿ (ਵਿਚਿਤ੍ਰ) ਅਦਭੁਤ ਅਤੇ (ਸੂਰਮਿਆਂ ਵਾਲੇ) ਪਵਿੱਤਰ ਕਰਮ ਕਰਦਾ ਹੋਇਆ (ਚਿਤ੍ਰ) ਕਮਾਲ ਕਰੀ ਜਾਂਦਾ ਹੈ॥੫॥੨੨੩॥

**ਸੁਭੈ ਬਾਜੁਵੰਦੰ ਛਕੈ ਭੂਖਨਾਣੰ॥ ਲਸੈ ਮੁਕਤਕਾ ਹਾਰ ਦੁੱਮਲਿ ਅਹਾਣੰ[੧]॥**
**ਦੁਊ ਮੀਰ ਧੀਰੰ ਦੁਊ ਪਰਮ ਓਜੰ॥ ਦੁਊ ਮਾਨਧਾਤਾ ਮਹੀਪੰ ਕਿ ਭੋਜੰ॥੬॥੨੨੪॥**

***ਭਾਵਾਰਥ:–*** (ਭੀਮ ਸੈਨ ਅਤੇ ਦੁਰਯੋਧਨ ਦੋਹਾਂ ਦੇ) ਬਾਜੂਬੰਦ ਚਮਕਦੇ ਅਤੇ ਗਹਿਣੇ (ਛਕੈ) ਲਿਸ਼ਕਦੇ ਸੋਂਹਦੇ ਹਨ। (ਮੁਕਤਕਾ ਹਾਰ) ਮੋਤੀਆਂ ਦੇ ਹਾਰ ਅਤੇ (ਅਹਾਣੰ) ਲਾਸਾਨੀ (ਦੁਮਲਿ) ਪੱਗਾਂ ਦੇ ਤੁਰਰੇ ਲਿਸ਼ਕਦੇ ਹਨ। ਦੋਵੇਂ ਹੀ (ਧੀਰੰ) ਧੀਰਜਵਾਨ (ਮੀਰ) ਰਾਜੇ ਹਨ, ਦੋਵੇਂ ਹੀ ਮਹਾਂਬਲੀ ਹਨ। (ਮਾਨੋ ਕਿ) ਦੋਵੇਂ ਹੀ ਰਾਜੇ ਮਾਨਧਾਤੇ ਹਨ ਜਾਂ (ਰਾਜੇ) ਭੋਜ ਹਨ॥੬॥੨੨੪॥

**ਦੁਊ ਬੀਰ ਬਾਨਾ ਬਧੇ ਅੱਧ ਅੱਧੰ॥ ਦੁਊ ਸ਼ਸਤ੍ਰਧਾਰੀ ਮਹਾਜੁੱਧ ਕ੍ਰੁੱਧੰ॥**
**ਦੁਊ ਕ੍ਰੂਰ ਕਰਮੰ ਦੁਊ ਜਾਨੁ ਬਾਹੰ॥ ਦੁਊ ਹੱਦਿ ਹਿੰਦੂਨ ਸਾਹਾਨ ਸ਼ਾਹੰ॥੭॥੨੨੫॥**

***ਭਾਵਾਰਥ:–*** ਦੋਹਾਂ ਯੋਧਿਆਂ ਨੇ ਟੁੱਕੜੇ-ਟੁੱਕੜੇ ਕਰ ਦੇਣ ਵਾਲੇ ਤੀਰਾਂ ਨੂੰ (ਭੱਥੇ ਵਿੱਚ) ਕਸਿਆ ਹੋਇਆ ਹੈ। ਦੋਵੇਂ ਹੀ ਸ਼ਸਤਰਧਾਰੀ (ਖੱਤਰੀ) ਬਹੁਤ ਕ੍ਰੋਧ ਨਾਲ ਜੰਗ ਕਰਦੇ ਹਨ। ਦੋਵੇਂ ਹੀ (ਕ੍ਰੂਰ ਕਰਮੰ) ਕਠੋਰ ਕਰਮਾਂ ਨੂੰ ਕਰਨ ਵਾਲੇ, ਦੋਵੇਂ ਹੀ ਗੋਡਿਆਂ ਤੱਕ ਬਾਹਾਂ ਵਾਲੇ। ਦੋਵੇਂ ਹੀ ਹਿੰਦੂ ਧਰਮ (ਖੱਤਰੀ ਧਰਮ) ਦੀ ਚਰਮ ਸੀਮਾ ਤੱਕ ਆਣ ਰੱਖਣ ਵਾਲੇ ਸਮਰਾਟ ਹਨ॥੭॥੨੨੫॥

**ਦੁਊ ਸਸਤ੍ਰ ਧਾਰੰ ਦੁਊ ਪਰਮ ਦਾਨੰ॥ ਦੁਊ ਢਾਲ ਢੀਚਾਲ ਹਿੰਦੂ ਹਿੰਦਾਨੰ[੨]॥**
**ਦੁਊ ਸਸਤ੍ਰ ਵਰਤੀ ਦੁਊ ਛਤ੍ਰਧਾਰੀ॥ ਦੁਊ ਪਰਮ ਜੋਧਾ ਮਹਾ ਜੁੱਧ ਕਾਰੀ॥੮॥੨੨੬॥**

---

ਸਾਹਮਣੇ ਆ ਜਾਂਦਾ ਹੈ। ਇਨ੍ਹਾਂ ਤੋਂ ਹੀ ਸਮਝਣਾ ਚਾਹੀਦਾ ਹੈ ਕਿ 'ਕੱਉਰਪਾਲੰ' ਸ਼ਬਦ 'ਤੇ ਅੱਧਕ ਦਾ ਉਚਾਰਨ ਕਿਸ ਤਰ੍ਹਾਂ ਹੁੰਦਾ ਹੈ? ਅੱਧਕ ਦਾ ਜਦੋਂ ਕਿ ਉਚਾਰਣ ਹੀ ਨਹੀਂ ਹੁੰਦਾ ਤਾਂ ਏਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਤਾਂ ਲਿਖ ਨਹੀਂ ਸਕਦੇ ਸਨ, ਇਹ ਕਿਸੇ ਸਿਖ ਲਿਖਾਰੀ ਜਾਂ ਪ੍ਰੈੱਸ ਵਾਲਿਆਂ ਨੇ ਹੀ ਵਾਧੂ ਲਿਖੀ ਹੋਈ ਹੈ, ਭੁਜੰਗ ਪ੍ਰਯਾਤ ਛੰਦ ਦੀ ਰੀਤਿ ਅਨੁਸਾਰ ਚਾਰ ਭਗਣ ਦਾ ਨਿਯਮ ਹਰੇਕ ਪਿੰਗਲ ਗ੍ਰੰਥ ਵਿੱਚ ਲਿਖਿਆ ਹੋਇਆ ਹੈ, ਜਿਸ ਅਨੁਸਾਰ 'ਕਉਰਪਾਲੰ' ਰੂਪ ਵੀ ਅਨਚਿਤ ਹੈ, ਕਿਉਂਕਿ ਏਸ ਤੋਂ ਭਗਣ ਦਾ ਰੂਪ ਨਹੀਂ ਰਹਿੰਦਾ, ਇਹ ਰੂਪ ਵੀ ਕਿਸੇ ਲਿਖਾਰੀ ਨੇ ਹੀ ਵਿਗਾੜਿਆ ਹੋਇਆ ਹੈ- 'ਸ਼ਸ਼ਸ਼ ਸ਼ਸ਼ਸ਼ ਸ਼ਸ਼ਸ਼ ਸ਼ਸ਼ਸ਼' ਅਨੁਸਾਰ ਤਾਂ ਏਥੇ 'ਕੌਰਪਾਲੰ' ਰੂਪ ਹੀ ਬਣਦਾ ਹੈ, ਮੈਨੂੰ ਤਾਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵੀ 'ਕੱਉ' 'ਹੱਉ' ਆਦਿਕ ਰੂਪ ਦਿੱਸੇ ਹਨ, ਭਲਾ ਦੱਸੋ ਕਿ ਅਸ਼ੁੱਧ ਰੂਪਾਂ ਨਾਲ ਗੁਰਬਾਣੀ ਦੀ ਮਹਿਮਾ ਵੱਧਦੀ ਹੈ ਜਾਂ ਘਟਦੀ ਹੈ?

[੧] ਇਸ ਪਾਠ ਵਿੱਚ ਅਜੇ ਸ਼ੱਕ ਹੈ, ਕੁਝ ਬੀੜਾਂ ਵਿੱਚੋਂ 'ਦੁਮਲਿਅੰ ਹਾਣੰ' ਪਾਠ ਵੀ ਮਿਲਦਾ ਹੈ ਪਰ ਉਹ ਏਸ ਨਾਲੋਂ ਵੀ ਅਸ਼ੁੱਧ ਹੈ।

[੨] ਏਸ ਪਾਠ ਤੋਂ ਗਣਕ੍ਰਮ ਭੰਗ ਹੁੰਦਾ ਹੈ।

***ਭਾਵਾਰਥ:–*** ਦੋਵੇਂ ਸ਼ਸਤਰਾਂ ਨੂੰ ਧਾਰਨ ਵਾਲੇ (ਖੱਤਰੀ) ਹਨ, ਦੋਵੇਂ ਮਹਾਨ ਦਾਨੀ ਹਨ। ਦੋਵੇਂ ਹੀ (ਹਿੰਦਾਨੰ) ਹੱਦ ਦਰਜੇ ਦੇ (ਢੀਚਾਲ) ਗਿਰਿਆਂ ਹੋਇਆਂ (ਗਰੀਬ) ਹਿੰਦੂਆਂ ਦੀ ਢਾਲ ਰੂਪ ਹਨ। ਦੋਵੇਂ ਹੀ ਸ਼ਸਤਰਾਂ ਦੇ ਵਰਤਣ (ਚਲਾਉਣ) ਵਾਲੇ, ਦੋਵੇਂ ਹੀ (ਛਤ੍ਰਧਾਰੀ) ਰਾਜਾ ਹਨ। ਦੋਵੇਂ ਮਹਾਨ ਸੂਰਵੀਰ ਅਤੇ ਮਹਾਂ ਜੰਗ ਕਰਨ ਵਾਲੇ ਹਨ॥੮॥੨੨੬॥

**ਦੁਊ ਖੰਡ ਖੰਡੀ ਦੁਊ ਮੰਡ ਮੰਡੰ॥ ਦੁਊ ਜੋਧ ਜੈਤਾਰੁ[1] ਜੋਧਾ ਪ੍ਰਚੰਡੰ॥**
**ਦੁਊ ਬੀਰ ਬਾਨੀ ਦੁਊ ਬਾਹਯਾਹੰ॥ ਦੁਊ ਸੂਰ ਸੈਨੰ ਦੁਊ ਸੂਰਮਾਹੰ॥੯॥੨੨੭॥**

***ਭਾਵਾਰਥ:–*** ਸ਼ਤਰੂਆਂ ਨੂੰ ਦੋ ਦੋ ਟੋਟੇ ਕਰਨ ਵਾਲੇ, ਦੋਵੇਂ ਹੀ ਮਲਣ ਵਾਲਿਆਂ ਨੂੰ ਮਲ ਦੇਣ ਵਾਲੇ। ਦੋਵੇਂ ਹੀ ਸੂਰਮਿਆਂ ਦੇ ਜੇਤੂ ਅਤੇ (ਪ੍ਰਚੰਡੰ) ਮਹਾਨ ਯੋਧੇ ਹਨ। ਦੋਵੇਂ ਹੀ (ਬਾਨੀ) ਆਗੂ ਯੋਧੇ, ਦੋਵੇਂ ਹੀ (ਬਾਹਯਾਹੰ, ਵਾਹੁ ਆਹਵਿਨ੍) ਬਾਹਾਂ ਨਾਲ ਜੰਗ ਕਰਨ ਵਾਲੇ ਹਨ। ਦੋਵੇਂ ਯੋਧਿਆਂ ਦੀ ਫ਼ੌਜ ਵਾਲੇ ਅਤੇ ਦੋਵੇਂ ਹੀ ਸੂਰਮੇ (ਅਥਵਾ– ਸੂਰਜ ਅਤੇ ਚੰਦ੍ਰਮਾ) ਹਨ॥੯॥੨੨੭॥

**ਦੁਊ ਚਕ੍ਰਵਰਤੀ ਦੁਊ ਸਸਤ੍ਰ ਬੇਤਾ॥ ਦੁਊ ਜੰਗ ਜੋਧੀ ਦੁਊ ਜੰਗ ਜੇਤਾ॥**
**ਦੁਊ ਚਿਤ੍ਰ ਜੋਤੀ ਦੁਊ ਚਿਤ੍ਰ ਚਾਪੰ॥ ਦੁਊ ਚਿਤ੍ਰ ਵਰਮਾ ਦੁਊ ਦੁਸ੍ਟ ਤਾਪੰ॥੧੦॥੨੨੮॥**

***ਭਾਵਾਰਥ:–*** ਦੋਵੇਂ ਹੀ ਚੱਕਰਵਰਤੀ (ਰਾਜੇ) ਹਨ, ਦੋਵੇਂ ਹੀ ਸ਼ਸਤਰਾਂ ਦੇ ਗਿਆਤਾ ਹਨ। ਦੋਵੇਂ ਹੀ ਜੰਗੀ ਬਹਾਦਰ ਹਨ, ਦੋਵੇਂ ਹੀ ਯੁੱਧ ਦੇ ਜੇਤੂ ਹਨ। ਦੋਵੇਂ (ਚਿਤ੍ਰ ਜੋਤੀ) ਸੋਹਣੇ ਪ੍ਰਕਾਸ਼ ਵਾਲੇ ਹਨ, ਦੋਵੇਂ ਹੀ (ਚਿਤ੍ਰ) ਸੁੰਦਰ (ਚਾਪੰ) ਧਨੁਖਾਂ ਵਾਲੇ ਹਨ। ਦੋਵੇਂ ਹੀ ਚਿਤ੍ਰੀਆਂ ਹੋਈਆਂ (ਨਕਾਸ਼ੀ ਕੀਤੀਆਂ ਹੋਈਆਂ) (ਵਰਮਾ) ਸੰਜੋਆਂ ਵਾਲੇ ਹਨ, ਦੋਵੇਂ ਹੀ ਦੁਸ਼ਟਾਂ ਨੂੰ ਦੁੱਖ ਦੇਣ ਵਾਲੇ ਹਨ॥੧੦॥੨੨੮॥

**ਦੁਊ ਖੰਡ ਖੰਡੀ ਦੁਊ ਮੰਡ ਮੰਡੰ॥ ਦੁਊ ਚਿਤ੍ਰ ਜੋਤੀ ਸੁ ਜੋਧਾ ਪ੍ਰਚੰਡੰ॥**
**ਦੁਊ ਮੱਤ ਬਾਰੁੰਨ ਬਿਕ੍ਰਮ ਸਮਾਨੰ॥ ਦੁਊ ਸਸਤ੍ਰ ਬੇਤਾ ਦੁਊ ਸਸਤ੍ਰ ਪਾਨੰ॥੧੧॥੨੨੯॥**

***ਭਾਵਾਰਥ:–*** ਦੋਵੇਂ ਹੀ ਖੰਡਾਂ ਨੂੰ (ਖੰਡੀ), ਦੋਵੇਂ ਹੀ (ਮੰਡ) ਮੈਦਾਨਾਂ (ਜੰਗਾਂ) ਨੂੰ (ਮੰਡੰ) ਕਰਨ ਵਾਲੇ। ਦੋਵੇਂ (ਚਿਤ੍ਰ ਜੋਤੀ) ਸੁੰਦਰ ਸਰੂਪਾਂ ਵਾਲੇ ਅਤੇ (ਪ੍ਰਚੰਡੰ) ਤੇਜ਼ (ਪ੍ਰਤਾਪ) ਵਾਲੇ ਯੋਧੇ ਹਨ। ਦੋਵੇਂ ਮਸਤ ਹਾਥੀਆਂ ਵਾਂਗ (ਬਿਕ੍ਰਮ) ਬਲਵਾਨ। ਦੋਵੇਂ ਸ਼ਸਤਰਾਂ ਦੇ ਜਾਣੂੰ, ਦੋਵੇਂ ਹੀ ਹੱਥਾਂ ਵਿੱਚ ਸ਼ਸਤਰ ਧਾਰਨ ਵਾਲੇ ਹਨ॥੧੧॥੨੨੯॥

**ਦੁਊ ਪਰਮ ਜੋਧੀ ਦੁਊ ਕ੍ਰੁੱਧਵਾਨੰ॥ ਦੁਊ ਸਸਤ੍ਰਬੇਤਾ ਦੁਊ ਰੂਪ ਖਾਨੰ॥**
**ਦੁਊ ਛਤ੍ਰ ਪਾਲੰ ਦੁਊ ਛਤ੍ਰ ਧਰਮੰ॥ ਦੁਊ ਜੁੱਧ ਜੋਧਾ ਦੁਊ ਕ੍ਰੂਰ ਕਰਮੰ॥੧੨॥੨੩੦॥**

***ਭਾਵਾਰਥ:–*** ਦੋਵੇਂ ਹੀ ਚੰਗੇ (ਵੱਡੇ) ਯੋਧੇ ਹਨ, ਦੋਵੇਂ ਹੀ ਗੁਸੈਲ ਹਨ। ਦੋਵੇਂ ਸ਼ਸਤਰਾਂ ਦੇ ਜਾਣੂੰ ਹਨ, ਦੋਵੇਂ ਹੀ ਰੂਪ ਦੀ ਖਾਣ (ਅਕਾਰ) ਹਨ। ਦੋਵੇਂ ਹੀ (ਛਤ੍ਰਪਾਲੰ) ਮਹਾਰਾਜੇ ਹਨ, ਦੋਵੇਂ ਹੀ ਖੱਤਰੀ

---

[1] ਪਾਠ – ਜੈਤਵਾਰੁ

ਧਰਮ ਦੇ ਧਾਰਨੀ ਹਨ। ਦੋਵੇਂ ਹੀ ਲੜਾਈ ਬਹਾਦਰ ਹਨ, ਦੋਵੇਂ ਹੀ ਕਠੋਰ ਕਰਮਾਂ ਵਾਲੇ ਹਨ॥੧੨॥੨੩੦॥

**ਦੁਊ ਮੰਡਲਾਕਾਰ ਜੁਝੈ ਬਿਰਾਜੈ॥ ਹਥੈ ਹਰਦੁ ਠੋਕੈ ਭੁਜਾ ਪਾਇ ਗਾਜੈ॥**
**ਦੂਊ ਖਤ੍ਰਹਾਣੰ ਦੁਊ ਖਤ੍ਰ ਖੰਡੰ॥ ਦੂਊ ਖੱਗ ਪਾਣੰ ਦੁਊ ਛੇਤ੍ਰ ਮੰਡੰ॥੧੩॥੨੩੧॥**

***ਭਾਵਾਰਥ:–*** ਦੋਵੇਂ ਹੀ ਜੰਗ ਵਿੱਚ ਗੋਲਾਕਾਰ ਵਿੱਚ ਲੜਦੇ ਹੋਏ ਸ਼ੋਭਦੇ ਹਨ। (ਹਰਦੁ) ਦੋਵੇਂ ਦੇਣ ਵਾਲੇ, ਦੋਵੇਂ ਹੱਥ (ਦੋਹਾਂ) ਬਾਹਾਂ ਨੂੰ ਪਾ ਕੇ ਠੋਕ ਕੇ ਗੱਜਦੇ ਹਨ। ਦੋਵੇਂ ਹੀ ਛਤ੍ਰਾਂ (ਰਾਜ, ਖੱਤਰੀ, ਯੋਧਿਆਂ) ਨੂੰ ਨਾਸ ਕਰਨ ਵਾਲੇ, ਦੋਵੇਂ ਹੀ (ਖਤ੍ਰ ਖੰਡੰ– ਖੇਤਰ ਖੰਡ) ਰਾਜਿਆਂ ਦੇ ਛਤ੍ਰਾਂ ਨੂੰ ਟੋਟੇ ਟੋਟੇ ਕਰ ਦੇਣ ਵਾਲੇ। ਦੋਵੇਂ ਹੱਥਾਂ ਵਿੱਚ ਤਲਵਾਰਾਂ (ਤੀਰਾਂ) ਵਾਲੇ, ਦੋਵੇਂ ਹੀ (ਜੰਗ ਵਿੱਚ) ਸਰੀਰਾਂ ਨੂੰ ਵਾਢ ਪਾਉਣ ਵਾਲੇ ਹਨ॥੧੩॥੨੩੧॥

**ਦੁਊ ਚਿਤ੍ਰਜੋਤੀ ਦੁਊ ਚਾਰ ਚਾਰੰ[੧]॥ ਦੁਊ ਮੰਡਲਾਕਾਰ ਖੰਡਾ ਅਬਾਰੰ॥**
**ਦੁਊ ਖੱਗ ਖੂਨੀ ਦੁਊ ਖਤ੍ਰਹਾਣੰ॥ ਦੁਊ ਖਤ੍ਰ ਖੇਤਾ ਦੁਊ ਛਤ੍ਰ ਪਾਣੰ॥੧੪॥੨੩੨॥**

***ਭਾਵਾਰਥ:–*** ਦੋਵੇਂ ਹੀ (ਚਿਤ੍ਰ ਜੋਤੀ) ਸੁੰਦਰ ਸਰੂਪ ਵਾਲੇ, ਦੋਵੇਂ ਹੀ (ਚਾਰ ਚਾਰੰ) ਚਲਾਕ ਤੋਂ ਚਲਾਕ (ਸੋਹਣੇ ਤੋਂ ਸੋਹਣੇ)। ਦੋਵੇਂ ਹੀ (ਮੰਡਲਾਕਾਰ) ਗੋਲ (ਅਖਾੜੇ) ਵਿੱਚ (ਅਬਾਰੰ) ਅਰੋਕ ਖੰਡਿਆਂ ਵਾਲੇ। ਦੋਵੇਂ (ਖੂਨੀ) ਕਾਤਿਲ ਤਲਵਾਰਾਂ ਵਾਲੇ, ਦੋਵੇਂ ਹੀ ਸੂਰਮਿਆਂ ਨੂੰ ਮਾਰਨ ਵਾਲੇ। ਦੋਵੇਂ ਹੀ ਖੱਤਰੀਆਂ ਦੇ ਖੇਤਰ (ਵੰਸ਼) ਵਿੱਚੋਂ (ਪੈਦਾ ਹੋਏ ਹੋਏ), ਦੋਵੇਂ ਹੀ ਹੱਥ ਵਿੱਚ ਸ਼ਸਤਰ ਧਾਰਨ ਕਰਨ ਵਾਲੇ ਹਨ॥੧੪॥੨੩੨॥

**ਦੁਊ ਬੀਰ ਦਿਬਜਾਸਤ੍ਰ[੨] ਧਾਰੇ॥ ਰਹੇ ਬਜੋਮ ਮੈ ਭੂਪ ਗੌਨੈ ਹਕਾਰੇ॥**
**ਹਕਾ ਹੱਕ ਲਾਗੀ ਧੰਨ ਧੰਨਜ ਜੰਪਜੋ॥ ਚਕਜੋ ਜੱਛ ਰਾਜੰ ਪ੍ਰਿਥੀ ਲੋਕ ਕੰਪਜੋ॥੧੫॥੨੩੩॥**

***ਭਾਵਾਰਥ:–*** ਦੋਵੇਂ ਯੋਧੇ ਦਿਵਯ ਅਸਤਰਾਂ ਨੂੰ ਧਾਰਨ ਵਾਲੇ ਹਨ। (ਜੋ ਦੇਵਤੇ) (ਬਜੋਮ) ਅਕਾਸ਼ ਵਿੱਚ ਰਹਿੰਦੇ ਹਨ (ਓਹ) ਰਾਜੇ (ਦੁਰਯੋਧਨ) ਨੂੰ (ਗਉਨੈ) ਚੱਲਣ ਵਾਸਤੇ (ਹਕਾਰੇ) ਬੁਲਾਉਂਦੇ ਹਨ (ਭਾਵ– ਦੁਰਯੋਧਨ ਦਾ ਕਾਲ ਨੇੜੇ ਆ ਗਿਆ)। (ਹਕਾ ਹੱਕ) ਖਿੱਚੋਤਾਣ (ਧੱਕਮ ਧੱਕੀ, ਟਕਟਕੀ) ਲੱਗ ਗਈ (ਦੇਵਤਿਆਂ ਨੇ) ਧੰਨ ਧੰਨ ਉਚਾਰਿਆ (ਜੰਗ ਵੇਖ ਕੇ) । (ਜੱਛ ਰਾਜੰ) ਕੁਬੇਰ ਵੀ (ਚਕਿਓ) ਹੈਰਾਨ ਹੋ ਗਿਆ (ਸਾਰਾ) (ਪ੍ਰਿਥੀ ਲੋਕ) ਮਾਤ-ਲੋਕ ਕੰਬ ਗਿਆ॥੧੫॥੨੩੩॥

**ਹਨਜੋ ਰਾਜ ਦੁਰਜੋਧਨੰ ਜੁੱਧ ਭੂਮੰ॥ ਭਜੇ ਸਭੈ ਜੋਧਾ[੩] ਚਲੀ ਧਾਮ ਧੂਮੰ॥**
**ਕਰਜੋ ਰਾਜ ਨਿਹਕੰਟਕੰ ਕੌਰਪਾਲੰ॥ ਪੁਨਰ ਜਾਇ ਕੈ ਮੰਝਿ ਸਿੱਝੇ ਹਿਵਾਲੰ॥੧੬॥੨੩੪॥**

---

[੧] ਪਾਠ– ਚਾਰ ਬਿਚਾਰੰ

[੨] ਪਾਠ– ਬਿਬ ਆਸਤ੍ਰ

[੩] ਗਣ ਕਿਰਿਆ ਠੀਕ ਨਹੀਂ।

***ਭਾਵਾਰਥ:-*** (ਭੀਮ ਸੈਨ ਨੇ) ਰਾਜਾ ਦੁਰਯੋਧਨ ਮੈਦਾਨੇ ਜੰਗ ਵਿੱਚ ਮਾਰ ਲਿਆ। (ਦੁਰਯੋਧਨ ਦੇ) ਸਾਰੇ ਸੂਰਮੇ ਨੱਸ ਗਏ, (ਸਾਰੀ ਫ਼ੌਜ) (ਧਾਮ ਧੂਮੰ) ਸ਼ੋਰ ਮਚਾਂਦੀ ਭੱਜ ਗਈ। (ਕਉਰਪਾਲੰ) ਦੁਰਯੋਧਨ ਦਾ ਨਿਰਵਿਘਨ ਰਾਜ (ਪਾਂਡਵਾਂ ਨੇ) ਸੰਭਾਲਿਆ। ਫੇਰ (ਹਿਵਾਲੰ) ਹਿਮਾਲਿਆ ਵਿੱਚ ਜਾ ਕੇ (ਸਿੱਝੇ) ਮਰ ਗਏ॥੧੬॥੨੩੪॥

**ਤਹਾ ਏਕ ਗੰਧ੍ਰਬ ਸਜੋਂ ਜੁੱਧ ਮਚਯੋ॥ ਤਹਾ ਭੂਰਿ ਪਾਲੰ ਧੂਰਾ ਰੰਗੁ ਰਚਯੋ॥**
**ਤਹਾ ਸਤ੍ਰ ਕੇ ਭੀਮ ਹਸਤੀ ਚਲਾਏ॥ ਫਿਰੈ ਮਧਜ ਗੈਣੰ ਅਜੌ ਲੌ ਨ ਆਏ॥੧੭॥੨੩੫॥**

***ਭਾਵਾਰਥ:-*** ਓਥੇ (ਹਿਮਾਲਿਆ ਵਿੱਚ ਦੁਰਯੋਧਨ ਦੇ ਮਿੱਤਰ) ਇੱਕ ਗੰਧ੍ਰਬ ਨਾਲ ਜੰਗ ਛਿੜ ਪਿਆ। ਓਥੇ ਹੀ (ਭੂਰਿ ਪਾਲੰ) ਸਭ ਦੀ ਪਾਲਣ ਕਰਨ ਵਾਲਾ (ਭਾਵ- ਰਾਜਾ, ਭੀਮਸੈਨ) (ਧੂਰਾ ਰੰਗੁ) ਧੂੜੀ ਦਾ ਰੰਗ (ਭਾਵ- ਸੁਆਹ ਖੇਹ ਉਡਾਉਣ) ਖੌਰੂ ਪਾਉਣ ਦੇ ਰੰਗ (ਲੜਾਈ) ਵਿੱਚ ਰਚ ਗਿਆ। ਓਥੇ ਹੀ ਭੀਮਸੈਨ ਨੇ (ਸਤ੍ਰ) ਦੁਸ਼ਮਣ (ਗੰਧ੍ਰਬ) ਦੇ ਹਾਥੀ (ਚੁੱਕ ਅਸਮਾਨ ਵੱਲ ਨੂੰ) ਵਗਾ ਮਾਰੇ। (ਸ੍ਰੀ ਵਿਆਸ ਜੀ ਜਨਮੇਜਾ ਨੂੰ ਸੁਣਾਉਂਦੇ ਹਨ ਕਿ ਜੋ) ਹੁਣ ਤੱਕ ਆਕਾਸ਼ ਵਿੱਚ ਫਿਰਦੇ ਹਨ (ਵਾਪਿਸ) ਨਹੀਂ ਆ ਸਕੇ॥੧੭॥੨੩੫॥

**ਸੁਨੈ ਬੈਨ ਕੌ ਭੂਪ ਯੌਂ ਐਂਠ ਨਾਕੰ॥ ਕਰਯੋ ਹਾਸ ਮੰਦੈ ਬੁਲਯੋ ਇਮ ਬਾਕੰ॥**
**ਰਹਯੋ ਨਾਕ ਮੈਂ ਕੁਸ੍ਰ ਛਤ੍ਰੀ ਸਵਾਨੰ॥ ਭਈ ਤੌਨ ਹੀ ਰੋਗ ਤੇ ਭੂਪ ਹਾਨੰ॥੧੮॥੨੩੬॥**

***ਭਾਵਾਰਥ:-*** ਰਾਜੇ (ਜਨਮੇਜਾ) ਨੇ ਇਓਂ ਵਚਨ ਸੁਣ ਕੇ ਨੱਕ ਸਕੋੜਿਆ। (ਹਾਸ) ਮਖੌਲ ਕੀਤਾ (ਕਿ ਇਹ ਗਪੌੜੇ ਹੀ ਹਨ) ਇਓਂ ਹੀ (ਮੰਦੈ) ਬੁਰੇ ਬਚਨ ਬੋਲਿਆ। (ਸਵਾਨੰ) ਉੱਚ ਕੁਲ ਦੇ ਖੱਤਰੀ ਦੇ ਨੱਕ ਵਿੱਚ ਕੋੜ੍ਹ ਰਹਿ ਗਿਆ। ਰਾਜੇ (ਜਨਮੇਜਾ) ਦੀ ਓਸੇ (ਕੋੜ੍ਹ) ਰੋਗ ਤੋਂ ਹੀ (ਹਾਨੰ) ਮੌਤ ਹੋਈ॥੧੮॥੨੩੬॥

**ਚਉਪਈ॥**
**ਏਮ ਚਉਰਾਸੀ ਬਰਖ ਪ੍ਰਮਾਨੰ॥ ਸਪਤ ਮਾਹ ਚਉਬੀਸ ਦਿਨਾਨੰ॥**
**ਰਾਜ ਕੀਓ ਜਨਮੇਜਾ ਰਾਜਾ॥ ਕਾਲ ਨੀਸਾਨੁ ਬਹੁਰਿ ਸਿਰਿ ਗਾਜਾ॥੧੯॥੨੩੭॥**
**ਇਤੀ ਜਨਮੇਜਾ ਸਮਾਪਤ ਭਇਆ॥**

***ਭਾਵਾਰਥ:-*** ਇਓਂ ਚੁਰਾਸੀ ਵਰ੍ਹੇ, ਸੱਤ ਮਹੀਨੇ, ਚਵੀ ਦਿਨ (ਪ੍ਰਮਾਨੰ) ਤੱਕ। ਜਨਮੇਜਾ ਰਾਜੇ ਨੇ ਰਾਜ ਕੀਤਾ। ਫੇਰ (ਓਸ ਦੇ) ਸਿਰ ਤੇ ਵੀ ਕਾਲ ਦਾ (ਨੀਸਾਨੁ) ਨਗਾਰਾ (ਗਾਜਾ) ਵੱਜ ਗਿਆ (ਭਾਵ- ਮਰ ਗਿਆ)॥੧੯॥੨੩੭॥ ਇਸ ਤਰ੍ਹਾਂ ਜਨਮੇਜਾ (ਰਾਜੇ ਦਾ ਪ੍ਰਸੰਗ) ਸਮਾਪਤ ਹੋ ਗਿਆ ਹੈ।

**ਚਉਪਈ॥**
**ਅਸੁਮੇਧ ਅਰੁ ਅਸਮੇਧਾਰਾ[੧]॥ ਮਹਾਂ ਸੂਰ ਸਤਵਾਨ ਅਪਾਰਾ॥**

---

[੧] ਪਾਠ- ਅਸਮੇਦਹਾਰਾ

**ਮਹਾ ਬੀਰ ਬਰਿਆਰ ਧਨੁਖਧਰ॥ ਗਾਵਤ ਕੀਰਤਿ ਦੇਸ ਸਭ ਘਰ ਘਰ॥੧॥੨੩੮॥**

***ਭਾਵਾਰਥ:–*** ਅਸਮੇਧ ਅਤੇ (ਅਸੁਮੇਧਾਰਾ) ਅਸੁਮੇਧਾਨ (ਰਾਜੇ ਜਨਮੇਜਾ ਦੇ ਸਪੁੱਤਰ)। ਮਹਾਨ ਸੂਰਵੀਰ ਅਤੇ ਬਹੁਤ ਸੱਚੇ ਸਨ। ਮਹਾਨ ਯੋਧੇ ਬਲੀ ਅਤੇ ਧਨੁਸ਼ ਧਾਰੀ ਸਨ। (ਜਿਨ੍ਹਾਂ ਦਾ) ਜੱਸ ਸਾਰਾ ਦੇਸ਼ ਹੀ ਘਰ ਘਰ ਗਾਉਂਦਾ ਸੀ॥੧॥੨੩੮॥

**ਮਹਾ ਬੀਰ ਅਰੁ ਮਹਾ ਧਨੁਖਧਰ॥ ਕਾਂਪਤ ਤੀਨ ਲੋਕ ਜਾ ਕੇ ਡਰ॥**
**ਬਡ ਮਹੀਪ ਅਰੁ ਅਖੰਡ ਪ੍ਰਤਾਪਾ॥ ਅਮਿਤ ਤੇਜ ਜਾਪਤ ਜਗ ਜਾਪਾ॥੨॥੨੩੯॥**

***ਭਾਵਾਰਥ:–*** ਮਹਾਂ ਸੂਰਮੇ ਅਤੇ ਮਹਾਂ ਧਨੁਸ਼ਧਾਰੀ। ਜਿਨ੍ਹਾਂ ਦੇ ਡਰ ਨਾਲ ਤਿੰਨੇ ਲੋਕ ਕੰਬਦੇ ਸੀ। ਮਹਾਨ ਰਾਜੇ ਅਤੇ (ਅਖੰਡ) ਅਟੁੱਟ ਪ੍ਰਤਾਪ ਵਾਲੇ। ਬੇਅੰਤ ਤੇਜ਼ ਵਾਲੇ ਸਨ (ਜਿਨ੍ਹਾਂ ਦਾ) ਜਾਪ ਸੰਸਾਰ ਜਪਦਾ ਸੀ॥੨॥੨੩੯॥

**ਅਜੈ ਸਿੰਘ ਉਤ ਸੂਰ ਮਹਾਨਾ॥ ਬਡ ਮਹੀਪ ਦਸ ਚਾਰ ਨਿਧਾਨਾ॥**
**ਅਨਬਿਕਾਰ ਅਨਤੋਲ ਅਤੁਲ ਬਲ॥ ਅਰਿ ਅਨੇਕ ਜੀਤੇ ਜਿਨ ਦਲਮਲ॥੩॥੨੪੦॥**

***ਭਾਵਾਰਥ:–*** ਓਧਰ ਅਜੈ ਸਿੰਘ ਵੀ ਬੜਾ ਸੂਰਮਾ ਸੀ। ਵੱਡਾ ਰਾਜਾ ਅਤੇ (ਦਸ ਚਾਰ) ਚੌਦਾਂ (ਵਿਦਿਆ) ਦਾ (ਨਿਧਾਨਾ) ਖ਼ਜ਼ਾਨਾ ਸੀ। ਵਿਕਾਰ ਤੋਂ ਬਿਨਾਂ ਅਤੇ (ਅਤੁਲ) ਅਦੁੱਤੀ ਅਤੇ (ਅਨਤੋਲ) ਬੇਤੋਲ ਬਲ ਵਾਲਾ ਸੀ। ਜੀਹਨੇ ਅਨੇਕਾਂ ਵੈਰੀ (ਦਲ ਮਲ) ਜਿੱਤ ਕੇ ਦਲਮਲ ਦਿੱਤੇ॥੩॥੨੪੦॥

**ਜਿਨ ਜੀਤੇ ਸੰਗ੍ਰਾਮ ਅਨੇਕਾ॥ ਸਸਤ੍ਰ ਅਸਤ੍ਰ ਧਰਿ ਛਾਡ ਨ ਏਕਾ॥**
**ਮਹਾ ਸੂਰ ਗੁਨਵਾਨ ਮਹਾਨਾ॥ ਮਾਨਤ ਲੋਕ ਸਗਲ ਜਿਹ ਆਨਾ॥੪॥੨੪੧॥**

***ਭਾਵਾਰਥ:–*** ਜੀਹਨੇ ਅਨੇਕ ਜੰਗ ਜਿੱਤੇ ਸਨ। ਇੱਕ ਵੀ ਸ਼ਸਤਰ ਅਸਤਰ ਧਾਰੀ (ਯੋਧਾ) ਨਹੀਂ ਛੱਡਿਆ ਸੀ। ਮਹਾਂ ਸੂਰਮਾ ਅਤੇ ਵੱਡਾ ਗੁਣੀ ਸੀ। ਸਾਰਾ (ਲੋਕ) ਸੰਸਾਰ ਜੀਹਦੀ (ਆਨਾ) ਈਨ ਮੰਨਦਾ ਸੀ॥੪॥੨੪੧॥

**ਮਰਨ ਕਾਲ ਜਨਮੇਜੇ ਰਾਜਾ॥ ਮੰਤ੍ਰ ਕੀਓ ਮੰਤ੍ਰੀਨ ਸਮਾਜਾ॥**
**ਰਾਜਜ ਤਿਲਕ ਭੂਪਤਿ ਅਭਿਖੇਖਾ॥ ਨਿਰਖਤ ਭਏ ਨ੍ਰਿਪਤਿ ਕੀ ਰੇਖਾ॥੫॥੨੪੨॥**

***ਭਾਵਾਰਥ:–*** ਜਨਮੇਜਾ ਰਾਜੇ ਦੇ ਮਰਨ ਵੇਲੇ, ਮੰਤਰੀਆਂ ਦੀ (ਸਮਾਜ) ਸਭਾ ਨੇ (ਮੰਤ੍ਰ) ਸਲਾਹ ਕੀਤੀ। ਰਾਜ ਤਿਲਕ ਦੇਣ ਲਈ ਰਾਜੇ (ਜਨਮੇਜਾ) ਨੇ ਇਸ਼ਨਾਨ ਕੀਤਾ ਅਤੇ ਵਜੀਰ ਸਾਰੇ ਰਾਜਕੁਮਾਰਾਂ ਦੀਆਂ ਹੱਥ–ਰੇਖਾ ਨੂੰ ਪਰਖਣ ਲੱਗੇ॥੫॥੨੪੨॥

**ਇਨ ਮਹਿ ਰਾਜ ਕਵਨ ਕਉ ਦੀਜੈ॥ ਕਉਨ ਨ੍ਰਿਪਤਿ ਸੁਤ ਕਉ ਨ੍ਰਿਪੁ ਕੀਜੈ॥**
**ਰਜੀਆ ਪੂਤ ਨ ਰਾਜ ਕੀ ਜੋਗਾ[੧]॥ ਯਾਹਿ ਕੇ ਜੋਗ ਨ ਰਾਜ ਕੇ ਭੋਗਾ[੧]॥੬॥੨੪੩॥**

---

[੧] ਇਸ ਤੁਕ ਦੀਆਂ ਮਾਤ੍ਰਾ ਵੱਧ ਹਨ।

***ਭਾਵਾਰਥ:–*** ਇਨ੍ਹਾਂ ਵਿੱਚੋਂ ਕਿਸਨੂੰ ਰਾਜ ਦੇਈਏ? ਰਾਜੇ (ਜਨਮੇਜਾ) ਦਾ ਕਿਹੜਾ ਪੁੱਤਰ ਰਾਜਾ ਬਣਾਈਏ? (ਰਜੀਆ) ਦਾਸੀ ਦਾ ਪੁੱਤਰ (ਅਜੈ ਸਿੰਘ) ਰਾਜ ਦੇ (ਜੋਗਾ) ਯੋਗ ਨਹੀਂ। ਰਾਜ ਪਦਾਰਥ (ਨੀਵੇਂ ਵੰਸ਼ ਦੇ ਕਾਰਨ) ਇਸ ਦੇ (ਅਧਿਕਾਰ ਵਿੱਚ ਸੌਂਪਣੇ) ਯੋਗ ਨਹੀਂ॥੬॥੨੪੩॥

**ਅਸੁਮੇਧ ਕਹੁ ਦੀਨੋ ਰਾਜਾ॥ ਜੈ ਪਤਿ ਭਾਖਜੋ ਸਕਲ ਸਮਾਜਾ॥**
**ਜਨਮੇਜਾ ਕੀ ਸੁਗਤਿ ਕਰਾਈ॥ ਅਸੁਮੇਧ ਕੈ ਵਜੀ ਵਧਾਈ॥੭॥੨੪੪॥**

***ਭਾਵਾਰਥ:–*** ਅਸੁਮੇਦ (ਵੱਡੇ ਪੁੱਤਰ) ਨੂੰ ਰਾਜ ਦਿੱਤਾ ਗਿਆ। ਸਾਰੇ (ਮੰਤਰੀ) ਸਮਾਜ ਨੇ (ਜੈ ਪਤਿ– ਜਯ ਪਤ੍ਰ) ਭਾਵ ਜੈ ਜੈ ਕਾਰ (ਭਾਖਜੋ) ਕੀਤੀ। (ਅਸੁਮੇਦ ਦੇ ਹੱਥੋਂ) ਜਨਮੇਜਾ ਦੀ (ਸੁਗਤਿ) ਮ੍ਰਿਤਕ ਕਿਰਿਆ ਕਰਵਾਈ ਗਈ। ਅਸੁਮੇਦ ਦੇ ਘਰ ਵਧਾਈ ਵੱਜੀ॥੭॥੨੪੪॥

**ਦੂਸਰ ਭਾਇ ਹੁਤੋ ਜੋ ਏਕਾ॥ ਰਤਨ ਦੀਏ ਤਿਹ ਦਰਬ ਅਨੇਕਾ॥**
**ਮੰਤ੍ਰੀ ਕੈ ਅਪਨਾ ਠਹਰਾਇਓ॥ ਦੂਸਰਿ ਠਉਰ ਤਿਸਹਿ ਬੈਠਾਇਓ॥੮॥੨੪੫॥**

***ਭਾਵਾਰਥ:–*** ਜੋ (ਓਸ ਦਾ) ਦੂਜਾ ਭਰਾ (ਅਸੁਮੇਧਾਰਾ ਜਾਂ ਅਸੁਮੇਧਾਨ) ਸੀ। ਓਸ ਨੂੰ ਅਨੇਕਾਂ ਰਤਨ ਅਤੇ ਧਨ ਦਿੱਤਾ ਗਿਆ। ਅਪਣਾ ਮੰਤਰੀ ਬਣਾ ਲਿਆ ਗਿਆ। (ਇਓਂ ਮੰਤਰੀਆਂ ਨੇ) ਦੂਜੀ ਥਾਂ ਓਸ ਨੂੰ ਵੀ ਬਿਠਾਇਆ॥੮॥੨੪੫॥

**ਤੀਸਰ ਜੋ ਰਜੀਆ ਸੁਤ ਰਹਾ॥ ਸੈਨਪਾਲ ਤਾ ਕੋ ਪੁਨ ਕਹਾ॥**
**ਬਖਸੀ ਕਰਿ ਤਾਂ ਕੌਂ ਠਹਰਾਇਓ॥ ਸਭ ਦਲ ਕੋ ਤਿਹ ਕਾਮੁ ਚਲਾਇਓ॥੯॥੨੪੬॥**

***ਭਾਵਾਰਥ:–*** ਤੀਜਾ ਜੋ (ਰਜੀਆ ਸੁਤ) ਦਾਸੀ ਦਾ ਪੁੱਤਰ (ਅਜੈ ਸਿੰਘ ਬਾਕੀ) ਰਿਹਾ ਸੀ। ਫੇਰ ਉਸਨੂੰ (ਸੈਨਪਾਲ) ਸੈਨਾਪਤੀ ਕਹਿਆ (ਬਣਾਇਆ) ਗਿਆ। ਉਸਨੂੰ ਬਖ਼ਸ਼ੀ (ਫ਼ੌਜ ਨੂੰ ਤਨਖਾਹ ਦੇਣ ਵਾਲਾ) ਦੇ ਕੇ (ਠਹਰਾਇਓ) ਥਾਪਿਆ ਗਿਆ। ਉਸਨੇ ਸਾਰੀ ਫ਼ੌਜ ਦਾ ਕੰਮ ਚਲਾਇਆ॥੯॥੨੪੬॥

**ਰਾਜੁ ਪਾਇ ਸਭਹੂ ਸੁਖ ਪਾਇਓ॥ ਭੂਪਤਿ ਕਉ ਨਾਚਬ ਸੁਖ ਆਇਓ॥**
**ਤੇਰਹ ਸੈ ਚੌਸਠ ਮਿਰਦੰਗਾ॥ ਬਾਜਤ ਹੈ ਕਈ ਕੋਟ ਉਪੰਗਾ॥੧੦॥੨੪੭॥**

***ਭਾਵਾਰਥ:–*** ਰਾਜ ਲੈ ਕੇ ਸਾਰਿਆਂ ਹੀ ਸੁੱਖ ਪਾਇਆ। ਰਾਜੇ (ਅਸੁਮੇਦ) ਨੂੰ (ਨਾਚਬ– ਨੱਚਣ ਦਾ) ਭਾਵ– ਮੁਜਰੇ ਵੇਖਣ ਦਾ ਸੁੱਖ (ਆਇਓ) ਆਇਆ। ਤੇਰਾਂ ਸੌ ਚੌਂਹਠ ਮ੍ਰਿਦੰਗ (ਢੋਲਕੀ ਦੀ ਸ਼ਕਲ ਦਾ ਇੱਕ ਸਾਜ) ਅਤੇ ਕਈ ਕਰੋੜਾਂ (ਉਪੰਗਾ) ਨਸ ਤਰੰਗ (ਇੱਕ ਪ੍ਰਕਾਰ ਦਾ ਸਾਜ) (ਅਸੁਮੇਦ ਦੇ ਦਰਬਾਰ ਵਿੱਚ) ਵੱਜਦੇ ਸਨ॥੧੦॥੨੪੭॥

**ਦੂਸਰ ਭਾਇ ਭਏ ਮਦ ਅੰਧਾ॥ ਦੇਖਤ ਨਾਚਤ ਲਾਇ ਸੁਗੰਧਾ॥**
**ਰਾਜ ਸਾਜ ਦੁਹਹੂੰ ਤੇ ਭੂਲਾ॥ ਵਾ ਹੀ ਕੈ ਜਾਇ ਛਤ੍ਰ ਸਿਰ ਝੁਲਾ[੧]॥੧੧॥੨੪੮॥**

***ਭਾਵਾਰਥ:–*** ਦੂਜਾ ਭਰਾ (ਅਸੁਮੇਧਾਨ) ਸ਼ਰਾਬ ਵਿੱਚ ਹੀ ਅੰਨ੍ਹਾ (ਘੋਰ ਮਸਤ) ਹੋ ਗਿਆ। (ਨਾਚਤ) ਨੱਚਣ ਵਾਲੀਆਂ (ਵੇਸ਼ਯਾਵਾਂ) ਨੂੰ ਵੇਖਣ ਵਿੱਚ ਅਤੇ ਸੁਗੰਧੀ ਲਾਉਣ ਵਿੱਚ (ਮਸਤ ਰਹਿੰਦਾ ਸੀ)। ਦੋਹਾਂ ਤੋਂ ਰਾਜ ਸਾਜ ਵਿਸਰ ਗਿਆ, (ਅੰਤ ਨੂੰ) ਉਸੇ (ਦਾਸੀ ਪੁੱਤਰ ਅਜੈ ਸਿੰਘ) ਦੇ ਹੀ ਜਾ ਕੇ ਸਿਰ 'ਤੇ ਛਤ੍ਰ ਝੁੱਲਿਆ॥੧੧॥੨੪੮॥

**ਕਰਤ ਕਰਤ ਬਹੁ ਦਿਨ ਅਸ ਰਾਜਾ॥ ਉਨ ਦੁਹੂੰ ਭੂਲ੍ਯੋ ਰਾਜ ਸਮਾਜਾ॥**
**ਮਦ ਕਰਿ ਅੰਧ ਭਏ ਦੋਊ ਭ੍ਰਾਤਾ॥ ਰਾਜ ਕਰਨ ਕੀ ਬਿਸਰੀ ਬਾਤਾ॥੧੨॥੨੪੯॥**

***ਭਾਵਾਰਥ:–*** ਐਹੋ ਜਿਹਾ ਰਾਜ ਬਹੁਤੇ ਦਿਨ ਕਰਦਿਆਂ ਕਰਦਿਆਂ ਉਨ੍ਹਾਂ ਦੋਹਾਂ (ਅਸੁਮੇਦ ਅਤੇ ਅਸੁਮੇਧਾਨ) ਨੂੰ (ਸਮਾਜਾ) ਰਿਆਇਆ (ਪ੍ਰਜਾ) 'ਤੇ ਰਾਜ ਕਰਨਾ ਭੁੱਲ ਗਿਆ। ਸ਼ਰਾਬ ਨਾਲ ਦੋਵੇਂ ਭਰਾ ਅੰਨ੍ਹੇ (ਮਸਤ) ਹੋ ਗਏ। (ਰਾਜ) ਹਕੂਮਤ ਕਰਨ ਦੀ ਗੱਲ ਹੀ ਭੁੱਲ ਗਈ॥੧੨॥੨੪੯॥

**ਦੋਹਰਾ॥**
**ਜਿਹ ਚਾਹੇ ਤਾ ਕੋ ਹਨੇ ਜੋ ਬਾਛੈ ਸੋ ਲੇਇ॥**
**ਜਿਹ ਰਾਖੈ ਸੋਈ ਰਹੈ ਜਿਹ ਜਾਨੈ ਤਿਹ ਦੇਇ॥੧[੧]॥੨੫੦॥**

***ਭਾਵਾਰਥ:–*** ਜੀਹਨੂੰ ਚਾਹੁੰਦੇ ਓਸ ਨੂੰ ਮਾਰ ਦੇਂਦੇ, ਜੋ ਚਾਹੁੰਦੇ ਓਹੋ ਹੀ ਲੈ ਲੈਂਦੇ। ਜੀਹਨੂੰ ਬਚਾਉਂਦੇ ਓਹੋ ਹੀ ਬਚਦਾ, ਜੀਹਨੂੰ ਸਮਝਦੇ ਉਹਨੂੰ ਹੀ ਦੇ (ਜੇ ਚਾਹੁਣ) ਦੇਂਦੇ ਸਨ[੨]॥੧॥੨੫੦॥

**ਚਉਪਈ॥**
**ਐਸਿ ਭਾਂਤਿ ਕੀਨੋ ਇਹ ਜਬ ਹੀ॥ ਪ੍ਰਜਾ ਲੋਕ ਸਭ ਬਸਿ ਭਏ ਤਬ ਹੀ॥**
**ਅਉ ਬਸਿ ਹੋਇ ਗਏ ਨੇਬ ਖਵਾਸਾ॥ ਜੋ ਰਾਖਤ ਥੇ ਨ੍ਰਿਪ ਕੀ ਆਸਾ॥੧॥੨੫੧॥**

***ਭਾਵਾਰਥ:–*** ਏਸ (ਅਜੈ ਸਿੰਘ) ਨੇ ਜਦੋਂ ਇਸ ਤਰ੍ਹਾਂ ਕੀਤਾ, ਉਦੋਂ ਹੀ ਸਾਰੇ ਪ੍ਰਜਾ ਦੇ ਲੋਕ ਅਧੀਨ ਹੋ ਗਏ। ਨਾਇਬ ਅਤੇ ਖ਼ਾਸ ਲੋਕ ਵੀ ਅਧੀਨ ਹੋ ਗਏ। ਜਿਹੜੇ ਕਿ ਰਾਜੇ (ਅਸੁਮੇਦ) ਦੀ ਆਸ਼ਾ ਰੱਖਦੇ ਸਨ॥੧॥੨੫੧॥

**ਏਕ ਦਿਵਸ ਤਿਹੂੰ ਭ੍ਰਾਤ ਸੁਜਾਨਾ॥ ਮੰਡਸ ਚੌਪਰ ਖੇਲ ਖਿਲਾਨਾ॥**
**ਦਾਉ ਸਮੈ ਕਛੁ ਰਿਸਕ ਬਿਚਾਰਿਓ॥ ਅਜੈ ਸੁਨਤ ਇਹ ਭਾਂਤਿ ਉਚਾਰਿਓ॥੨॥੨੫੨॥**

***ਭਾਵਾਰਥ:–*** ਇੱਕ ਦਿਨ (ਸੁਜਾਨਾ) ਤਿੰਨਾਂ ਹੀ ਚਤੁਰ ਭਰਾਵਾਂ ਨੇ। ਚੌਪੜ (ਮੰਡਸ) ਦਾ ਖੇਲ ਖੇਲਣਾ ਸ਼ੁਰੂ ਕਰ ਲਿਆ। (ਅਸੁਮੇਦ ਅਤੇ ਅਸੁਮੇਧਾਨ ਨੇ) ਦਾਵ (ਢਾਲਣੇ ਸੁੱਟਣ) ਵੇਲੇ ਕੁਛ (ਰਿਸਕ)

---

[੧] ਪ੍ਰੈਸ ਦੀ ਬੀੜ ਵਿੱਚ ਏਥੇ '੧੩' ਅੰਗ ਹੈ। ਇਹ ਅੰਗ ਹਰ ਛੰਦ ਦੀ ਗਿਣਤੀ ਦੇ ਹਨ। ਚੌਪਈ ਦਾ ੧੨ ਅੰਗ ਪਿੱਛੇ ਸਮਾਪਤ ਹੋ ਚੁੱਕਾ ਹੈ। ਇਹ ਦੋਹਰਾ ਨਵਾਂ ਛੰਦ ਹੈ, ਜਿਸ ਤੋਂ ਏਥੇ ਅੰਗ '੧' ਹੀ ਸ਼ੁੱਧ ਹੈ।

[੨] ਇਹ ਗੁਰੂ ਜੀ ਵੱਲੋਂ ਹੀ ਲੇਖ ਹੈ। ਏਸ ਵਿੱਚ ਰਾਜਿਆਂ ਦੀ ਰਾਜਨੀਤਿਕ ਖ਼ੁੜ੍ਹ ਦਾ ਜ਼ਿਕਰ ਕੀਤਾ ਹੈ। ਇਹ ਦੋਹਰਾ ਮਹਾਰਾਜ ਅਜੈ ਸਿੰਘ ਦੇ ਪ੍ਰਤਾਪ ਦੇ ਵਾਧੇ ਦਾ ਜ਼ਿਕਰ ਕਰਦਾ ਹੈ ਕਿ ਦੋਹਾਂ ਭਰਾਵਾਂ ਦੀ ਅਣਗਹਿਲੀ ਦੇ ਕਾਰਨ ਹੀ ਅਜੈ ਸਿੰਘ ਦਾ ਏਹੋ ਜਿਹਾ ਦਬਦਬਾ ਬਣ ਗਿਆ ਸੀ ਕਿ ਉਹ ਜੋ ਚਾਹੁੰਦਾ ਸੀ-ਉਸ ਨੂੰ ਰੋਕਣ ਵਾਲਾ ਕੋਈ ਨਹੀਂ ਸੀ।

ਰੋਸ ਦਾ ਭਾਵ ਸੋਚਿਆ। ਅਜੈ ਸਿੰਘ ਦੇ ਸੁਣਦਿਆਂ (ਸੁਣਾਂਦਿਆਂ) ਹੋਇਆ ਇਸ ਤਰ੍ਹਾਂ ਕਿਹਾ॥੨॥੨੫੨॥

**ਦੋਹਰਾ॥**

**ਕਹਾ ਕਰੈ ਦਾ ਕਹ ਪਰੈ ਕਹ ਯਹ ਬਾਧੈ ਸੂਤ॥**

**ਕਹਾ ਸਤ੍ਰੁ ਯਾ ਤੇ ਮਰੈ ਜੋ ਰਜੀਆ ਕਾ ਪੂਤ॥੧॥੨੫੩॥**

***ਭਾਵਾਰਥ:–*** ਕੀ ਕਰੇਗਾ? ਕੀ ਦਾਵ ਪਵੇਗਾ? ਇਹ ਕੀ (ਸੂਤ) ਮਰਯਾਦਾ (ਰਾਜਨੀਤੀ) ਬੰਨ੍ਹ ਸਕੇਗਾ? ਏਸ ਤੋਂ ਵੈਰੀ ਕੀ ਮਰਨਗੇ? ਜੋ (ਰਜੀਆ ਕਾ ਪੂਤ) ਦਾਸੀ ਦਾ ਪੁੱਤਰ ਹੈ॥੧॥੨੫੩॥

**ਚਉਪਈ॥**

**ਯਹੈ ਆਜ ਹਮ ਖੇਲ ਬਿਚਾਰੀ॥ ਸੋ ਭਾਖਤ ਹੈ ਪ੍ਰਗਟ ਪੁਕਾਰੀ॥**

**ਏਕਹਿ ਰਤਨ ਰਾਜ ਧਨੁ ਲੀਨਾ॥ ਦੁਤੀਐ ਅਸ੍ਵ ਉਸ੍ਟ ਗਜ ਲੀਨਾ॥੧॥੨੫੪॥**

***ਭਾਵਾਰਥ:–*** (ਤਿੰਨੇ ਭਰਾ ਆਪੋ ਵਿਚਦੀ ਕਹਿੰਦੇ ਹਨ ਕਿ) ਅਸਾਂ ਅੱਜ ਏਹੋ ਹੀ ਖੇਡ ਸੋਚੀ ਹੈ (ਭਾਵ– ਹੁਣ ਅਸਾਂ ਏਸ ਨੂੰ ਹੀ ਅੰਤ ਦੀ ਖੇਡ ਸਮਝ ਕੇ ਖੇਡ ਰਹੇ ਹਾਂ ਕਿਉਂਕਿ ਏਸ ਵਿੱਚ ਹੀ ਬਾਕੀ ਜੀਵਨ ਦਾ ਫੈਸਲਾ ਕਰ ਲੈਣਾ ਹੈ)। ਉਹੋ ਹੀ ਪ੍ਰਗਟ ਤੌਰ 'ਤੇ ਉਚਾਰ ਕੇ ਕਹਿੰਦੇ ਹਾਂ। ਇੱਕ ਭਰਾ ਨੇ ਰਤਨ, ਰਾਜ ਅਤੇ ਧਨ (ਵੰਡ) ਲਿਆ (ਦਾਅ 'ਤੇ ਲਾਉਣ ਵਾਸਤੇ)। ਦੂਜੇ ਨੇ ਘੋੜੇ, ਊਠ ਅਤੇ ਹਾਥੀਆਂ ਨੂੰ ਲੈ ਲਿਆ॥੧॥੨੫੪॥

**ਕੁਅਰੈ ਬਾਟ ਸੈਨ ਸਭਿ ਲੀਆ॥ ਤੀਨਹੁ ਬਾਟ ਤੀਨ ਕਰ ਕੀਆ॥**

**ਪਾਸਾ ਢਾਰ ਧਰੈ ਕਸ ਦਾਵਾ॥ ਕਹਾ ਖੇਲ ਧੌ ਕਰੈ ਕਰਾਵਾ॥੨॥੨੫੫॥**

***ਭਾਵਾਰਥ:–*** (ਜਨਮੇਜਾ ਦੇ ਪੁੱਤਰ) (ਅਜੈ ਸਿੰਘ) ਨੇ ਸਾਰੀ ਫ਼ੌਜ ਵੰਡ ਲਈ। ਤਿੰਨਾਂ (ਭਰਾਵਾਂ) ਨੇ ਵੰਡ ਕੇ ਤਿੰਨ (ਹਿੱਸੇ) ਕਰ ਲਏ। (ਪਾਸਾ) ਢੋਲਣੇ (ਡਲ) (ਨਰਦਾਂ) (ਢਾਰ) ਸੁੱਟ (ਸੁੱਟ) ਕੇ ਅਤੇ ਖਿੱਚ (ਖਿੱਚ) ਕੇ ਦਾਵ (ਤੇ ਵਸਤੂਆਂ) (ਧਰੈ) ਲਾਉਂਦੇ ਹਨ। (ਧੌ) ਨਾ ਜਾਣੀਏ ਕਿ ਕੋਈ ਕੀ ਚਾਲ ਚੱਲੇਗਾ॥੨॥੨੫੫॥

**ਚਉਪਰ ਖੇਲ ਪਰੀ ਤਿਹੁੰ ਮਾਹਾ॥ ਦੇਖਤ ਊਚ ਨੀਚ ਨਰਨਾਹਾ॥**

**ਜ੍ਵਾਲਾ ਰੂਪ ਸਪਰਧਾ ਬਾਢੀ॥ ਭੂਪਨ ਫਿਰਤ ਸੰਘਾਰਤ ਕਾਢੀ॥੩॥੨੫੬॥**

***ਭਾਵਾਰਥ:–*** ਉਹਨਾਂ ਵਿੱਚ ਚੌਪੜ ਦੀ ਖੇਡ (ਪਰੀ) ਮਘ ਪਈ ਕਿ (ਨਰਨਾਹਾ) ਰਾਜਿਆਂ ਨੂੰ ਉਚ ਨੀਚ (ਸਭ) ਵੇਖ ਰਹੇ ਹਨ। (ਸਪਰਧਾ) ਈਰਖਾ ਰੂਪ (ਜ੍ਵਾਲਾ) ਅੱਗ ਵਧ ਗਈ। ਜੋ ਰਾਜਿਆਂ ਨੂੰ (ਘਰਾਂ 'ਚੋਂ) ਕੱਢ ਕੇ ਮਾਰਨ ਨੂੰ ਫਿਰਦੀ ਸੀ॥੩॥੨੫੬॥

**ਤਿਨ ਕੈ ਬੀਚ ਪਰੀ ਅਸ ਖੇਲਾ॥ ਕਟਨ ਸੁ ਹਿਤ ਭਯੋ ਮਿਟਨ ਦੁਹੇਲਾ॥**

**ਪ੍ਰਿਥਮੈ ਰਤਨ ਦ੍ਰਬ ਬਹੁ ਲਾਯੋ॥ ਬਸਤ੍ਰ ਬਾਜਿ ਗਜ ਬਹੁਤਿ ਹਰਾਯੋ॥੪॥੨੫੭॥**

***ਭਾਵਾਰਥ:–*** ਉਨ੍ਹਾਂ ਵਿੱਚ ਐਹੋ ਜਿਹੀ ਖੇਡ ਮੱਚ ਪਈ ਕਿ (ਜੋ) ਕੱਟਣ (ਮਰਨ) ਦਾ (ਹਿਤੁ) ਕਾਰਨ ਹੋ ਗਈ, (ਮਿਟਨ) (ਈਰਖਾ ਵਾਲੀ ਗੱਲ) ਮਿਟਣੀ ਔਖੀ ਹੋ ਗਈ। ਪਹਿਲੋਂ ਤਾਂ ਰਤਨ ਅਤੇ ਬਹੁਤ ਧਨ (ਦਾਅ 'ਤੇ) ਲਾ ਦਿੱਤਾ। (ਫੇਰ) ਬਹੁਤ ਕੱਪੜੇ, ਘੋੜੇ ਅਤੇ ਹਾਥੀ ਹਰਾ ਦਿੱਤੇ॥੪॥੨੫੭॥

**ਦੁਹੂੰਅਨ ਬੀਚ ਸਪਰਧਾ ਬਾਢਾ॥ ਦੁਹ ਦਿਸ ਉਠੇ ਸੁਭਟ ਅਸਿ ਕਾਢਾ॥**
**ਚਮਕਹਿ ਕਹੂੰ ਅਸਿਨ ਕੀ ਧਾਰਾ॥ ਬਿਛ ਗਈ ਲੋਥ ਅਨੇਕ ਅਪਾਰਾ॥੫॥੨੫੮॥**

***ਭਾਵਾਰਥ:–*** ਦੋਹਾਂ (ਪਾਸਿਆਂ) ਵਿੱਚ ਈਰਖਾ ਵਧ ਗਈ। ਦੋਹਾਂ ਪਾਸਿਆਂ ਤੋਂ ਯੋਧੇ (ਅਸਿ) ਤਲਵਾਰਾਂ (ਕਾਢਾ) ਖਿੱਚ ਕੇ ਉੱਠ ਖਲੋਤੇ। ਕਿਤੇ ਤਲਵਾਰਾਂ ਦੀਆਂ ਧਾਰਾਂ ਚਮਕਣ ਲੱਗ ਪਈਆਂ। ਬੇਅੰਤ ਤੋਂ ਬੇਅੰਤ ਲੋਥਾਂ (ਜ਼ਮੀਨ 'ਤੇ) ਵਿਛ ਗਈਆਂ॥੫॥੨੫੮॥

**ਜੁੱਗਨਿ ਦੈਤ ਫਿਰਹਿ ਹਰਖਾਨੇ॥ ਗੀਧ ਸਿਵਾ ਬੋਲਹਿ ਅਪਮਾਨੇ॥**
**ਭੂਤ ਪ੍ਰੇਤ ਨਾਚਹਿ ਅਰੁ ਗਾਵਹਿ॥ ਕਹੂੰ ਕਹੂੰ ਸਬਦ ਬੈਤਾਲ ਸੁਨਾਵਹਿ॥੬॥੨੫੯॥**

***ਭਾਵਾਰਥ:–*** ਯੋਗਣੀਆਂ ਅਤੇ ਦੈਂਤ ਖੁਸ਼ ਹੋਏ ਫਿਰਦੇ ਹਨ। ਗ੍ਰਿਝਾਂ ਅਤੇ (ਸਿਵਾ) ਗਿੱਦੜੀਆਂ (ਅਪਮਾਨੇ) ਅਪਮਾਨ ਭਰੇ ਸ਼ਬਦ (ਅਪਸ਼ਕੁਨ) ਬੋਲੀਆਂ ਹਨ। ਭੂਤ ਪ੍ਰੇਤ ਨੱਚਦੇ ਅਤੇ ਗਾਉਂਦੇ ਹਨ ਬੈਤਾਲ (ਪ੍ਰੇਤ) ਕਹੁੰ ਕਹੁੰ (ਸ਼ਬਦ) ਦੀ ਆਵਾਜ਼ ਸੁਣਾਉਂਦੇ ਹਨ॥੬॥੨੫੯॥

**ਚਮਕਤਿ ਕਹੂੰ ਖਗਨ ਕੀ ਧਾਰਾ॥ ਬਿਥ ਗਏ ਰੁੰਡ ਭਸੁੰਡ ਅਪਾਰਾ॥**
**ਚਿੰਸਤ ਕਹੂੰ ਗਿਰੇ ਗਜ ਮਾਤੇ॥ ਸੋਵਤ ਕਹੂੰ ਸੁਭਟ ਰਣ ਤਾਤੇ॥੭॥੨੬੦॥**

***ਭਾਵਾਰਥ:–*** ਕਿਤੇ ਤਲਵਾਰਾਂ ਦੀਆਂ ਧਾਰਾਂ ਲਿਸ਼ਕਦੀਆਂ ਹਨ। ਬੇਅੰਤ (ਭਸੁੰਡ) ਹਾਥੀ ਧੜ ਵਿਛ ਗਏ। ਕਿਤੇ ਮਸਤ ਹਾਥੀ ਡਿੱਗੇ ਹੋਏ ਚਿੰਘਾੜਦੇ ਹਨ। ਕਿਤੇ (ਤਾਤੇ) ਤੁਰਤ ਫੁਰਤ ਹੀ ਯੋਧੇ ਜੰਗ (ਮੈਦਾਨ) ਵਿੱਚ ਸੌਂ ਰਹੇ ਹਨ॥੭॥੨੬੦॥

**ਹਿੰਸਤ ਕਹੂੰ ਗਿਰੇ ਹੈ ਘਾਏ॥ ਸੋਵਤ ਕ੍ਰੂਰ ਸਲੋਕ ਪਠਾਏ॥**
**ਕਟਿ ਗਏ ਕਹੂੰ ਚਉਰ ਅਰੁ ਚਰਮਾ॥ ਕਟਿ ਗਏ ਗਜ ਬਾਜਿਨਿ ਕੇ ਬਰਮਾ॥੮॥੨੬੧॥**

***ਭਾਵਾਰਥ:–*** ਕਿਤੇ (ਘਾਏ) ਜ਼ਖਮੀ ਕੀਤੇ ਡਿੱਗੇ ਹੋਏ (ਹੈ) ਘੋੜੇ ਹਿਣਕਦੇ ਹਨ। (ਕ੍ਰੂਰ) ਭਿਆਨਕ (ਯੋਧੇ) (ਸਲੋਕ) ((ਸਵਰਗ ਲੋਕ) ਨੂੰ ਭੇਜੇ ਹੋਏ ਸੁੱਤੇ ਪਏ ਹਨ। ਕਿਤੇ ਚੌਰ ਅਤੇ ਢਾਲਾਂ ਵੱਢੀਆਂ ਗਈਆਂ। ਹਾਥੀਆਂ ਅਤੇ ਘੋੜਿਆਂ ਦੀਆਂ (ਬਰਮਾ) ਸੰਜੋਆਂ ਕੱਟੀਆਂ ਗਈਆਂ॥੮॥੧੬੧॥

**ਜੁੱਗਨਿ ਦੇਤ ਕਹੂੰ ਕਿਲਕਾਰੀ॥ ਨਾਚਤ ਭੂਤ ਬਜਾਵਤ ਤਾਰੀ॥**
**ਬਾਵਨ ਬੀਰ ਫਿਰੈ ਚਹੂੰ ਓਰਾ॥ ਬਾਜਤ ਮਾਰੂ ਰਾਗ ਸਿਦਉਰਾ॥੯॥੨੬੨॥**

***ਭਾਵਾਰਥ:–*** ਕਿਤੇ ਯੋਗਣੀਆਂ ਕਿਲਕਾਰੀਆਂ ਮਾਰਦੀਆਂ ਹਨ। ਭੂਤ ਨੱਚਦੇ ਅਤੇ ਤਾਲੀਆਂ ਵਜਾਉਂਦੇ ਹਨ। ਚੁੰਹੀਂ ਪਾਸੀਂ ਬਵੰਜਾ ਬੀਰ ਫਿਰਦੇ ਹਨ। ਮਾਰੂ ਅਤੇ (ਸਿਦਉਰਾ) ਸੰਧੂਰੀਆ ਰਾਗ ਵੱਜਦਾ ਹੈ॥੯॥੨੬੨॥

**ਰਣ ਅਸਿ ਕਾਲ ਜਲਦ ਜਿਮ ਗਾਜਾ॥ ਭੂਤ ਪਿਸਾਚ ਭੀਰ ਭੈ ਭਾਜਾ॥**
**ਰਣ ਮਾਰੂ ਦੁਹ ਦਿਸ ਤੇ ਬਾਜਯੋ॥ ਕਾਇਰੁ ਹੁਤੋ ਸੋਂ ਭੀ ਨਹਿ ਭਾਜਯੋ॥੧੦॥੨੬੩॥**

***ਭਾਵਾਰਥ:–*** ਜੰਗ ਦੀਆਂ ਤਲਵਾਰਾਂ ਕਾਲੇ (ਜਲਦ) ਬੱਦਲ ਵਿੱਚ (ਗਾਜਾ) ਬਿਜਲੀਆਂ (ਜਿਮ) ਵਾਂਗ (ਚਮਕਦੀਆਂ) ਹਨ। ਭੂਤ ਪਿਸਾਚਾਂ ਦੀ ਭੀੜ ਡਰ ਨਾਲ ਭੱਜ ਗਈ। ਦੋਹੀਂ ਪਾਸਿਓਂ ਜੰਗ ਦਾ ਨਗਾਰਾ (ਜੰਗੀ ਧੌਂਸਾ ਐਸਾ) ਵੱਜਿਆ ਕਿ ਜੋ ਕਾਇਰ ਸੀ ਉਹ ਵੀ ਦੌੜਿਆ ਨਹੀਂ॥੧੦॥੨੬੩॥

**ਰਹਿ ਗਈ ਸੂਰਨ ਖਗ ਕੀ ਟੇਕਾ॥ ਕਟਿ ਗਏ ਸੁੰਡ ਭਸੁੰਡ ਅਨੇਕਾ॥**
**ਨਾਚਤਿ ਜੋਗਨਿ ਕਹੂੰ ਬਿਤਾਰਾ॥ ਧਾਵਤ ਭੂਤ ਪ੍ਰੇਤ ਬਿਕਰਾਰਾ॥੧੧॥੨੬੪॥**

***ਭਾਵਾਰਥ:–*** ਯੋਧਿਆਂ ਨੂੰ (ਫਕਤ) ਤਲਵਾਰ ਦੀ ਹੀ ਓਟ ਰਹਿ ਗਈ। ਅਨੇਕਾਂ (ਭਸੁੰਡ) ਹਾਥੀਆਂ ਦੇ ਸੁੰਡ ਵੱਢੇ ਗਏ। ਕਿਤੇ ਜੋਗਣੀਆਂ, (ਕਿਤੇ) ਬੇਤਾਲ ਨੱਚਦੇ ਹਨ। ਡਰਾਉਣੇ (ਜੀਵ) ਭੂਤ ਪ੍ਰੇਤ ਦੌੜੇ (ਫਿਰਦੇ) ਹਨ॥੧੧॥੨੬੪॥

**ਧਾਵਤ ਅੱਧ ਕਮੱਧ[1] ਅਨੇਕਾ॥ ਮੰਡਿ ਰਹਿ ਰਾਵਤ ਗਡ ਰਹਿ ਟੇਕਾ[2]॥**
**ਅਨਹਦ ਰਾਗ ਅਨਾਹਦ ਬਾਜਾ॥ ਕਾਇਰੁ ਹੁਤਾ ਵਹੈ ਨਹੀ ਭਾਜਾ॥੧੨॥੨੬੫॥**

***ਭਾਵਾਰਥ:–*** ਅਨੇਕਾਂ (ਯੋਧੇ) ਅੱਧਕ (ਵਾਟ) ਵਿੱਚ ਹੀ ਦੌੜਦੇ ਹਨ। ਹਠ ਨਾਲ ਪੈਰ ਗੱਡ ਕੇ ਮਸਤ ਹੋ ਕੇ ਯੁੱਧ ਕਰਦੇ ਹਨ। ਬੇਹੱਦ ਰਾਗ ਅਤੇ ਬੇਹੱਦ ਵਾਜੇ ਵੱਜਦੇ ਹਨ। ਜੋ ਕਾਇਰ ਸੀ ਉਹ ਵੀ (ਉਹ ਰਾਗ ਨਾਦ ਸੁਣ ਕੇ) ਨਹੀਂ ਦੌੜਿਆ॥੧੨॥੨੬੫॥

**ਮੰਦਰ ਤੂਰ ਕਰੂਰ ਕਰੋਰਾ॥ ਗਾਜਸ ਰਾਵਤ ਰਾਗ ਸੰਦੋਰਾ॥**
**ਝਮਕਸਿ ਦਾਮਨਿ ਜਿਮ ਕਰਵਾਰਾ॥ ਬਰਸਤ ਬਾਨਨ ਮੇਘ ਅਪਾਰਾ॥੧੩॥੨੬੬॥**

---

[1] ਸੰਪ੍ਰਦਾਇ ਵਿੱਚ 'ਅੱਧ ਕਮੱਧ' ਸੰਧੀ ਉਛੇਦਿਕ ਉਚਾਰਨ ਕਰ ਕੇ ਅਰਥ 'ਅੱਧਾ ਸਰੀਰ' ਕੀਤਾ ਜਾਂਦਾ ਹੈ। 'ਕਮੱਧ' ਨੂੰ 'ਕਬੰਧ' ਦਾ ਅਪਭ੍ਰੰਸ਼ ਸਵੀਕਾਰ ਕੀਤਾ ਜਾਣ ਨਾਲ ਹੀ 'ਸਰੀਰ' ਅਰਥ ਹੋ ਸਕਦਾ ਹੈ।
ਮੈਂ ਏਸ ਸ਼ਬਦ ਦਾ ਉਚਾਰਨ 'ਅੱਧਕ ਮੱਧ' ਸ਼ੁੱਧ ਸਮਝਿਆ ਹੈ। 'ਅੱਧ ਕੁ' ਅੰਦਾਜ਼ਨ ਪਦ ਹੈ, ਏਸ ਦੀ ਵ੍ਰਿਤਿ ਇਓਂ ਹੈ ਕਿ ਜਦੋਂ ਕਿਸੇ ਯੋਧੇ ਨੂੰ ਐਹੋ ਜਿਹਾ ਵਾਰ ਲੱਗ ਜਾਵੇ ਕਿ ਉਹ ਬਚ ਨਾ ਸਕਦਾ ਹੋਵੇ, ਤਾਂ ਗਰਮ ਸਰੀਰ ਅੱਧਾ ਕੁ ਰਾਹ ਦੌੜਦਾ ਹੈ ਅਤੇ ਠੰਢਾ ਹੋ ਜਾਣ ਤੋਂ ਪੂਰਾ ਰਾਹ ਤਹਿ ਕੀਤੇ ਤੋਂ ਬਿਨਾਂ ਹੀ ਡਿੱਗ ਪੈਂਦਾ ਹੈ। ਮੈਦਾਨੇ ਜੰਗ ਵਿੱਚ ਐਹੋ ਜਿਹੇ ਕਈ ਸੂਰਵੀਰ ਹੁੰਦੇ ਹਨ, ਜੋ ਕਈ ਜ਼ਖਮਾਂ ਦੇ ਖਾਣ ਤੋਂ ਵੀ ਆਪਣੀ ਥਾਂ ਤੋਂ ਦੌੜਦੇ ਹਨ, ਪਰ ਸਹੀ ਟਿਕਾਣੇ 'ਤੇ ਪਹੁੰਚੇ ਬਿਨਾ ਹੀ ਮੈਦਾਨੇ ਜੰਗ ਵਿੱਚ ਗਿਰ ਪੈਂਦੇ ਹਨ। ਸ੍ਰੀ ਗੁਰੂ ਜੀ ਦੇ ਕਥਨ ਦਾ ਭਾਵ ਵੀ ਮੈਂ ਏਹੋ ਹੀ ਸਮਝਿਆ ਹੈ।

[2] ਇਸ ਤੁਕ ਦੀਆਂ ਮਾਤ੍ਰਾ ਪ੍ਰੈਸ ਵਿੱਚ ਆਈ ਬੀੜ 'ਚੋਂ ਤਾਂ ਬਹੁਤ ਵਾਧੂ ਮਿਲਦੀਆਂ ਹਨ। ਉਪਰੋਕਤ ਸ਼ੁੱਧਾਈ ਨਾਲ ਵੀ 'ਲੈਅ' ਪੂਰੀ ਨਹੀਂ ਬਣ ਸਕੀ ਅਤੇ ਮਾਤ੍ਰਾ ਵੀ ਇੱਕ ਵੱਧ ਹੀ ਹੈ। ਏਸ ਵਿਚਾਰ ਤੋਂ ਪਿੰਗਲ ਕਾਵਿ ਸੰਯੁਕਤ ਮੇਰੀ ਬੁੱਧੀ 'ਮਾਂਡਹਿ ਰਾਵਤ ਗਾਡਹਿ ਟੇਕਾ' ਪਾਠ ਠੀਕ ਮੰਨਦੀ ਹੈ, ਅਰਥ:– 'ਰਾਜਕੁਮਾਰ ਨਿਯਮਿਤ ਟੇਕਾ (ਕਦਮਾਂ) ਨੂੰ (ਗਾਡਹਿ) ਮਿਥਦੇ ਅਤੇ (ਜੰਗ ਨੂੰ) (ਮਾਂਡਹਿ) ਕਰਦੇ ਹਨ' ਹੈ।

***ਭਾਵਾਰਥ:-*** ਕਰੋੜਾਂ ਹੀ ਭਿਆਨਕ (ਮੰਦਰ) ਢੋਲ, ਤੂਰ (ਅਤੇ ਰਣਸਿੰਘੇ) ਵੱਜਦੇ ਹਨ, ਨਾਲ (ਰਾਵਤ) (ਸੰਦੋਰਾ) ਸੰਧੂਰੀਆ ਰਾਗ ਵੱਜਦਾ ਹੈ ਅਤੇ ਯੋਧੇ (ਗਾਜਤ) ਗੱਜਦੇ ਹਨ। ਤਲਵਾਰਾਂ (ਦਾਮਨਿ) ਬਿਜਲੀ ਵਾਂਗ ਲਿਸ਼ਕਦੀਆਂ ਹਨ। ਬੱਦਲ ਵਾਂਗ ਬੇਅੰਤ ਤੀਰ ਵਰਸਦੇ ਹਨ॥੧੩॥੨੬੬॥

**ਘੂਮਹਿ ਘਾਇਲ ਲੋਹ ਚੁਚਾਤੇ॥ ਖੇਲ ਬਸੰਤ ਮਨੋ ਮਦ ਮਾਤੇ॥**
**ਗਿਰ ਗਏ ਕਹੂੰ ਜਿਰਹ ਅਰੁ ਜ੍ਵਾਨਾ॥ ਗਰਜਤਿ ਗਿੱਧ ਪੁਕਾਰਤ ਸ੍ਵਾਨਾ॥੧੪॥੨੬੭॥**

***ਭਾਵਾਰਥ:-*** ਜ਼ਖ਼ਮੀ (ਯੋਧੇ) ਘੁਮੇਰੀਆਂ ਖਾਂਦੇ ਹਨ ਅਤੇ ਲਹੂ ਚੋਂਦਾ ਹੈ, ਮਾਨੋ ਕਿ (ਮਦ) ਸ਼ਰਾਬ ਵਿੱਚ ਮਸਤ (ਲੋਕ) (ਬਸੰਤ) ਹੋਲੀ ਖੇਡਦੇ ਹਨ। ਕਿਤੇ (ਜਿਰਹ) ਸੰਜੋਆਂ ਅਤੇ (ਕਿਤੇ) ਜੁਆਨ ਡਿੱਗੇ ਪਏ ਹਨ। ਗਿਰਝਾਂ ਬੋਲਦੀਆਂ ਅਤੇ ਕੁੱਤੇ ਭੌਂਕਦੇ ਹਨ॥੧੪॥੨੬੭॥

**ਉਨ ਦਲ ਦੂਹੂੰ ਭਾਇਨਿ ਕੋ ਭਾਜਾ॥ ਠਾਢ ਨ ਸਕ੍ਯੋ ਰੰਕ ਅਰੁ ਰਾਜਾ॥**
**ਤਕ੍ਯੋ ਓਡਛਾ ਦੇਸੁ ਬਿਚੱਛਨ॥ ਰਾਜਾ ਨ੍ਰਿਪਤਿ ਤਿਲਕ ਸੁਭ ਲੱਛਨ॥੧੫॥੨੬੮॥**

***ਭਾਵਾਰਥ:-*** ਉਨ੍ਹਾਂ ਦੋਹਾਂ ਭਰਾਵਾਂ (ਅਸੁਮੇਦ ਅਤੇ ਅਸੁਮੇਧਾਨ) ਦੀ (ਦਲ) ਫ਼ੌਜ ਭੱਜ ਗਈ। ਰਾਜਾ ਅਤੇ (ਰੰਕ) ਗ਼ਰੀਬ (ਕੋਈ ਵੀ) (ਠਾਢ) ਖਲੋ ਨਾ ਸਕਿਆ। (ਅਸੁਮੇਦ ਅਤੇ ਅਸੁਮੇਧਾਨ ਨੇ) ਖ਼ੂਬਸੂਰਤ (ਓਡਛਾ) ਉੜੀਸਾ ਦੇਸ਼ (ਬਚਾਵ ਸਥਾਨ) ਵੇਖਿਆ। (ਜਿੱਥੋਂ ਦਾ) (ਨ੍ਰਿਪਤਿ) ਮਹਾਰਾਜਾ ਤਿਲਕ ਗਜ (ਨਾਮ ਵਾਲਾ) ਚੰਗੇ ਲੱਛਣਾਂ ਵਾਲਾ ਸੀ॥੧੫॥੨੬੮॥

**ਮਦ ਕਰਿ ਮੱਤ ਭਏ ਜੇ ਰਾਜਾ॥ ਤਿਨ ਕੇ ਗਏ ਐਸ ਹੀ ਕਾਜਾ॥**
**ਛੀਨ ਛਾਨ ਛਿਤਿ ਛਤ੍ਰ ਫਿਰਾਯੋ॥ ਮਹਾਰਾਜ ਆਪ ਹੀ ਕਹਾਯੋ॥੧੬॥੨੬੯॥**

***ਭਾਵਾਰਥ:-*** (ਸ੍ਰੀ ਗੁਰੂ ਜੀ ਕਹਿੰਦੇ ਹਨ ਕਿ) ਜੋ ਰਾਜੇ ਸ਼ਰਾਬ ਨਾਲ ਮਸਤ ਹੋ ਗਏ, ਉਨ੍ਹਾਂ ਦੇ ਕੰਮ ਇਓਂ ਹੀ (ਨਾਸ ਹੋ) ਗਏ ਹਨ। (ਅਜੈ ਸਿੰਘ ਨੇ) ਧਰਤੀ ਖੋਹ ਖਾਹ ਕੇ (ਆਪਣੇ ਉੱਤੇ) ਛਤ੍ਰ ਝੁਲਾ ਲਿਆ ਅਤੇ ਆਪ ਹੀ ਮਹਾਰਾਜਾ ਕਹਾਉਂਦਾ ਰਿਹਾ॥੧੬॥੨੬੯॥

**ਆਗੇ ਚਲੇ ਅਸਮੇਧ ਹਾਰਾ॥ ਧਾਵਹਿ ਪਾਛੇ ਫਉਜ ਅਪਾਰਾ॥**
**ਗੇ ਜਹਿ ਨ੍ਰਿਪਤਿ ਤਿਲਕ ਮਹਾਰਾਜਾ॥ ਰਾਜ ਪਾਟ ਵਾਹੂ ਕਉ ਛਾਜਾ॥੧੭॥੨੭੦॥**

***ਭਾਵਾਰਥ:-*** ਹਾਰਿਆ ਹੋਇਆ ਅਸੁਮੇਦ (ਅਤੇ ਅਸੁਮੇਧਾਨ) ਅੱਗੇ (ਭੱਜ) ਚਲਿਆ, ਬੇਅੰਤ ਫ਼ੌਜ ਪਿੱਛੇ (ਲੱਗੀ) ਜਾਂਦੀ ਸੀ। ਜਿੱਥੇ ਮਹਾਰਾਜਾ ਤਿਲਕ ਰਾਜ ਸੀ (ਓਥੇ ਚਲੇ) ਗਏ। ਉਸ ਨੂੰ ਰਾਜ ਸਿੰਘਾਸਨ (ਛਾਜਾ) ਫੱਬਦਾ ਸੀ॥੧੭॥੨੭੦॥

**ਤਹ ਇਕ ਆਹਿ ਸਨਉਢੀ ਬ੍ਰਹਮਨ॥ ਪੰਡਿਤ ਬਡੋ ਮਹਾ ਬਡ ਗੁਨਿ ਜਨ॥**
**ਭੂਪਹਿ ਕੋ ਗੁਰ ਸਭੁ ਕੀ ਪੂਜਾ॥ ਤਿਹ ਬਿਨੁ ਅਵਰੁ ਨ ਮਾਨਹਿ ਦੂਜਾ॥੧੮॥੨੭੧॥**

***ਭਾਵਾਰਥ:–*** ਓਥੇ ਇੱਕ ਸਨੌਢੀ (ਜਾਤੀ ਦਾ) ਬ੍ਰਾਹਮਣ ਸੀ। ਬਹੁਤ (ਪੰਡਿਤ) ਬੁੱਧੀਮਾਨ ਅਤੇ ਵੱਡੇ ਤੋਂ ਵੱਡਾ ਗੁਣੀ ਬੰਦਾ ਸੀ। ਰਾਜੇ ਦਾ ਗੁਰੂ ਸੀ ਅਤੇ ਸਾਰਿਆਂ ਦਾ (ਪੂਜਾ) ਪੂਜਯ ਸੀ। (ਓਸ ਦੇਸ਼ ਵਿੱਚ) ਓਸ ਤੋਂ ਬਿਨਾਂ ਹੋਰ ਦੂਜਾ ਨਹੀਂ ਮੰਨਦੇ ਸਨ॥੧੮॥੨੭੧॥

**ਭੁਜੰਗ ਪ੍ਰਯਾਤ ਛੰਦ॥**

**ਕਹੂੰ ਬ੍ਰਹਮ ਬਾਨੀ ਕਰਹਿ ਬੇਦ ਚਰਚਾ॥**
**ਕਹੂੰ ਬਿਪ੍ਰ ਬੈਠੇ ਕਰਹਿ ਬ੍ਰਹਮ ਅਰਚਾ॥**
**ਤਹਾ ਬਿੱਪ੍ਰ ਸੱਨੌਢ ਤੇ ਏਕ ਲੱਛਨ॥**
**ਕਰੈ ਬਕਲ[1] ਬਸਤ੍ਰੰ ਫਿਰੈ ਬਾਇ ਭੱਛਨ॥੧॥੨੭੨॥**

***ਭਾਵਾਰਥ:–*** (ਉਸ ਰਾਜ ਵਿੱਚ) ਕਿਤੇ ਬ੍ਰਾਹਮਣ ਵੇਦ ਬਾਣੀ ਦੀ ਚਰਚਾ ਕਰਦੇ ਸਨ। ਕਿਤੇ ਬੈਠੇ ਬ੍ਰਾਹਮਣ (ਬ੍ਰਹਮ) ਪਰਮਾਤਮਾ ਦੀ (ਅਰਚਾ) ਪੂਜਾ ਕਰਦੇ ਸਨ। ਓਥੇ ਸਨੌਢੀ ਬ੍ਰਾਹਮਣ ਤੋਂ (ਸਾਰਿਆਂ ਦੇ ਹੀ) ਇੱਕੋ ਜਿਹੇ ਲੱਛਣ (ਬਣੇ ਹੋਏ ਸਨ)। (ਬਾਇ ਭੱਛਣ) ਪਉਨ ਅਹਾਰੀ ਸਨ ਅਤੇ ਦਰੱਖਤਾਂ ਦੀ ਛਿੱਲ ਦੇ ਬਸਤਰ (ਕਰੈ) ਪਹਿਨ ਕੇ ਫਿਰਦੇ ਸਨ॥੧॥੨੭੨॥

**ਕਹੂੰ ਬੇਦ ਸਾਮੰ ਸੁਰੰ ਸਾਥ ਗਾਵੈ॥**
**ਕਹੂੰ ਜੁਜਰ ਬੇਦੰ ਪੜੈ ਮਾਨ ਪਾਵੈ॥**
**ਕਹੂੰ ਰਿਗੰ ਬਾਚੈ ਮਹਾ ਅਥਰਬੇਦੰ॥**
**ਕਹੂੰ ਬ੍ਰਹਮ ਸਿੱਛਜਾ ਕਹੂੰ ਬਿਸਨ ਭੇਦੰ॥੨॥੨੭੩॥**

***ਭਾਵਾਰਥ:–*** ਕਿਤੇ ਸਾਮ ਵੇਦ ਨੂੰ ਸੁਰ ਨਾਲ ਗਾਉਂਦੇ ਹਨ। ਕਿਤੇ ਯਜੁਰ ਵੇਦ ਨੂੰ ਪੜ੍ਹ ਕੇ ਆਦਰ ਪਾਉਂਦੇ ਹਨ। ਕਿਤੇ ਰਿਗ (ਵੇਦ) ਅਤੇ (ਅਰਥ) ਅਥਰਵਣ ਵੇਦ ਨੂੰ ਹੀ (ਮਹਾਂ) ਬਹੁਤ (ਬਾਚੈ) ਪੜ੍ਹਦੇ ਹਨ। ਕਿਤੇ ਬ੍ਰਹਮ (ਬ੍ਰਹਮ ਪੁਰਾਣ, ਬ੍ਰਹਮਾ, ਵੇਦ) ਦੀ ਸਿੱਖਿਆ, ਕਿਤੇ ਵਿਸ਼ਨੂ (ਪੁਰਾਣ, ਮਾਇਆ, ਸ੍ਰਿਸ਼ਟੀ) ਦੇ ਭੇਦ (ਪੜ੍ਹਦੇ ਹਨ)॥੨॥੨੭੩॥

**ਕਹੂੰ ਅਸ੍ਰਿਦ੍ਵਯਵਤਾਰ[2] ਕੱਥੈ ਕਥਾਨੰ॥**
**ਦਸੰਚਾਰ ਚੌਦਾਹ ਬਿਦਜਾ ਨਿਧਾਨੰ॥**
**ਤਹਾਂ ਪੰਡਤੰ ਬਿਪ੍ਰ ਪਰਮੰ ਪ੍ਰਬੀਨੰ॥**
**ਰਹੇ ਏਕ ਆਸੰ ਨਿਰਾਸੰ ਬਿਹੀਨੰ॥੩॥੨੭੪॥**

---

[1] ਮੇਰੀ ਵਿਚਾਰ ਅਨੁਸਾਰ 'ਬਕਲ' ਪਾਠ ਅਤੇ 'ਵਲਕਲ' ਅਰਥ ਦੋਵੇਂ ਹੀ ਅਸ਼ੁੱਧ ਹਨ, ਕਿਉਂਕਿ ਵਲਕਲ ਦੇ ਵਸਤ੍ਰ ਰਾਜ-ਪੂਜਯ ਬ੍ਰਾਹਮਣ ਦਾ ਲਿਬਾਸ ਨਹੀਂ, ਬ੍ਰਿਛ ਦੀ ਛੱਲ ਦਾ ਵਸਤ੍ਰ ਰਿਸ਼ੀਆਂ ਦਾ ਲਿਬਾਸ ਹੈ ਏਸ ਖ਼ਿਆਲ ਅਨੁਸਾਰ 'ਸ਼ੁਕਲ' ਪਾਠ ਸ਼ੁੱਧ ਜਾਪਦਾ ਹੈ, ਕਿਸੇ ਲਿਖਾਰੀ ਨੇ 'ਸ਼ੁ' ਦੀ ਸ਼ਕਲ ਨੂੰ ਕਲਮ ਦੇ ਜ਼ੋਰ ਨਾਲ 'ਬ' ਬਣਾ ਦਿੱਤਾ ਹੈ, ਗੁਰਮੁੱਖੀ ਹੱਥ ਲਿਖਤ ਅਨੁਸਾਰ 'ਸ਼ੁ' ਅਤੇ 'ਬ' ਬਹੁਤ ਨੇੜੇ ਮਿਲਦੇ ਹਨ। 'ਸ਼ੁਕਲ' ਦਾ ਅਰਥ 'ਚਿੱਟਾ' ਹੈ

[2] ਏਸ ਪਾਠ ਤੋਂ ਗਣ ਕਿਰਿਆ ਦਾ ਕ੍ਰਮ ਭੰਗ ਹੁੰਦਾ ਹੈ, ਜਿਸ ਤੋਂ ਲਿਖਾਰੀ ਤੋਂ ਭੁੱਲ ਨਾਲ ਇਓਂ ਬਣਿਆ ਹੋਇਆ ਹੈ।

***ਭਾਵਾਰਥ:–*** ਕਿਤੇ (ਅਸਟ ਦ੍ਵੈ) ਦਸ ਅਵਤਾਰਾਂ ਦੀ ਕਥਾ ਕਹਿੰਦੇ ਹਨ। ਜੋ ਦਸ+ਚਾਰ= ਚੌਦਾਂ ਵਿਦਿਆਵਾਂ ਦੇ ਭੰਡਾਰ (ਰੂਪ ਵਿਦਵਾਨ ਬ੍ਰਾਹਮਣ) ਹਨ। ਓਥੇ ਬੁੱਧੀਮਾਨ ਪਰਮ ਚਤੁਰ ਬ੍ਰਾਹਮਣ (ਲੋਕ), ਹੋਰ ਦੂਜੀਆਂ ਵਾਸ਼ਨਾਵਾਂ ਰਹਿਤ ਹੋ ਕੇ (ਏਕ) ਬ੍ਰਹਮ ਦੀ ਆਸ਼ਾ ਵਿੱਚ ਰਹਿੰਦੇ ਹਨ॥੩॥੨੮੪॥

**ਕਹੂੰ ਕੋਕ ਸਾਰੰ ਪੜੈ ਨੀਤਿ ਧਰਮੰ॥**
**ਕਹੂੰ ਨਜਾਇ ਸਾਸਤ੍ਰ ਪੜੈ ਛਤ੍ਰ ਕਰਮੰ॥**
**ਕਹੂੰ ਬ੍ਰਹਮ ਬਿਦਜਾ ਪੜੈ ਬਜੋਮ ਬਾਨੀ॥**
**ਕਹੂੰ ਪ੍ਰੇਮ ਸਜੋ ਪਾਠ ਪਠੈ ਪਿੜਾਨੀ॥੪॥੨੭੫॥**

***ਭਾਵਾਰਥ:–*** ਕਿਤੇ ਕੋਕ ਸ਼ਾਸ਼ਤਰ, (ਕਿਤੇ) ਨੀਤਿ (ਧਰਮੰ) ਸ਼ਾਸ਼ਤਰ ਪੜ੍ਹਦੇ ਹਨ। ਕਿਤੇ ਨਿਆਂ ਸ਼ਾਸ਼ਤਰ (ਕਿਤੇ) (ਛਤ੍ਰ ਕਰਮੰ) ਖੱਤਰੀ ਦੇ ਕਰਮਾਂ ਨੂੰ ਪੜ੍ਹਦੇ ਹਨ, ਕਿਤੇ (ਬ੍ਰਹਮ) ਵੇਦਾਂਤ ਦੀ ਵਿਦਿਆ, (ਕਿਤੇ) (ਬਜੋਮ) ਆਕਾਸ਼ ਬਾਣੀ (ਅਨੁਭਵੀ ਵਿਚਾਰ) ਨੂੰ ਪੜ੍ਹਦੇ ਹਨ। ਕਿਤੇ ਪ੍ਰੇਮ ਨਾਲ (ਪਿੜਾਨੀ, ਮ੍ਰਿੜਾਨੀ) ਚੰਡੀ (ਦੁਰਗਾ ਸਪਤਸਤੀ) ਦਾ ਪਾਠ ਪੜ੍ਹਦੇ ਹਨ॥੪॥੨੭੫॥

**ਕਹੂੰ ਪ੍ਰਾਕ੍ਰਿਤੰ ਨਾਗ ਭਾਖਾ ਉਚਾਰੈ॥**
**ਕਹੂੰ ਸੰਸਕ੍ਰਿਤੰ ਬਜੋਮ ਬਾਨੀ ਬਿਚਾਰੈ॥**
**ਕਹੂੰ ਸਾਸਤ੍ਰ ਸੰਗੀਤ ਮੈ ਗੀਤ ਗਾਵੈ॥**
**ਕਹੂੰ ਜੱਛ ਗੰਧ੍ਰਬ ਬਿਦਜਾ ਬਤਾਵੈ॥੫॥੨੭੬॥**

***ਭਾਵਾਰਥ:–*** ਕਿਤੇ ਪ੍ਰਾਕ੍ਰਿਤ (ਸੰਸਕ੍ਰਿਤ ਅਤੇ ਦੇਸ਼ਾਂ ਦੇ ਲੋਕਾਂ ਤੋਂ ਮਿਲ ਕੇ ਬਣੀ) ਭਾਸ਼ਾ ਅਤੇ ਨਾਗ ਭਾਖਾ (ਪਿੰਗਲ, ਗਾਰੜੂ ਮੰਤ੍ਰਾਂ ਦੀ ਭਾਸ਼ਾ, ਵਿੰਗੀ ਟੇਢੀ ਭਾਸ਼ਾ, ਤਿੱਬਤ ਦੀ ਬੋਲੀ) ਉਚਾਰਦੇ ਹਨ। ਕਿਤੇ ਸੰਸਕ੍ਰਿਤ ਅਤੇ (ਕਿਤੇ) ਆਕਾਸ਼ਬਾਣੀ (ਜਿਓਤਿਸ਼, ਅਨੁਭਵੀ ਵਿਚਾਰ ਆਦਿਕਾਂ) ਨੂੰ ਵਿਚਾਰਦੇ ਹਨ। ਕਿਤੇ ਸ਼ਾਸਤਰੀ ਸੰਗੀਤ ਸ਼ਾਸ਼ਤਰ (ਦੇ ਅਨੁਸਾਰ) ਗੀਤ ਗਾਉਂਦੇ ਹਨ। ਕਿਤੇ ਜੱਛ ਵਿਦਿਆ (ਜ਼ਮੀਨ ਵਿੱਚ ਦੱਬੇ ਹੋਏ ਧਨ ਨੂੰ ਲੱਭਣ ਦੀ ਵਿਦਿਆ) ਅਤੇ ਗੰਧਰਬ (ਗਾਇਨ) ਵਿਦਿਆ ਨੂੰ ਦੱਸਦੇ ਹਨ॥੫॥੨੭੬॥

**ਕਹੂੰ ਨਜਾਯ ਮੀਮਾਸਿਕਾ ਤਰਕ ਸਾਸਤ੍ਰੰ॥**
**ਕਹੂੰ ਅਗਨਿ ਬਾਣੀ ਪੜੈ ਬ੍ਰਹਮ ਅਸਤ੍ਰੰ॥**
**ਕਹੂੰ ਬੇਦ ਪਾਤੰਜਲੈ ਸੇਖ ਕਾਨੰ॥**
**ਪੜੈ ਚਕ੍ਰ ਚੌਦਾਹ ਬਿਦਜਾ ਨਿਧਾਨੰ॥੬॥੨੭੭॥**

***ਭਾਵਾਰਥ:–*** ਕਿਤੇ ਨਿਆਇ, ਕਿਤੇ ਮੀਮਾਂਸਾ ਅਤੇ ਕਿਤੇ ਤਰਕ (ਸਾਸਤ੍ਰ) ਗ੍ਰੰਥ। ਕਿਤੇ (ਅਗਨਿ ਬਾਣੀ) ਹਵਨ ਦੇ ਮੰਤ੍ਰ (ਅਗਨੀ ਅਸਤਰਾਂ ਨਾਲ ਸੰਬੰਧਿਤ ਵਿਚਾਰ) ਅਤੇ ਬ੍ਰਹਮ ਅਸਤਰਾਂ (ਦੇ ਗ੍ਰੰਥਾਂ) ਨੂੰ ਪੜ੍ਹਦੇ ਹਨ। ਕਿਤੇ ਪਾਤੰਜਲੀ (ਰਿਸ਼ੀ ਕ੍ਰਿਤ ਯੋਗ ਦਰਸ਼ਨ) ਅਤੇ (ਕਿਤੇ) (ਸੇਖ ਕਾਨੰ)

ਹੋਰ ਸੁਖ ਦਰਸ਼ਨ ਦਾ ਗਿਆਨ (ਪੜ੍ਹਦੇ) ਹਨ। (ਆਸ਼ਰਮ ਵਿੱਚ) (ਚਕ੍ਰ) ਚਾਰ ਚੁਫ਼ੇਰੇ ਚੌਦਾਂ ਹੀ ਵਿਦਿਆ ਦੇ ਭੰਡਾਰੇ (ਬ੍ਰਹਮਣ) (ਪੜੈ) ਪੜ੍ਹ ਰਹੇ ਹਨ॥੬॥੨੭੭॥

**ਕਹੂੰ ਭਾਖ ਬਾਚੈ ਕਹੂੰ ਕੌਮਦੀਯੰ॥**
**ਕਹੂੰ ਸਿੱਧਿਕਾ ਚੰਦ੍ਰਿਕਾ ਸਾਰਸੁਤੀਯੰ॥**
**ਕਹੂੰ ਬਜਾਕਰਣ ਬੈਸਿ ਕਾਲਾਪ ਕੱਥੈ॥**
**ਕਹੂੰ ਪ੍ਰਾਕ੍ਰਿਯਾ ਕਾਸਿਕਾ ਸਰਬ ਮੱਥੈ॥੭॥੨੭੮॥**

***ਭਾਵਾਰਥ:–*** ਕਿਤੇ (ਗ੍ਰੰਥਾਂ ਦੇ) ਭਾਸ਼ਾ (ਟੀਕੇ, ਪ੍ਰਯਾਯ) ਅਤੇ ਕੌਮੁਦੀਆਂ (ਲਘੁ, ਮੱਧ ਅਤੇ ਸਿਧਾਂਤ) ਨੂੰ ਪੜ੍ਹਦੇ ਹਨ। ਕਿਤੇ ਸਿੱਧਿਕਾ[1] ਚੰਦ੍ਰਿਕਾ[2] ਅਤੇ ਸਾਰਸ੍ਵਤ[3] (ਵਿਆਕਰਨ ਗ੍ਰੰਥਾਂ ਨੂੰ ਪੜ੍ਹਦੇ ਹਨ)। ਕਿਤੇ (ਕਾਲਾਪ) ਵੈਸ਼ਿਸਕ ਉਚਾਰਦੇ ਹਨ ਅਤੇ ਵਿਆਰਕਨ ਪੜ੍ਹਦੇ ਹਨ। ਕਿਤੇ ਸਾਰੀ (ਕਾਸਿਕਾ) ਬਨਾਰਸ ਨਿਵਾਸੀਆਂ ਦੀ ਪ੍ਰਕਿਰਿਆ (ਭਾਵ- ਵਿੱਦਿਆ) ਨੂੰ (ਮੱਥੇ- ਰਿੜਕਦੇ) ਵਿਚਾਰਦੇ ਹਨ॥੭॥੨੭੮॥

**ਕਹੂੰ ਬੈਠ ਮਾਨੋਰਮਾ ਗ੍ਰੰਥ ਬਾਚੈ॥**
**ਕਹੂੰ ਗਾਇ ਸੰਗੀਤ ਮੈ ਗੀਤ ਨਾਚੈ॥**
**ਕਹੂੰ ਸਸਤ੍ਰ ਕੀ ਸਰਬ ਬਿਦਜਾ ਬਿਚਾਰੈ॥**
**ਕਹੂੰ ਅਸਤ੍ਰ ਬਿਦਜਾ ਬਾਚੈ ਸੋਕ ਟਾਰੈ॥੮॥੨੭੯॥**

***ਭਾਵਾਰਥ:–*** ਕਿਤੇ ਬਹਿ ਕੇ ਮਨੋਰਮਾ ਦੇ ਟੀਕੇ ਗ੍ਰੰਥ[4] ਪੜ੍ਹਦੇ ਹਨ। ਕਿਤੇ ਸੰਗੀਤ ਵਿੱਚ ਗੀਤ ਗਾ ਕੇ ਨੱਚਦੇ ਹਨ। ਕਿਤੇ ਸ਼ਸਤਰਾਂ ਦੀ ਸਾਰੀ ਵਿਦਿਆ ਨੂੰ ਸੋਚਦੇ ਹਨ। ਕਿਤੇ ਅਸਤਰਾਂ (ਮੁਕਤ ਸ਼ਸਤਰਾਂ, ਤੀਰ, ਗੋਪੀਆਂ, ਚਕ੍ਰ ਆਦਿਕਾਂ) ਦੀ ਵਿਦਿਆ ਪੜ੍ਹ ਕੇ (ਸੋਕ ਟਾਰੈ) ਪ੍ਰਸੰਨ ਹੁੰਦੇ ਹਨ॥੮॥੨੭੯॥

**ਕਹੂੰ ਗਦਾ ਕੋ ਜੁੱਧ ਕੈ ਕੈ ਦਿਖਾਵੈ॥**
**ਕਹੂੰ ਖੜਗ ਬਿਦਜਾ ਜੁਝੈ ਮਾਨ ਪਾਵੈ॥**

---

[1] ਮਹਾਨ ਕੋਸ਼ ਵਿੱਚ 'ਸਿੱਧਕਾ' ਦਾ ਅਰਥ 'ਸਿਧਾਂਤ ਕੌਮੁਦੀ' ਲਿਖਿਆ ਹੈ। ਮੈਂ ਇਹ ਕੋਈ ਪੁਰਾਣਾ ਵਿਆਕਰਨ ਗ੍ਰੰਥ ਮੰਨਦਾ ਹਾਂ, ਜੋ ਮੌਜੂਦਾ ਸਮੇਂ ਵਿੱਚ ਅਲੋਪ ਹੋ ਚੁੱਕਾ ਹੈ ਕਿਉਂਕਿ 'ਕੌਮਦੀਯ' ਪਾਠ ਪਿਛਲੀ ਤੁਕ ਵਿੱਚ ਸਾਫ਼ ਲਿਖਿਆ ਹੋਇਆ ਹੈ, ਦੁਬਾਰਾ ਲਿਖਣ ਤੋਂ ਕੋਈ ਵੱਖਰਾ ਸਿਧਾਂਤ ਨਹੀਂ ਨਿਕਲ ਸਕਦਾ। ਲਘੁ ਸਿਧਾਂਤ ਕੌਮੁਦੀ ਅਤੇ ਮੱਧ ਸਿਧਾਂਤ ਕੌਮੁਦੀ ਸ੍ਰੀ ਵਰਦਰਾਜ ਭੱਟ ਜੀ ਦੀ ਕ੍ਰਿਤ ਹਨ ਅਤੇ ਸਿਧਾਂਤ ਕੌਮੁਦੀ ਸ੍ਰੀ ਭੱਟੋਜਿ ਦੀਖਿਤ ਦੀ ਰਚਨਾ ਹੈ।

[2] ਇਹ ਵਿਆਕਰਨ ਦੀ ਪੁਸਤਕ ਸ਼੍ਰੀ ਰਾਮਾਸ਼੍ਰਮਾਚਾਰਯ ਜੀ ਨੇ ਬਣਾਇਆ ਹੋਇਆ ਹੈ।

[3] ਇਹ ਵਿਆਰਕਨ ਆਚਾਰਯ ਸ਼੍ਰੀ ਅਨੁਭੂਤਿ ਸ੍ਵਰੂਪ ਜੀ ਦਾ ਰਚਿਆ ਹੋਇਆ ਹੈ।

[4] ਸ਼੍ਰੀ ਭੱਟੋਜਿ ਦੀਖਿਤ ਨੇ ਸਿਧਾਂਤ ਕੌਮੁਦੀ ਗ੍ਰੰਥ ਰਚਨ ਤੋਂ ਬਾਅਦ ਸੋਚਿਆ ਕਿ ਪਾਣਨੀਯ ਕ੍ਰਿਤ ਅਸ਼੍ਰਾਧਜਾਈ ਦੇ ਸੂਤ੍ਰਾਂ ਦਾ ਅਜੇ ਵੀ ਖੁਲਸਾ ਅਨੁਵਾਦ ਨਹੀਂ ਹੋ ਸਕਿਆ ਜੋ ਆਮ ਵਿਦਵਾਨਾਂ ਦੀ ਸਮਝ ਵਿੱਚ ਛੇਤੀ ਆ ਸਕੇ ਤਾਂ ਓਨਾਂ ਨੇ ਸਿਧਾਂਤ ਕੌਮੁਦੀ ਦਾ ਮਨੋਰਮਾ ਨਾਮੇ ਭਾਸ਼ਜ (ਟੀਕਾ, ਅਨੁਵਾਦ) ਲਿਖਿਆ ਹੈ, ਓਸ ਮਨੋਰਮਾ ਤੇ ਜੋ ਹੋਰ ਵਿਦ੍ਵਾਨਾਂ ਨੇ ਭਾਸ਼ਜ ਲਿਖੇ ਹਨ ਓਨਾਂ ਨੂੰ 'ਮਾਨੋਰਮਾ' ਕਿਹਾ ਜਾਂਦਾ ਹੈ ਪ੍ਰਤੂੰ ਇਹ ਭਾਸ਼ਜ ਐਸ਼ ਵੇਲੇ ਦ੍ਰਿਸ਼੍ਰਿ ਨਹੀਂ ਆ ਰਹੇ।

**ਕਹੂੰ ਬਾਂਕ ਬਿਦਯਾਹਿ ਛੋਰੰਪ੍ਰ ਬਾਨੰ॥**
**ਕਹੂੰ ਜਲ ਤੁਰੰ ਬਾਕ ਬਿਦਯਾ ਬਖਾਨੰ॥੯॥੨੯੦॥**

***ਭਾਵਾਰਥ:-*** ਕਿਤੇ ਗਦਾ ਦਾ ਜੰਗ ਕਰ ਕਰ ਕੇ ਵਿਖਾਉਂਦੇ ਹਨ। ਕਿਤੇ ਤਲਵਾਰ (ਬਿਦਿਆ) ਚਲਾਉਣ ਦੀ ਵਿਦਿਆ ਨਾਲ ਲੜਦੇ ਹੋਏ ਆਦਰ ਪਾਉਂਦੇ ਹਨ। ਕਿਤੇ ਚਤੁਰ (ਬ੍ਰਾਹਮਣ) ਬਾਂਕ (ਨਾਮੇ ਸ਼ਸਤਰ) ਦੀ ਵਿਦਿਆ ਆਰੰਭ ਤੋਂ (ਪੜ੍ਹਦੇ) ਹਨ। ਕਿਤੇ ਪਾਣੀ ਵਿੱਚ ਤੁਰਨ ਅਤੇ ਵਾਕ (ਕਥਨ ਕਰਨ) ਦੀ ਵਿਦਿਆ ਨੂੰ (ਬਖਾਨੰ) ਪੜ੍ਹਦੇ ਹਨ॥੯॥੨੯੦॥

**ਕਹੂੰ ਬੈਠ ਕੇ ਗਾਰੜੀ ਗ੍ਰੰਥ ਬਾਚੈ॥**
**ਕਹੂੰ ਸਾਂਭਵੀ ਰਾਸ ਭਾਖਾ ਸੁਰਾਚੈ॥**
**ਕਹੂੰ ਜਾਮਨੀ ਤੋਰਕੀ ਬੀਰ ਬਿਦਯਾ॥**
**ਕਹੂੰ ਪਾਰਸੀ ਕੌਚ ਬਿਦਿਆ ਅਭਿਦਯਾ॥੧੦॥੨੯੧॥**

***ਭਾਵਾਰਥ:-*** ਕਿਤੇ ਬਹਿ ਕੇ (ਗਾਰੜੀ) ਸੱਪਾਂ ਦੇ ਜ਼ਹਿਰ ਦੂਰ ਕਰਨ ਵਾਲੇ ਅਤੇ ਵੱਸ ਕਰਨ ਵਾਲੇ ਗ੍ਰੰਥ ਪੜ੍ਹਦੇ ਹਨ। ਕਿਤੇ (ਸਾਂਭਵੀ) ਸ਼ੰਭ (ਸ਼ਿਵ) ਦੀ (ਤੰਤ੍ਰ ਸ਼ਾਸਤਰ) ਵਿਦਿਆ, (ਰਾਸ ਭਾਖਾ ਸੁਰਾਚੈ) ਰਾਸ ਭਾਖਾ (ਨਾਟਕ ਵਿਦਿਆ) ਅਤੇ ਸੁਰ ਭਾਖਾ (ਦੇਵਬਾਨੀ) ਪੜ੍ਹਦੇ ਹਨ। ਕਿਤੇ ਯਾਵਨੀ (ਯੂਨਾਨ ਦੀ) ਭਾਸ਼ਾ, (ਤੋਰਕੀ) ਤੁਰਕਿਸਤਾਨ ਦੀ ਭਾਸ਼ਾ ਅਤੇ (ਬਵੰਜਾ) ਵੀਰਾਂ ਦੀ ਵਿਦਿਆ (ਭੂਤ ਵਿਦਿਆ, ਕਾਲਾ ਇਲਮ) ਪੜ੍ਹਦੇ ਹਨ। ਕਿਤੇ (ਪਾਰਸੀ) ਫ਼ਾਰਸੀ ਵਿਦਿਆ ਅਤੇ (ਕੌਚ) ਸੰਜੋਆਂ ਨੂੰ (ਅਭਿਦਿਆ) ਨਾ ਵਿੰਨ੍ਹ ਦੇਣ ਵਾਲੀ ਵਿਦਿਆ (ਪੜ੍ਹਦੇ ਹਨ)॥੧੦॥੨੯੧॥

**ਕਹੂੰ ਸਸਤ੍ਰ ਕੀ ਘਾਉ ਬਿਦਯਾ ਬਤੈਗੋ॥**
**ਕਹੂੰ ਅਸਤ੍ਰ ਕੋ ਪਾਤ ਕਾ ਪੈ ਚਲੈਗੋ॥**
**ਕਹੂੰ ਚਰਮ ਕੀ ਚਾਰ ਬਿਦਯਾ ਬਤਾਵੈ॥**
**ਕਹੂੰ ਬ੍ਰਹਮ ਬਿਦਯਾ ਕਰੈ ਦ੍ਰਬਜ ਪਾਵੈ॥੧੧॥੨੯੨॥**

***ਭਾਵਾਰਥ:-*** ਕਿਤੇ ਸ਼ਸਤਰ ਦੇ (ਘਾਉ) ਮਾਰਨ ਦੀ ਵਿਦਿਆ (ਬਤੈਗੋ) ਦੱਸਦੇ ਹਨ। ਕਿਤੇ ਅਸਤਰ ਦਾ (ਪਾਤ) ਮਾਰਨਾ ਅਤੇ ਕੀਹਦੇ ਉੱਤੇ ਚੱਲੇਗਾ? (ਦੱਸਦੇ ਹਨ)। ਕਿਤੇ (ਚਰਮ) ਢਾਲ (ਨਾਲ) ਬਚਾਉ ਦੀ ਉੱਤਮ ਉਚਾਰ ਵਿਦਿਆ ਦੱਸਦੇ ਹਨ। ਕਿਤੇ (ਬ੍ਰਹਮ) ਵੇਦ ਵਿਦਿਆ (ਉਚਾਰ) ਕੇ ਧਨ ਪਾਉਂਦੇ ਹਨ॥੧੧॥੨੯੨॥

**ਕਹੂੰ ਨ੍ਰਿਤ ਬਿਦਯਾ ਕਹੂੰ ਨਾਦ ਭੇਦੰ॥**
**ਕਹੂੰ ਪਰਮ ਪੌਰਾਨ ਕੱਥੈ ਕਤੇਬੰ॥**
**ਸਭੈ ਅੱਛਰ ਬਿਦਯਾ ਸਭੈ ਦੇਸ ਬਾਨੀ॥**
**ਸਭੈ ਦੇਸ ਪੂਜਾ ਸਮਸਤੋ ਪ੍ਰਧਾਨੀ॥੧੨॥੨੯੩॥**

***ਭਾਵਾਰਥ:–*** ਕਿਤੇ ਨਾਚ ਵਿਦਿਆ, ਕਿਤੇ (ਨਾਦ) ਸੁਰਾਂ ਦੇ ਭੇਦ। ਕਿਤੇ ਉੱਤਮ ਪੁਰਾਣਾਂ ਅਤੇ ਕਿਤਾਬਾਂ (ਤੌਰੇਤ, ਜ਼ਬੂਰ, ਅੰਜੀਲ ਅਤੇ ਕੁਰਾਨ) ਕਥਦੇ ਹਨ। (ਸਨੌਢਿ ਬ੍ਰਾਹਮਣ) ਸਾਰੇ ਅੱਖਰਾਂ ਦੀ ਵਿਦਿਆ ਵਿੱਚ, ਸਾਰੇ ਦੇਸ਼ਾਂ ਦੀ ਭਾਸ਼ਾ ਵਿੱਚ ਅਤੇ ਸਾਰਿਆਂ ਦੇਸ਼ਾਂ ਦੀ (ਪੂਜਾ) ਪ੍ਰਭੁਤਾ ਵਿੱਚ ਸਭ ਤਰ੍ਹਾਂ ਹੀ ਮੁਖੀਏ ਸਨ॥੧੨॥੨੯੩॥

**ਕਹੂੰ ਸਿੰਘਨੀ ਦੂਧ ਬੱਛੇ ਚੁੰਘਾਵੈ॥**
**ਕਹੂੰ ਸਿੰਘ ਲੈ ਸੰਗ ਗਊਆਂ ਚਰਾਵੈ॥**
**ਫਿਰੈ ਸਰਪੁ ਨ੍ਰਿਕ੍ਰੁੱਧ ਤੌਨਿਸ ਥਲਾਨੰ॥**
**ਕਹੂੰ ਸਾਸਤ੍ਰੀ ਸਤ੍ਰੁ ਕੱਥੈ ਕਥਾਨੰ॥੧੩॥੨੯੪॥**

***ਭਾਵਾਰਥ:–*** ਕਿਤੇ (ਗਊ ਦੇ) ਵੱਛੇ ਨੂੰ ਸ਼ੇਰਨੀ ਦੁੱਧ ਚੁੰਘਾ ਰਹੀ ਸੀ। ਕਿਤੇ ਸ਼ੇਰ ਗਾਈਆਂ ਨੂੰ ਨਾਲ ਲੈ ਕੇ ਚਰਾ ਰਿਹਾ ਸੀ। ਓਸ ਸਥਾਨ ਵਿੱਚ ਸੱਪ ਵੀ (ਨ੍ਰਿਕ੍ਰੁੱਧ) ਗੁੱਸੇ ਤੋਂ ਬਿਨਾ ਹੀ ਫਿਰਦੇ ਸਨ। ਕਿਤੇ (ਸਾਸਤ੍ਰੀ) ਆਪਣੇ ਵੈਰੀਆਂ ਦੀ ਸ਼ਲਾਘਾ ਕਰਦੇ ਹਨ ਭਾਵ ਉਹਨਾਂ ਦੇ ਗੁਣਾਂ ਦੀ ਕਥਾ ਕਰਦੇ ਸਨ॥੧੩॥੨੯੪॥

**ਜਥਾ ਸਤ੍ਰੁ ਮਿੱਤ੍ਰੰ ਤਥਾ ਮਿਤ੍ਰ ਸਤ੍ਰੰ॥**
**ਜਥਾ ਏਕ ਛੱਤ੍ਰੀ ਤਥਾ ਪਰਮ ਛਤ੍ਰੰ॥**
**ਤਹਾਂ ਗਯੋ ਅਜੈ ਸਿੰਘ ਸੂਰਾ ਸਕ੍ਰੁੱਧੰ॥**
**ਹਨੋ ਅਸੁਮੇਧੰ ਕਰੋ ਧਰਮ ਜੁੱਧੰ॥੧੪॥੨੯੫॥**

***ਭਾਵਾਰਥ:–*** ਜਿਹੋ ਜਿਹਾ ਦੁਸ਼ਮਣ ਨੂੰ ਸੱਜਣ ਹੈ, ਤਿਹੋ ਜਿਹਾ ਹੀ ਸੱਜਣ ਲਈ ਦੁਸ਼ਮਣ ਹੈ। ਜਿਹੋ ਜਿਹਾ ਇੱਕ (ਸਧਾਰਨ ਖੱਤਰੀ) ਹੈ, ਤਿਹੋ ਜਿਹਾ ਹੀ (ਪਰਮ ਛਤ੍ਰੰ) ਰਾਜਾ ਹੈ। ਓਥੇ ਕ੍ਰੋਧ ਸਹਿਤ ਯੋਧਾ ਅਜੈ ਸਿੰਘ ਚਲਿਆ ਗਿਆ। ਜਿਸ ਨੇ ਅੱਗੇ ਅਸਮੇਦ ਨੂੰ (ਧਰਮ) ਨਿਰਕਪਟ ਯੁੱਧ ਦੁਆਰਾ ਭਜਾਇਆ ਸੀ॥੧੪॥੨੯੫॥

**ਰਜੀ ਪੁਤ੍ਰ ਦਿਖ੍ਯੋ ਡਰੇ ਦੋਇ ਭ੍ਰਾਤੰ॥**
**ਗਹੀ ਸਰਣ ਬਿੱਪੰ ਬੁਲ੍ਯੋ ਏਵ ਬਾਤੰ॥**
**ਗੁ ਵਾ ਹੇਮ ਸਰਬੰ ਮਿਲੇ ਪ੍ਰਾਨ ਦਾਨੰ॥**
**ਸਰੱਨਜੰ ਸਰੱਨਜੰ ਸਰੱਨਜੰ ਗੁਰਾਨੰ॥੧੫॥੨੯੬॥**

***ਭਾਵਾਰਥ:–*** ਦਾਸੀ ਦੇ ਪੁੱਤਰ (ਅਜੈ ਸਿੰਘ) ਨੂੰ ਵੇਖਿਆ ਤਾਂ ਦੋਵੇਂ ਭਰਾ (ਅਸੁਮੇਦ ਅਤੇ ਅਸੁਮੇਧਾਨ) ਡਰ ਗਏ। (ਸਨੌਢਿ) ਬ੍ਰਾਹਮਣ ਦੀ ਸ਼ਰਨ ਲਈ ਅਤੇ ਇਓਂ ਵਾਕ ਬੋਲੇ। ਕਿ ਗਊ ਅਤੇ (ਹੇਮੰ) ਸੋਨਾ (ਆਦਿਕ) ਸਭ ਦਾਨਾਂ (ਦਾ ਫਲ ਤੁਹਾਨੂੰ) ਮਿਲੇ (ਜੇ ਸਾਨੂੰ) ਪ੍ਰਾਣ ਦਾਨ ਮਿਲ ਜਾਵੇ। ਹੇ ਗੁਰੂ ਜੀ! (ਮਨ, ਬਾਣੀ, ਕਰਮ ਨਾਲ) ਸ਼ਰਨ ਹਾਂ, ਸ਼ਰਨ ਹਾਂ, ਸ਼ਰਨ ਹਾਂ॥੧੫॥੨੯੬॥

**ਚਉਪਈ॥**

**ਤਬ ਭੂਪਤਿ ਤਹ ਦੂਤ ਪਠਾਏ॥ ਤ੍ਰਿਪਤਿ ਸਕਲ ਦਿਜ ਕੀਏ ਰਿਝਾਏ॥**
**ਅਸੁਮੇਧ ਅਰੁ ਅਸੁਮੇਧ ਹਾਰਾ॥ ਭਾਜ ਪਰੇ ਘਰ ਤਾਕਿ ਤਿਹਾਰਾ॥੧॥੨੮੭॥**

***ਭਾਵਾਰਥ:-*** ਤਾਂ ਰਾਜੇ (ਅਜੈ ਸਿੰਘ) ਨੇ ਓਥੇ (ਆਪਣੇ) (ਦੂਤ) ਮੁਸਾਹਿਬ ਭੇਜੇ। (ਉਨ੍ਹਾਂ ਨੇ) ਸਾਰੇ ਬ੍ਰਾਹਮਣ ਖੁਆ ਪਿਆ ਕੇ ਖੁਸ਼ ਕਰ ਲਏ। (ਅਤੇ ਕਿਹਾ ਕਿ) ਅਸੁਮੇਦ ਅਤੇ ਅਸੁਮੇਧਾਨ (ਦੋਵੇਂ ਹੀ) ਤੁਹਾਡਾ ਘਰ ਵੇਖ ਕੇ ਭੱਜ ਕੇ ਆ ਵੜੇ ਹਨ॥੧॥੨੮੭॥

**ਕੈ ਦਿਜ ਬਾਂਧ ਦੇਹੁ ਦ੍ਵੈ ਮੋਹੂ॥ ਨਾਤਰ ਧਰੋ ਦੁਜਨਵਾ ਤੋਹੂ॥**
**ਕਰਉਂ ਨ ਪੂਜਾ ਦੇਉਂ ਨ ਦਾਨਾ॥ ਤੋ ਕੋ ਦੁਖ ਦੇਵੌਂ ਦਿਜ ਨਾਨਾ॥੨॥੨੮੮॥**

***ਭਾਵਾਰਥ:-*** ਹੇ ਬ੍ਰਾਹਮਣ! ਜਾਂ ਦੋਵੇਂ ਮੈਨੂੰ ਬੰਨ੍ਹ ਕੇ ਦੇ ਦਿਓ। ਨਹੀਂ ਤਾਂ ਤੈਨੂੰ ਵੀ (ਦੁਜਨਵਾ) ਦੁਸ਼ਮਣ ਹੀ (ਧਰੋਂ) ਮੰਨਾਂਗਾ। ਨਾ ਪੂਜਾ ਕਰਾਂਗਾ, ਨਾ ਦਾਨ ਦੇਵਾਂਗਾ। ਹੇ ਦਿਜ! ਤੈਨੂੰ ਵੀ ਬਹੁਤ ਤਰ੍ਹਾਂ ਦੇ ਦੁੱਖ ਦਿਆਂਗਾ॥੨॥੨੮੮॥

**ਕਹਾ ਮ੍ਰਿਤਕ ਦੁਇ ਕੰਠ ਲਗਾਏ॥ ਦੇਹੁ ਹਮੈ ਤੁਮ ਕਹਾ ਲਜਾਏ॥**
**ਜਉ ਦ੍ਵੈ ਏ ਤੁਮ ਦੇਹੁ ਨ ਮੋਹੂ॥ ਤਉ ਹਮ ਸਿੱਖ ਨ ਹੋਇ ਹੈ ਤੋਹੂ॥੩॥੨੮੯॥**

***ਭਾਵਾਰਥ:-*** ਕਿਆ (ਤੁਸੀਂ) ਦੋ ਮੁਰਦੇ ਗਲ ਨਾਲ ਲਾਏ ਹਨ? ਜੇ ਸਾਨੂੰ ਦੇਵੋਗੇ ਤਾਂ ਤੁਹਾਨੂੰ ਦੇਣ ਵਿੱਚ ਲੱਜਾ ਆਉਣੀ ਨਹੀਂ ਚਾਹੀਦੀ। ਜੇ ਤੁਸੀਂ ਇਹ ਦੋਵੇਂ ਮੈਨੂੰ ਨਾ ਦਿਓਗੇ। ਤਾਂ ਅਸੀਂ ਵੀ ਤੁਹਾਡੇ (ਸਿੱਖ) ਚੇਲੇ ਨਹੀਂ ਹੋਵਾਂਗੇ॥੩॥੨੮੯॥

**ਤਬ ਦਿਜ ਪ੍ਰਾਤ ਕੀਓ ਇਸਨਾਨਾ॥ ਦੇਵ ਪਿਤ੍ਰ ਤੋਖੇ ਬਿਧਿ ਨਾਨਾ॥**
**ਚੰਦਨ ਕੁੰਕਮ ਖੋਰ ਲਗਾਏ॥ ਚਲ ਕਰ ਰਾਜ ਸਭਾ ਮੈ ਆਏ॥੪॥੨੯੦॥**

***ਭਾਵਾਰਥ:-*** ਤਾਂ ਬ੍ਰਾਹਮਣ ਨੇ ਸਵੇਰ ਦਾ ਇਸ਼ਨਾਨ ਕੀਤਾ। ਦੇਵਤੇ ਅਤੇ ਪਿਤਰ ਨਾਨਾ ਪ੍ਰਕਾਰ ਵੀ (ਪੂਜਾ ਨਾਲ) (ਤੋਖੇ) ਤ੍ਰਿਪਤ (ਪ੍ਰਸੰਨ) ਕੀਤੇ। ਚੰਦਨ ਅਤੇ (ਕੁੰਕਮ) ਕੇਸਰ ਦਾ (ਖੋਰ) ਤਿਲਕ ਲਾ ਕੇ ਰਾਜੇ (ਅਜੈ ਸਿੰਘ) ਦੀ ਸਭਾ ਵਿੱਚ ਚੱਲ ਕੇ ਆਏ॥੪॥੨੯੦॥

**ਦਿਜੋਵਾਚ॥**

**ਹਮਰੀ ਵੈ ਨ ਪਰੈ ਦ੍ਵੈ ਡੀਠਾ॥ ਹਮਰੀ ਆਇ ਪਰੈ ਨਹੀ ਪੀਠਾ॥**
**ਝੂਠ ਕਹਯੋ ਜਿਨ ਤੋਹਿ ਸੁਨਾਈ॥ ਮਹਾਰਾਜ ਰਾਜਨ ਕੇ ਰਾਈ॥੧[੧]॥੨੯੧॥**

---

[੧] ਲਿਖਾਰੀ ਨੇ ਏਥੋਂ ਨਵੀਂ ਗਿਣਤੀ ਸ਼ੁਰੂ ਕਰ ਦਿੱਤੀ ਹੈ ਪਰ ਓਸ ਨੇ ਜੋ ਆਧਾਰ ਨਵੇਂ ਛੰਦ ਤੋਂ ਗਿਣਤੀ ਨਵੀਂ ਦਾ ਪਿੱਛੇ ਤੋਂ ਸ਼ੁਰੂ ਕੀਤਾ ਹੋਇਆ ਹੈ। ਉਹਨੂੰ ਆਪ ਹੀ ਭੁੱਲ ਗਿਆ ਹੈ ਕਿਉਂਕਿ ਚੌਪਈ ਛੰਦ ੨੯੬ ਅੰਗ ਤੱਕ ਇੱਕੋ ਹੀ ਚੱਲ ਰਿਹਾ ਹੈ। ਜੇ 'ਦਿਜੋਬਾਚ' ਸਿਰਲੇਖ ਨੂੰ ਲਿਖਾਰੀ ਨੇ ਛੋਟੀ ਗਿਣਤੀ ਬਦਲਣ ਦਾ ਕਾਰਨ ਮੰਨਿਆ ਸੀ ਤਾਂ ਚੌਪਈ ਅੰਗ ਨੰ. ੨੯੩ ਦੇ ਆਰੰਭ ਵਿੱਚ 'ਰਾਜਬਾਚ' ਸਿਰਲੇਖ ਹੈ, ਓਥੋਂ ਵੀ ਗਿਣਤੀ ਬਦਲਣੀ ਚਾਹੀਦੀ ਸੀ ਪਰ ਓਸ ਥਾਂ ਗਿਣਤੀ ਬਦਲੀ ਨਹੀਂ। ਏਸ ਕਾਰਨ ਇਹ ਗਿਣਤੀ ਅੰਗ ਲਿਖਾਰੀ ਦੀ ਭੁੱਲ ਕਾਰਨ ਹੀ ਅੰਤ ੨੯੬ ਤੱਕ ਬਦਲਿਆ ਹੋਇਆ ਹੈ।

***ਭਾਵਾਰਥ:–*** ਬ੍ਰਾਹਮਣ ਕਹਿੰਦਾ ਹੈ ਕਿ ਉਹ ਦੋਵੇਂ ਮੇਰੀ (ਡੀਠਾ) ਨਿਗ੍ਹਾ ਨਹੀਂ ਪਏ। ਮੇਰੀ (ਪੀਠਾ) ਸ਼ਰਨ ਵੀ ਨਹੀਂ ਆ ਕੇ ਪਏ। ਜਿਸ ਨੇ ਤੈਨੂੰ ਦੱਸਿਆ ਹੈ (ਉਸਨੇ) ਝੂਠ ਕਹਿਆ ਹੈ। ਹੇ ਮਹਾਰਾਜ! ਰਾਜਿਆਂ ਦੇ ਰਾਜੇ (ਅਜੈ ਸਿੰਘ)॥੧॥੨੯੧॥

**ਮਹਾਰਾਜ ਰਾਜਨ ਕੇ ਰਾਜਾ॥ ਨਾਇਕ ਅਖਲ ਧਰਣਿ ਸਿਰਤਾਜਾ॥**
**ਹਮ ਬੈਠੇ ਤੁਮ ਦੇਹ ਅਸੀਸਾ॥ ਤੁਮ ਰਾਜਾ ਰਾਜਨ ਕੇ ਈਸਾ॥੨॥੨੯੨॥**

***ਭਾਵਾਰਥ:–*** ਹੇ ਮਹਾਰਾਜ! ਰਾਜਿਆਂ ਦੇ ਰਾਜੇ! (ਅਖਲ) ਸਾਰੀ ਧਰਤੀ ਦੇ (ਨਾਇਕ) ਮਾਲਕਾਂ ਦੇ (ਸਿਰਤਾਜਾ) ਸ਼੍ਰੋਮਣੀ! ਅਸੀਂ ਬੈਠੇ ਹੋਏ ਤੈਨੂੰ ਅਸੀਸਾਂ ਦੇਂਦੇ ਹਾਂ। ਤੁਸੀਂ ਰਾਜਿਆਂ ਦੇ ਮਾਲਿਕ ਰਾਜੇ ਹੋ॥੨॥੨੯੨॥

**ਰਾਜਾ ਬਾਚ[1]॥**

**ਭਲਾ ਚਹੋ ਆਪਨ ਜੌ ਸਭ ਹੀ॥ ਵੈ ਦੁਇ ਬਾਂਧ ਦੇਹੁ ਮੁਹਿ ਅਬ ਹੀ॥**
**ਸਬ ਹੀ ਕਰੋਂ ਅਗਨਿ ਕਾ ਭੂਜਾ॥ ਤੁਮਰੀ ਕਰਉ ਪਿਤਾ ਜਿਉ ਪੂਜਾ॥੩॥੨੯੩॥**

***ਭਾਵਾਰਥ:–*** ਜੇ (ਤੁਸੀਂ) ਸਾਰੇ ਆਪਣਾ ਭਲਾ ਚਾਹੁੰਦੇ ਹੋ। ਤਾਂ ਉਹ ਦੋਵੇਂ ਹੀ ਮੈਨੂੰ ਹੁਣੇ ਬੰਨ੍ਹ ਕੇ ਦੇ ਦਿਓ। ਮੈਂ (ਹੁਣ ਤੱਕ) ਤੁਹਾਡੀ ਪਿਉ ਵਾਂਗ ਪੂਜਾ ਕਰਦਾ ਹਾਂ (ਜੇ ਤੁਸੀਂ ਦੋਹਾਂ ਨੂੰ ਨਾ ਦਿਓਗੇ ਤਾਂ) ਸਭ ਨੂੰ ਅੱਗ ਵਿੱਚ (ਭੂੰਜਾ) (ਭੁੰਨ) ਭਰਥਾ ਕਰ ਦੇਵਾਂਗਾ॥੩॥੨੯੩॥

**ਜੌ ਨ ਪਰੈ ਵੈ ਭਾਜ ਤਿਹਾਰੇ॥ ਕਹੇ ਲਗੋ ਤੁਮ ਆਜੁ ਹਮਾਰੇ॥**
**ਹਮ ਤੁਮ ਕੋ ਬਿੰਜਨਾਦਿ ਬਨਾਵੈਂ॥ ਹਮ ਤੁਮ ਵੈ ਤੀਨੋ ਮਿਲ ਖਾਵੈਂ॥੪॥੨੯੪॥**

***ਭਾਵਾਰਥ:–*** ਜੇ (ਤੁਸੀਂ ਕਹਿੰਦੇ ਹੋ ਕਿ) ਉਹ ਤੁਹਾਡੇ (ਘਰ, ਸ਼ਰਨ) ਭੱਜ ਕੇ ਨਹੀਂ ਪਏ। ਤਾਂ ਤੁਸੀਂ ਮੇਰੇ ਕਹਿਣੇ ਲੱਗੋ (ਕਿਉਂਕਿ ਉਹ ਤੁਹਾਡੇ ਵਿੱਚ ਹੀ ਹਨ)। ਅਸੀਂ ਤੁਹਾਡੇ ਵਾਸਤੇ ਭੋਜਨ ਆਦਿਕ ਤਿਆਰ ਕਰਦੇ ਹਾਂ। ਅਸੀਂ, ਤੁਸੀਂ ਤੇ ਉਹ ਤਿੰਨੇ ਹੀ ਮਿਲ ਕੇ ਖਾਵਾਂਗੇ (ਤਾਂ ਸਾਡਾ ਕੁਲਾਚਾਰ ਇੱਕ ਹੋ ਜਾਵੇਗਾ, ਫੇਰ ਅਗ੍ਹਾਂ ਵਿਰੋਧ ਭਾਵ ਨਾਸ ਹੋ ਜਾਵੇਗਾ, ਮੈਂ ਏਸ ਗੱਲ ਲਈ ਤਿਆਰ ਹਾਂ, ਇਹ ਅਜੈ ਸਿੰਘ ਦਾ ਭਾਵ ਹੈ।)॥੪॥੨੯੪॥

**ਦਿਜ ਸੁਨਿ ਬਾਤ ਚਲੇ ਸਭਿ ਧਾਮਾ॥ ਪੂਛੈ ਭ੍ਰਾਤ ਸੁ ਪੂਤ ਪਿਤਾਮਾ॥**
**ਬਾਂਧ ਦੇਹੁ ਤਉ ਛੂਟੈ ਧਰਮਾ॥ ਭੋਜ ਭੁਜੇ ਤਉ ਛੂਟੇ ਕਰਮਾ॥੫॥੨੯੫॥**

***ਭਾਵਾਰਥ:–*** ਸਾਰੇ ਬ੍ਰਾਹਮਣ ਇਹ ਗੱਲ ਸੁਣ ਕੇ ਘਰਾਂ ਨੂੰ ਚੱਲੇ ਕਿ ਦਾਦਿਆਂ, ਭਰਾਵਾਂ ਅਤੇ ਪੁੱਤਰਾਂ ਨੂੰ ਪੁੱਛਾਂਗੇ (ਜਾ ਕੇ ਪਿਤਾ, ਪਿਤਾਮਾ ਨਾਲ ਗੱਲ ਕੀਤੀ)। ਕਿ (ਜੇ ਦੋਹਾਂ ਨੂੰ) ਬੰਨ੍ਹ ਕੇ ਦੇਂਦੇ ਹਾਂ ਤਾਂ ਧਰਮ ਜਾਂਦਾ ਹੈ। ਜੇ ਭੋਜਨ (ਭੁਜੇ) ਖਾਂਦੇ ਤਾਂ ਕਰਮ ਜਾਂਦਾ ਹੈ॥੫॥੨੯੫॥

**ਯਹਿ ਰਜੀਆ ਕਾ ਪੂਤ ਮਹਾ ਬਲ॥ ਜਿਨ ਜੀਤੇ ਛਤ੍ਰੀ ਗਨ ਦਲ ਮਲ॥**

---

[1] ਵੇਖੋ ਫੁੱਟ ਨੋਟ ਅੰਗ ੨੯੧ ਦਾ।

**ਛਤ੍ਰਾਪਨ ਆਪਨ ਬਲ ਲੀਨਾ॥ ਇਨ ਕੋ ਕਾਢਿ ਧਰਨਿ ਤੇ ਦੀਨਾ॥੬॥੨੯੬॥**

***ਭਾਵਾਰਥ:–*** ਇਹ (ਰਜੀਆ) ਦਾਸੀ ਦਾ ਪੁੱਤਰ ਮਹਾਂ ਬਲ ਵਾਲਾ ਹੈ। ਜੀਹਨੇ (ਗਨ) ਸਾਰੇ ਖੱਤਰੀ (ਦਲਮਲ) ਲਤਾੜ ਪਛਾੜ ਕੇ ਜਿੱਤ ਲਏ ਹਨ। ਆਪਣੇ ਜ਼ੋਰ ਨਾਲ ਹੀ (ਛਤ੍ਰਾਪਨ) ਰਾਜ ਲੈ ਲਿਆ ਹੈ (ਆਪਣੇ ਬਲ ਨਾਲ ਖੱਤਰੀ ਧਰਮ ਅਪਣਾ ਲਿਆ ਹੈ)। ਏਨ੍ਹਾਂ ਨੂੰ (ਰਾਜ ਦੀ ਹੱਦ) ਤੋਂ ਕੱਢ ਦਿੱਤਾ ਹੈ॥੬॥੨੯੬॥

**ਤੋਟਕ ਛੰਦ॥**

**ਇਮ ਬਾਤ ਜਬੈ ਨ੍ਰਿਪ ਤੇ ਸੁਨਿਯੰ॥ ਗ੍ਰਹ ਬੈਠ ਸਬੈ ਦਿਜ ਮੰਤ੍ਰ ਕਿਯੰ॥**
**ਅਜ ਸੈਨ ਅਜੈ ਭਟ ਦਾਸਿ ਸੁਤੰ॥ ਅਤਿ ਦੁਹਕਰ ਕੁਤਸਿਤ ਕ੍ਰੂਰ ਮਤੰ॥੭[1]॥੨੯੭॥**

***ਭਾਵਾਰਥ:–*** ਜਦੋਂ ਰਾਜੇ ਤੋਂ ਇਓਂ ਗੱਲ ਸੁਣੀ, ਤਾਂ ਸਾਰਿਆਂ ਬ੍ਰਾਹਮਣਾਂ ਨੇ ਘਰ ਵਿੱਚ ਬਹਿ ਕੇ (ਮੰਤ੍ਰ) ਸਲਾਹ ਕੀਤੀ। ਕਿ ਦਾਸੀ ਪੁੱਤਰ (ਅਜ ਸੈਨ) ਅਜੈ ਸਿੰਘ (ਅਜੈ) ਅਜਿੱਤ ਯੋਧਾ ਬੜਾ (ਦੁਹਕਰ) ਨੀਚ (ਭਿਆਨਕ) (ਕੁਤਸਿਤ) ਨਿੰਦਿਤ ਅਤੇ (ਕ੍ਰੂਰ) ਕਠੋਰ ਬੁੱਧੀ ਵਾਲਾ ਹੈ॥੧੭॥੨੯੭॥

**ਮਿਲ ਖਾਇ ਤ ਖੋਵੈ ਜਨਮ ਜਗੰ॥ ਨਹਿ ਖਾਤ ਤੁ ਜਾਤ ਹੈ ਕਾਲ ਮਗੰ॥**
**ਮਿਲ ਮਿਤ੍ਰ ਸੁ ਕੀਜੈ ਕਉਨ ਮਤੰ॥ ਜਿਹ ਭਾਂਤਿ ਰਹੇ ਜਗ ਆਜ ਪਤੰ॥੮॥੨੯੮॥**

***ਭਾਵਾਰਥ:–*** ਜੇ ਮਿਲ ਕੇ ਖਾਂਦੇ ਹਾਂ ਤਾਂ (ਏਸ) ਜਨਮ ਕੀਤੇ (ਜਗ) ਸ਼ੁਭ ਕਰਮ ਗੁਆਉਂਦੇ ਹਾਂ। ਜੇ ਨਹੀਂ ਖਾਂਦੇ ਤਾਂ (ਕਾਲ) ਮੌਤ ਦੇ ਮੂੰਹ ਜਾਂਦੇ (ਮਰਦੇ) ਹਾਂ। ਹੇ ਮਿੱਤਰੋ! ਮਿਲ ਕੇ (ਮਤੰ) ਕਿਹੜੀ ਵਿਚਾਰ ਕੀਤੀ ਜਾਵੇ ਕਿ ਅੱਜ ਦੁਨੀਆਂ ਵਿੱਚ ਜਿਸ ਤਰ੍ਹਾਂ ਇੱਜਤ ਰਹਿ ਆਵੇ॥੮॥੨੯੮॥

**ਸੁਨ ਰਾਜਨ ਰਾਜ ਮਹਾਨ ਮਤੰ॥ ਅਨਭੀਤ ਅਜੀਤ ਸਮਸਤ ਛਿਤੰ॥**
**ਅਨਗਾਹ ਅਥਾਹ ਅਨੰਤ ਦਲੰ॥ ਅਨਭੰਜ ਅਗੰਜ ਮਹਾ ਪ੍ਰਬਲੰ॥੯॥੨੯੯॥**

***ਭਾਵਾਰਥ:–*** (ਮਹਾਨ) ਸਾਰਿਆਂ (ਵਡਿਆਂ) ਨੇ (ਮਤੰ) ਸਲਾਹ (ਨਾਲ ਕਿਹਾ ਕਿ) ਹੇ ਰਾਜਾਨ ਰਾਜ! ਸੁਣ, ਹੇ (ਅਨਭੀਤ) ਨਿਡਰ! ਅਤੇ ਸਾਰੀ ਧਰਤੀ ਤੋਂ ਅਜਿੱਤ!। (ਅਨਗਾਹ) ਅਜਯ ਅਤੇ ਬੇਅੰਤ ਤੋਂ ਬੇਅੰਤ ਦਲ ਵਾਲੇ! ਹੇ (ਅਨਭੰਜ) ਅਜਿੱਤ (ਅਗੰਜ) ਇੱਜ਼ਤਵਾਨ ਅਤੇ ਮਹਾਂ ਜ਼ੋਰਾਵਰ॥੯॥੨੯੯॥

---

[1] ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਜੀ ਪੁਸਤਕਾਂ ਵਾਲੇ ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ ਦੀਆਂ ਛਾਪੀਆਂ ਹੋਈਆ ਸੈਂਚੀਆਂ ਵਿੱਚ ਹੀ ਏਥੇ ੭ ਅੰਗ ਹੈ ਅਤੇ ਵੱਡੀ ਗਿਣਤੀ ੩੧੧ ਅੰਗ ਤੱਕ ਜਿਉਂ ਕਾ ਤਿਉਂ ਚੱਲਦੀ ਹੈ। ਬੜੀ ਹੈਰਾਨੀ ਆਉਂਦੀ ਹੈ ਕਿ ਜਿਹੜਾ ਧਰੁਵਾ ਲਿਖਾਰੀ ਇੱਕ ਪ੍ਰਸੰਗ ਵਿੱਚ ਸ਼ੁਰੂ ਕਰਦਾ ਹੈ, ਬਾਅਦ ਵਿੱਚ ਓਸੇ ਦਾ ਹੀ ਭੰਗ ਵੀ ਕਰਦਾ ਹੈ। ਪਹਿਲਾਂ ਇੱਕ ਛੰਦ ਤੋਂ ਅੰਗਾਂ ਦੇ ਸ਼ੁਰੂ ਕਰਨ ਅਤੇ ਛੰਦ ਦੀ ਸਮਾਪਤੀ ਤੇ ਅੰਗ ਸਮਾਪਤ ਕਰਨ ਦਾ ਧਰੁਵਾ ਸੀ, ਫੇਰ ਸਿਰਲੇਖ ਤੋਂ ਸ਼ੁਰੂ ਕਰ ਦਿੱਤਾ। ਹੁਣ ਛੰਦ ਤੋਂ ਵੀ ਅੰਗ ਸ਼ੁਰੂ ਨਹੀਂ ਕੀਤਾ ਹੋਇਆ। ਜੇ ਕੋਈ ਅੰਞਾਣ ਬੰਦਾ ਲਿਖਾਰੀਆਂ ਦੀਆਂ ਭੁੱਲਾਂ ਨੂੰ ਸ੍ਰੀ ਗੁਰੂ ਜੀ ਨਾਲ ਸੰਬੰਧਿਤ ਕਰ ਦੇਵੇ ਤਾਂ ਉਹਨੂੰ 'ਭੁੱਲਾ' ਸਮਝ ਕੇ ਮਾਫ਼ ਕਰ ਦੇਣਾ ਹੀ ਠੀਕ ਹੈ। ਅੰਞਾਣ ਨਾਲ ਬਹਿਸ ਵਿੱਚ ਪਿਆਂ ਹੋਇਆਂ ਅਸਲ ਵਿਚਾਰ ਤੋਂ ਜਾਣਕਾਰ ਵੀ ਟੁੱਟ ਜਾਇਆ ਕਰਦਾ ਹੈ।

**ਇਹ ਠਉਰ ਨ ਛਤ੍ਰੀ ਏਕ ਨਰੰ॥ ਸੁਨਿ ਸਾਚੁ ਮਹਾ ਨ੍ਰਿਪਰਾਜ ਬਰੰ॥**
**ਕਹਿ ਕੈ ਦਿਜ ਯਉ ਉਠਿ ਜਾਤ ਭਏ॥ ਵਹਿ ਆਨਿ ਜਸੂਸ ਬਤਾਇ ਦਏ॥੧੦॥੩੦੦॥**

***ਭਾਵਾਰਥ:–*** ਇਸ ਥਾਂ ਇੱਕ ਵੀ ਖੱਤਰੀ ਬੰਦਾ ਨਹੀਂ। ਹੇ ਰਾਜਿਆਂ ਦੇ ਸ੍ਰੇਸ਼ਟ ਰਾਜੇ ਸੱਚੀ ਸੁਣ। ਇਓਂ ਕਹਿ ਕੇ ਬ੍ਰਾਹਮਣ ਉੱਠ ਕੇ ਚਲੇ ਗਏ। ਤਾਂ ਜਾਸੂਸ ਨੇ ਆ ਕੇ ਉਹ ਦੱਸ ਦਿੱਤੇ (ਕਿ ਅਸੁਮੇਦ ਅਤੇ ਅਸੁਮੇਧਾਨ ਏਨ੍ਹਾਂ ਦੇ ਪਾਸ ਹੀ ਹਨ)॥੧੦॥੩੦੦॥

**ਤਹਾਂ ਸਿੰਘ ਅਜੈ ਮਨਿ ਰੋਸ ਬਢੀ॥ ਕਰਿ ਕੋਪ ਚਮੂ ਚਤੁਰੰਗ ਚਢੀ॥**
**ਤੱਹ ਜਾਇ ਪਰੀ ਜੱਹ ਖਤ੍ਰਿ ਬਰੰ॥ ਬਹੁ ਕੂਦਿ ਪਰੇ ਦਿਜ ਸਾਮ ਘਰੰ॥੧੧॥੩੦੧॥**

***ਭਾਵਾਰਥ:–*** ਓਥੇ ਹੀ ਅਜੈ ਸਿੰਘ ਦੇ ਮਨ ਵਿੱਚ ਗੁੱਸਾ ਵਧ ਗਿਆ। ਕ੍ਰੋਧ ਕਰ ਕੇ (ਚਤੁਰੰਗ) ਚਾਰ ਪ੍ਰਕਾਰ ਦੀ (ਚਮੂ) ਸੈਨਾ ਚੜ੍ਹ ਪਈ। ਜਿੱਥੇ ਬਲੀ ਖੱਤਰੀ ਸਨ-ਓਥੇ ਜਾ ਪਈ। ਜੋ ਬ੍ਰਾਹਮਣਾਂ ਦਾ ਘਰ (ਸਾਮ) ਸ਼ਰਨ ਯੋਗ (ਸਥਾਨ) ਸੀ (ਓਹਦੇ ਵਿੱਚ) ਬਹੁਤ (ਯੋਧੇ) ਕੁੱਦ ਪਏ॥੧੧॥੩੦੧॥

**ਦਿਜ ਮੰਡਲ ਬੈਠਿ ਬਿਚਾਰੁ ਕੀਯੋ॥ ਸਭ ਹੀ ਦਿਜ ਮੰਡਲ ਗੋਦ ਲੀਯੋ॥**
**ਕਹੁ ਕਉਨ ਸੁ ਬੈਠਿ ਬਿਚਾਰੁ ਕਰੈਂ॥ ਨ੍ਰਿਪ ਸਾਥ ਰਹੈਂ ਨਹੀ ਏਊ ਮਰੈਂ॥੧੨॥੩੦੨॥**

***ਭਾਵਾਰਥ:–*** (ਦਿਜ ਮੰਡਲ) ਬ੍ਰਾਹਮਣ ਸਭਾ ਨੇ ਬਹਿ ਕੇ ਵਿਚਾਰ ਕੀਤਾ। ਸਾਰੇ ਹੀ ਬ੍ਰਾਹਮਣ-ਮੰਡਲ (ਬ੍ਰਾਹਮਣ) ਨੂੰ (ਦੋਹਾਂ ਨੂੰ) (ਗੋਦ) ਗੋਦੀ ਵਿੱਚ ਲਿਆ ਹੈ (ਭਾਵ- ਸ਼ਰਨ ਦਿੱਤੀ ਹੈ)। ਸਭ ਨੇ ਬਹਿ ਕੇ ਵਿਚਾਰ ਕੀਤੀ (ਜਿਸ ਕਾਰਨ) ਰਾਜੇ ਦਾ ਸਾਥ ਵੀ ਰਹੇ ਅਤੇ ਏਹ ਵੀ ਨਾ ਮਰਨ (ਬ੍ਰਾਹਮਣ ਅਜੇ ਇਹ ਸੋਚਦੇ ਹੀ ਸਨ)॥੧੨॥੩੦੨॥

**ਇਹ ਭਾਂਤਿ ਕਹੀ ਤਿਹ ਤਾਹਿ ਸਭੈ॥ ਤੁਮ ਤੋਰ ਜਨੇਵਨ ਦੇਹੁ ਅਬੈ॥**
**ਜੋਊ ਮਾਨਿ ਕਹ੍ਯੋ ਸੋਈ ਲੇਤ ਭਏ॥ ਤੇਊ ਬੈਸ ਹੁਇ ਬਾਣਜ ਕਰਤ ਭਏ॥੧੩॥੩੦੩॥**

***ਭਾਵਾਰਥ:–*** (ਕਿ) ਉਨ੍ਹਾਂ ਸਭਨਾਂ ਨੂੰ ਓਸ (ਅਜੈ ਸਿੰਘ) ਨੇ ਇਸ ਤਰ੍ਹਾਂ ਕਹੀ। ਕਿ ਹੁਣ ਤੁਸੀਂ ਜਨੇਊ ਨੂੰ ਤੋੜ ਦਿਓ। ਜਿਹੜੇ ਉਹ ਕਹਿਆ ਮੰਨ ਗਏ (ਭਾਵ- ਜਿਨ੍ਹਾਂ ਜਨੇਊ ਤੋੜ ਦਿੱਤੇ) ਉਹ ਵੈਸ਼ ਹੋ ਕੇ ਵਣਜ ਕਰਨ ਲੱਗ ਪਏ॥੧੩॥੩੦੩॥

**ਜਿਹ ਤੋਰ ਜਨੇਊ ਨ ਕੀਨ ਹਠੰ॥ ਤਿਨ ਸਿਉ ਉਨ ਭੋਜੁ ਕਿਓ ਇਕਠੰ॥**
**ਫਿਰ ਜਾਇ ਜਸੂਸਹਿ ਐਸ ਕਹ੍ਯੋ॥ ਇਨ ਮੈ ਉਨ ਮੈ ਇਕ ਭੇਦ ਰਹ੍ਯੋ॥੧੪॥੩੦੪॥**

***ਭਾਵਾਰਥ:–*** ਜਿਹਨਾਂ ਹਠ ਕੀਤਾ ਅਤੇ ਜਨੇਊ ਨਾ ਤੋੜੇ। ਉਹਨਾਂ ਨਾਲ ਓਸ (ਅਜੈ ਸਿੰਘ) ਨੇ ਇੱਕ ਭੋਜਨ ਕੀਤਾ। ਫੇਰ ਜਾਸੂਸ ਨੇ ਜਾ ਕੇ ਇਓਂ ਆਖਿਆ ਕਿ ਇਨ੍ਹਾਂ ਵਿੱਚ ਅਤੇ ਉਨ੍ਹਾਂ ਵਿੱਚ ਅਜੇ ਵੀ ਇੱਕ ਫ਼ਰਕ ਰਹਿ ਗਿਆ ਹੈ (ਭਾਵ- ਇਕ ਵਰਣ ਨਹੀਂ ਹੋਏ)॥੧੪॥੩੦੪॥

**ਪੁਨਿ ਬੋਲਿ ਉਠ੍ਯੋ ਨ੍ਰਿਪ ਸਰਬ ਦਿਜੰ॥ ਨਹਿ ਛਤ੍ਰ ਤੁ ਦੇਹ ਸੁਤਾਹਿ ਤੁਅੰ॥**
**ਮਰਿਗੇ ਸੁਨ ਬਾਤ ਮਨੋ ਸਬ ਹੀ॥ ਉਠਿ ਕੈ ਗ੍ਰਿਹਿ ਜਾਤ ਭਏ ਤਬ ਹੀ॥੧੫॥੩੦੫॥**

***ਭਾਵਾਰਥ:–*** ਸਾਰਿਆਂ ਬ੍ਰਾਹਮਣਾਂ ਨੂੰ ਫੇਰ ਰਾਜਾ (ਅਜੈ ਸਿੰਘ) ਬੋਲਿਆ। (ਜੇ ਤੁਹਾਡੇ ਘਰ) ਖੱਤਰੀ (ਅਸੁਮੇਦ ਅਤੇ ਅਸੁਮੇਧਾਨ) ਨਹੀਂ ਹਨ, ਤਾਂ ਤੁਸੀਂ ਮੈਨੂੰ ਲੜਕੀਆਂ ਦਿਓ। ਮਾਨੋ ਕਿ ਗੱਲ ਸੁਣ ਕੇ ਸਾਰੇ ਹੀ ਮਰ ਗਏ। ਉਦੋਂ ਹੀ ਉੱਠ ਕੇ ਘਰਾਂ ਨੂੰ ਚਲੇ ਗਏ॥੧੫॥੩੦੫॥

**ਸਭ ਬੈਠਿ ਬਿਚਾਰਨ ਮੰਤ੍ਰ ਲਗੇ॥ ਸਭਿ ਸੋਕ ਕੇ ਸਾਗਰ ਬੀਚ ਡੁਬੇ॥**
**ਵਹਿ ਬਾਧ ਬਹਿਠ ਅਤਿ ਤੇਊ ਹਠੰ॥ ਹਮ ਏ ਦੋਊ ਭ੍ਰਾਤ ਚਲੈ ਇਕਠੰ॥੧੬॥੩੦੬॥**

***ਭਾਵਾਰਥ:–*** ਸਾਰੇ (ਬ੍ਰਾਹਮਣ) ਬਹਿ ਕੇ ਮਸ਼ਵਰਾ ਕਰਨ ਲੱਗੇ। ਸਾਰੇ ਹੀ ਗ਼ਮ ਦੇ ਸਮੁੰਦਰ ਵਿੱਚ ਡੁੱਬੇ ਹੋਏ। ਉਹਨਾਂ (ਅਜੈ ਸਿੰਘ) ਬ੍ਰਾਹਮਣਾਂ ਨੇ ਵੀ ਅਤਿ ਨਾਲੋਂ (ਵੀ ਜਿਆਦਾ) ਹੱਠ ਬੰਨ੍ਹੀ ਬੈਠੇ ਸਨ। (ਤੇ ਕਹਿੰਦੇ ਸਨ) ਕਿ ਅਸੀਂ ਅਤੇ ਏਹ ਦੋਵੇਂ ਭਰਾ ਇਕੱਠੇ ਹੀ ਚੱਲਾਂਗੇ॥੧੬॥੩੦੬॥

**ਹਠ ਕੀਨ ਦਿਜੈ ਤਿਨ ਲੀਨਿ ਸੁਤਾ॥ ਅਤਿ ਰੂਪ ਮਹਾ ਛਬਿ ਪਰਮ ਪ੍ਰਭਾ॥**
**ਤ੍ਰਿਯੋ ਪੇਟ ਸਨੌਢਿ ਤੇ ਪੂਤ ਭਏ॥ ਵਹਿ ਜਾਤਿ ਸਨੌਢਿ ਕਹਾਤ ਭਏ॥੧੭॥੩੦੭॥**

***ਭਾਵਾਰਥ:–*** ਬ੍ਰਾਹਮਣਾਂ ਨੇ ਹਠ ਕੀਤਾ ਅਤੇ ਰਾਜੇ ਨੇ ਲੜਕੀ ਲੈ ਲਈ। ਜੋ ਬੜੀ ਰੂਪ ਵਾਲੀ, ਬਹੁਤ ਸ਼ੋਭਾ ਵਾਲੀ ਅਤੇ ਅਤਿ ਚਮਕ ਵਾਲੀ ਸਨੌਢਿ (ਬ੍ਰਾਹਮਣ) ਇਸਤਰੀ ਦੇ ਪੇਟੋਂ ਜੋ ਪੁੱਤਰ (ਪੈਦਾ) ਹੋਏ। ਉਹ ਵੀ ਸਨੌਢੀ ਜਾਤ ਕਹਾਏ ਹਨ॥੧੭॥੩੦੭॥

**ਸੁਤ ਅਉਰਨ ਕੇ ਉਹ ਠਾਂ ਜੁ ਅਹੇ॥ ਉਹ ਛਤ੍ਰੀਯ ਜਾਤਿ ਅਨੇਕ ਭਏ॥**
**ਨ੍ਰਿਪ ਕੇ ਸੰਗਿ ਜੋ ਮਿਲਿ ਜਾਤੁ ਭਏ॥ ਨਰ ਸੋ ਰਜਪੂਤ ਕਹਾਤ ਭਏ॥੧੮॥੩੦੮॥**

***ਭਾਵਾਰਥ:–*** ਜਿਹੜੇ ਓਸ ਥਾਂ ਹੋਰਨਾਂ (ਲੜਕੀਆਂ ਜਾਂ ਇਸਤਰੀਆਂ) ਦੇ ਪੁੱਤਰ (ਹੋਏ) ਸਨ। ਉਹ ਹੀ ਅਨੇਕਾਂ ਜਾਤੀਆਂ ਦੇ ਖੱਤਰੀ ਹੋਏ ਹਨ। ਜਿਹੜੇ ਰਾਜੇ ਦੇ ਨਾਲ ਹੀ ਮਿਲ ਗਏ। ਉਹ ਬੰਦੇ (ਰਜਪੂਤ) ਦਾਸ ਦੇ ਪੁੱਤਰ (ਅਜੈ ਸਿੰਘ ਦੇ ਵਾਂਗ) ਹੀ ਕਹਾਏ ਹਨ॥੧੮॥੩੦੮॥

**ਤਿਨ ਜੀਤਿ ਬਿਜੈ ਕਹੁ ਰਾਉ ਚਢ੍ਯੋ॥ ਅਤਿ ਤੇਜੁ ਪ੍ਰਚੰਡੁ ਪ੍ਰਤਾਪੁ ਬਢ੍ਯੋ॥**
**ਜੋਊ ਆਨਿ ਮਿਲੇ ਅਰੁ ਸਾਕ ਦਏ॥ ਨਰ ਤੇ ਰਜਪੂਤ ਕਹਾਤ ਭਏ॥੧੯॥੩੦੯॥**

***ਭਾਵਾਰਥ:–*** ਉਹਨਾਂ (ਬ੍ਰਾਹਮਣਾਂ, ਅਸੁਮੇਦ ਅਤੇ ਅਸੁਮੇਧਾਨ) ਨੂੰ ਜਿੱਤ ਕੇ (ਰਾਉ) ਅਜੈ ਸਿੰਘ (ਚਾਰੇ ਦਿਸ਼ਾ ਨੂੰ) ਵਿਜਯ ਕਰਨ ਲਈ ਚੜ੍ਹ ਪਿਆ, (ਅਜੈ ਸਿੰਘ ਦਾ) ਬਹੁਤ ਤੇਜ਼ ਅਤੇ (ਪ੍ਰਚੰਡ) ਤੇਜ਼ਮਈ ਪ੍ਰਭਾਵ ਵਧ ਗਿਆ। ਜਿਹੜੇ (ਲੋਕ) ਆ ਕੇ ਮਿਲ ਗਏ ਅਤੇ (ਸਾਕ) ਰਿਸ਼ਤੇ (ਲੜਕੀਆਂ ਆਦਿ) ਦੇ ਦਿੱਤੇ। ਉਹ ਬੰਦੇ ਰਜਪੂਤ ਕਹਾਏ॥੧੯॥੩੦੯॥

**ਜਿਨ ਸਾਕ ਦਏ ਨਹਿ ਰਾਰਿ ਬਢੀ॥ ਤਿਨ ਕੀ ਇਨ ਲੈ ਜੜ ਮੂਲ ਕਢੀ॥**
**ਦਲ ਤੇ ਬਲ ਤੇ ਧਨ ਟੂਟਿ ਗਏ॥ ਵਹਿ ਲਾਗਤ ਬਾਨਜ ਕਰਮ ਭਏ॥੨੦॥੩੧੦॥**

***ਭਾਵਾਰਥ:–*** ਜਿਹਨਾਂ ਨੇ (ਰਾਰਿ ਬਢੀ) ਸਾਕ ਨਹੀਂ ਦਿੱਤੇ (ਭਾਵ– ਈਨ ਨਾ ਮੰਨੀ) ਉਨ੍ਹਾਂ ਨਾਲ ਝਗੜਾ ਵਧ ਗਿਆ। ਇਹਨੇ ਉਨ੍ਹਾਂ ਦੀ (ਮੂਲ) ਮੁੱਢ ਤੋਂ ਜੜ੍ਹ ਕੱਢ ਦਿੱਤੀ (ਭਾਵ– ਸਰਵਨਾਸ਼ ਕਰ

ਦਿੱਤਾ)। ਜੋ (ਦਲ) ਫ਼ੌਜ ਤੋਂ, ਤਾਕਤ ਤੋਂ ਅਤੇ ਧਨ ਤੋਂ ਟੁੱਟ ਗਏ ਸਨ। ਉਹ ਵਣਜ (ਵਪਾਰ) ਦੇ ਕਰਮਾਂ ਵਿੱਚ ਲੱਗ ਗਏ (ਅਤੇ ਵੈਸ਼ ਕਹਾਏ)॥੨੦॥੩੧੦॥

**ਜੋਊ ਆਨਿ ਮਿਲੇ ਨਹਿ ਜੋਰਿ ਲਰੇ॥ ਵਹਿ ਬਾਧ ਮਹਾਗਨਿ ਹੋਮ ਕਰੇ॥**
**ਅਨਗੰਧ ਜਰੇ ਮਹਾ ਕੁੰਡਾਨਲੰ॥ ਭਯੋ ਛਤ੍ਰੀਯ ਮੇਧੁ ਮਹਾ ਪ੍ਰਬਲੰ॥੨੧॥੩੧੧॥**

***ਭਾਵਾਰਥ:–*** ਜਿਹੜੇ ਜ਼ੋਰ ਨਾਲ ਲੜੇ ਅਤੇ ਆ ਕੇ ਨਹੀਂ ਮਿਲੇ ਸਨ। ਉਹ ਬੰਨ੍ਹ ਕੇ ਪ੍ਰਚੰਡ ਅੱਗ ਵਿੱਚ ਹਵਨ ਕਰ ਦਿੱਤੇ ਗਏ। ਏਨਾ ਵੱਡਾ ਅਗਨ ਕੁੰਡ ਸੀ ਕਿ ਸੜਨ ਦੀ ਬੋ ਤੱਕ ਨਾ ਆਈ। ਇਸ ਤਰ੍ਹਾਂ ਬਹੁਤ ਬਲਵਾਨ ਖੱਤਰੀਆਂ ਦੀ ਕੁਰਬਾਨੀ ਵਾਲਾ ਯੱਗ ਹੋਇਆ॥੨੧॥੩੧੧॥

**ਇਤਿ ਅਜੈ ਸਿੰਘ ਕਾ ਰਾਜ ਸੰਪੂਰਨ ਭਇਆ॥ ਜਗ ਰਾਜ॥੬॥੪॥**

***ਭਾਵਾਰਥ:–*** ਇਸ ਤਰ੍ਹਾਂ ਅਜੈ ਸਿੰਘ ਦਾ ਰਾਜ (ਪ੍ਰਸੰਗ) ਪੂਰਨ ਹੋ ਗਿਆ ਹੈ। (ਇਸ) ਰਾਜਸੂਅ ਯੱਗ ਹੈ॥੬ ॥੪॥[1]

**ਤੋਮਰ ਛੰਦ॥ ਤ੍ਵ ਪ੍ਰਸਾਦਿ॥**
**ਬਿਆਸੀ ਬਰਖ ਪਰਮਾਨ॥ ਦਿਨ ਦੋਇ ਮਾਸ ਅਸ੍ਰਾਨ॥**
**ਬਹੁ ਰਾਜੁ ਭਾਗੁ ਕਮਾਇ॥ ਪੁਨਿ ਨ੍ਰਿਪ ਕੋ ਨ੍ਰਿਪਰਾਇ॥੧॥੩੧੨॥**

***ਭਾਵਾਰਥ:–*** ੮੨ ਵਰ੍ਹੇ ੮ ਮਹੀਨੇ ਅਤੇ ੨ ਦਿਨ ਤੱਕ (ਅਜੈ ਸਿੰਘ ਨੇ) ਬਹੁ ਰਾਜ ਭਾਗ ਕੀਤਾ। ਫੇਰ ਰਾਜਿਆਂ ਦਾ ਰਾਜਾ (ਅਜੈ ਸਿੰਘ) ਕਾਲ ਵੱਸ ਹੋ ਗਿਆ॥੧॥੩੧੨॥

**ਸੁਨ ਰਾਜ ਰਾਜ ਮਹਾਨ॥ ਦਸ ਚਾਰਿ ਚਾਰਿ ਨਿਧਾਨ॥**
**ਦਸ ਦੋਇ ਦ੍ਵਾਦਸ ਮੰਤ॥ ਧਰਨੀ ਧਰਾਨ ਮਹੰਤ॥੨॥੩੧੩॥**

***ਭਾਵਾਰਥ:–*** ਸ਼ੂਨਜ (ਪਰਮੇਸ਼ਰ) ਰੂਪ ਰਾਜਜ ਹੀ ਮਹਾਨ ਰਾਜਜ ਹੈ (ਦਸ ਚਾਰਿ) ਚੌਦਾਂ ਵਿੱਦਿਆਵਾਂ ਵੀ (ਚਾਰਿ) ਚਲਣ ਵਾਲੇ ਭੰਡਾਰ ਹਨ, (ਦਸ+ਦੋਇ+ਦ੍ਵਾਦਸਿ) ਚੌਵੀ ਮੰਤ੍ਰ (ਭਾਵ– ਬੇਅੰਤ ਮੰਤ੍ਰ) ਅਤੇ ਮਹੰਤ (ਧਰਨੀ ਧਰਾਨ) ਰਾਜਿਆਂ ਦਾ ਵੀ (ਮਹੰਤ, ਮਹ+ਅੰਤ) ਮਹਾਂ ਅੰਤ (ਕਾਲ) ਹੀ ਹੁੰਦਾ ਹੈ॥੨॥੩੧੩॥

**ਪੁਨਿ ਭਜੋ ਉਦੋਤ ਨ੍ਰਿਪਾਲ॥ ਰਸ ਰੀਤਿ ਰੂਪ ਰਸਾਲ॥**
**ਅਤਿ ਭਾਨੁ ਜੋਤਿ[2] ਪ੍ਰਚੰਡ॥ ਅਨਖੰਡ ਤੇਜ ਪ੍ਰਚੰਡ॥੩॥੩੧੪॥**

---

[1] ਏਸ ਦਾ ਭਾਵ ਚੌਥਾ ਯੱਗ ਅਤੇ ਛੇਵਾਂ ਪ੍ਰਸੰਗ ਹੈ।

[2] ਪਾਠ– ਤੇਜ

***ਭਾਵਾਰਥ:–*** ਫੇਰ (ਉਹ ਯੁਵਰਾਜ) ਰਾਜਾ ਬਣ ਕੇ ਰੌਸ਼ਨ ਹੋਇਆ। ਜੋ (ਰਸ ਰੀਤਿ) ਨੀਤ ਪ੍ਰੇਮ ਰੀਤ (ਜਾਣਕਾਰ) ਅਤੇ ਰਸ ਵਾਲਾ (ਰਸਾਲ) (ਆਕਰਸ਼ਕ) ਸੀ। (ਭਾਨੁ) ਸੂਰਜ ਦੀ ਅਤਿ ਪ੍ਰਚੰਡ ਜਿਓਤੀ ਸੀ। (ਮਾਨੋ ਕਿ) ਅਟੁੱਟ ਤੇਜ਼ ਵਾਲਾ ਅਤੇ (ਪ੍ਰਚੰਡ) ਪ੍ਰਤਾਪੀ ਸੀ॥੩॥੩੧੪॥

**ਤਿਨਿ ਬੋਲਿ ਬਿਪ੍ਰ ਮਹਾਨ॥ ਪਸੁ ਮੇਧ ਜਗਜ ਰਚਾਨ॥**
**ਦਿਜ ਪ੍ਰਾਗ ਜੋਤਿ ਬੁਲਾਇ॥ ਅਪਿ ਕਾਮ ਰੂਪ ਕਹਾਇ॥੪॥੩੧੫॥**

***ਭਾਵਾਰਥ:–*** (ਜੋ ਰਾਜਾ) ਆਪ ਕਾਮ ਰੂਪ (ਨਾਮ ਵਾਲਾ ਅਥਵਾ ਸੁੰਦਰ ਰੂਪ) ਕਹਾਉਂਦਾ ਸੀ। ਉਸ ਮਹਾਨ ਬ੍ਰਾਹਮਣ ਬੁਲਾ ਕੇ, ਪਸ਼ੂਆਂ ਦੀ (ਮੇਧ) ਕੁਰਬਾਨੀ ਵਾਲਾ ਹਵਨ ਵਾਲਾ ਯੱਗ ਰਚਿਆ। (ਪ੍ਰਾਗ ਜੋਤਿ) ਜੋਤਿਸ਼ ਦਾ ਬਹੁਤ ਵਿਦਵਾਨ ਬ੍ਰਾਹਮਣ ਬੁਲਾ ਕੇ॥੪॥੩੧੫॥

**ਦਿਜ ਕਾਮ ਰੂਪ ਅਨੇਕ॥ ਨ੍ਰਿਪ ਬੋਲਿ ਲੀਨ ਬਿਸੇਖ॥**
**ਸਭ ਜੀਯ ਜਗਜ ਅਪਾਰ॥ ਮਖ ਹੋਮ ਕੀਨ ਅਬਿਚਾਰ॥੫॥੩੧੬॥**

***ਭਾਵਾਰਥ:–*** ਰਾਜੇ ਕਾਮ ਰੂਪ ਨੇ ਅਣਗਿਣਤ ਖ਼ਾਸ ਬ੍ਰਾਹਮਣ, ਅਨੇਕ ਬ੍ਰਾਹਮਣ, ਬੁਲਾ ਲਏ। ਸਾਰੇ ਬੇਗਿਣਤ ਜੀਵ (ਜਗਜਮਖ) ਮਹਾਨ ਯੱਗ ਵਿੱਚ (ਅਬਿਚਾਰ) ਬਿਨਾਂ ਸੋਚੇ ਸਮਝੇ ਹਵਨ ਕਰ ਦਿੱਤੇ॥੫॥੩੧੬॥

**ਪਸੁ ਏਕ ਪੈ ਦਸ ਬਾਰ॥ ਪੜਿ ਬੇਦ ਮੰਤ੍ਰ ਅਬਿਚਾਰ॥**
**ਅਬਿ ਮਧਜ ਹੋਮ ਕਰਾਇ॥ ਧਨੁ ਭੂਪ ਤੇ ਬਹੁ ਪਾਇ॥੬॥੩੧੭॥**

***ਭਾਵਾਰਥ:–*** ਇੱਕ ਇੱਕ ਪਸ਼ੂ ਉੱਪਰ ਦਸ ਦਸ ਵਾਰ ਵੇਦ ਮੰਤਰ ਪੜ੍ਹਿਆ ਅਤੇ (ਅਬਿਚਾਰ) ਅਥਰਵ ਵੇਦ ਅਨੁਸਾਰ ਪਸ਼ੂ ਬਲੀਦਾਨ ਦਾ ਤੁਰੰਤ ਪੜ੍ਹਕੇ ਰੀਤੀ ਪੂਰੀ ਕੀਤੀ। (ਅਬਿ) ਬੱਕਰਿਆਂ ਦਾ (ਅਗਨੀ) ਵਿੱਚ ਹਵਨ ਕਰਾਇਆ। (ਅਤੇ) ਰਾਜੇ ਤੋਂ ਬਹੁਤਾ ਧਨ ਪ੍ਰਾਪਤ ਕੀਤਾ॥੬॥੩੧੭॥

**ਪਸੁਮੇਧ ਜਗਜ ਕਰਾਇ॥ ਬਹੁ ਭਾਂਤਿ ਰਾਜੁ ਸੁਹਾਇ॥**
**ਬਰਖ ਅਸੀਹ ਅਸ੍ਟ ਪ੍ਰਮਾਨ॥ ਦੁਇ ਮਾਸ ਰਾਜੁ ਕਮਾਨ॥੭॥੩੧੮॥**

***ਭਾਵਾਰਥ:–*** (ਰਾਜਾ ਕਾਮ ਰੂਪ) ਬਹੁਤ ਤਰ੍ਹਾਂ ਨਾਲ ਪਸ਼ੂਮੇਧ ਯੱਗ ਕਰਵਾ ਕੇ ਰਾਜ ’ਤੇ (ਸੁਹਾਇ) ਸੁਭਾਇਮਾਨ ਰਿਹਾ। ਅਠਾਸੀ ਵਰ੍ਹੇ ਅਤੇ ਦੋ ਮਹੀਨੇ ਰਾਜ ਕਮਾਇਆ॥੭॥੩੧੮॥

**ਪੁਨ ਕਠਿਨ ਕਾਲ ਕਰਵਾਲ॥ ਜਗ ਜਾਰਿਆ ਜਿਹ ਜ੍ਵਾਲ॥**
**ਵਹਿ ਖੰਡੀਆ ਅਨਖੰਡ॥ ਅਨਖੰਡ ਰਾਜ ਪ੍ਰਚੰਡ॥੮॥੩੧੯॥**
**ਅਥ ਪੰਚਮੋ ਰਾਜ ਸਮਾਪਤ ਮਸਤੁ ਸੁਭ ਮਸਤੁ॥**

***ਭਾਵਾਰਥ:–*** ਜਿਸ ਕਠੋਰ ਅਤੇ ਭਿਆਨਕ ਕਾਲ ਨੇ ਆਪਣੀ ਅਗਨੀ ਨਾਲ ਫੇਰ ਸਾਰੇ ਸੰਸਾਰ ਨੂੰ ਸਾੜ ਦਿੱਤਾ ਹੈ। ਉਸ (ਰਾਜੇ ਕਾਮ ਰੂਪ) ਅਨਖੰਡਾਂ ਨੂੰ (ਖੰਡੀਆ) ਖੰਡਨ ਵਾਲੀ ਹੈ। (ਅਨਖੰਡ)

ਨਾਸ ਰਹਿਤ (ਪਰਮੇਸ਼ਰ) ਨੇ ਉਸ ਅਟੁੱਟ ਪ੍ਰਤਾਪ ਵਾਲੇ (ਕਾਮ ਰੂਪ) ਰਾਜੇ ਨੂੰ ਟੋਟੇ ਟੋਟੇ (ਮਾਰ ਦਿੱਤਾ)॥੮॥੩੧੯॥ਹੁਣ ਪੰਜਵਾਂ ਰਾਜ (ਪ੍ਰਸੰਗ) ਸਮਾਪਤ ਹੁੰਦਾ ਹੈ, ਸ਼ੁਭ ਹੈ।

**ਤੋਮਰ ਛੰਦ॥ ਤ੍ਵ ਪ੍ਰਸਾਦਿ॥**
**ਪੁਨ ਭਏ ਮੁਨੀ ਛਿਤਿ ਰਾਇ॥ ਇਹ ਲੋਕ ਕੇ ਹਰਿ ਰਾਇ॥**
**ਅਰਿ ਜੀਤਿ ਜੀਤਿ ਅਖੰਡ॥ ਮਹਿ ਕੀਨ ਰਾਜੁ ਪ੍ਰਚੰਡ॥੧॥੩੨੦॥**

***ਭਾਵਾਰਥ:–*** ਫੇਰ ਏਸ (ਲੋਕ) ਸੰਸਾਰ ਦੇ ਹਰਿ ਰਾਇ (ਨਾਮ ਕਰ ਕੇ) (ਮੁਨੀ ਜੀ (ਛਿਤਿ ਰਾਇ) ਰਾਜੇ ਹੋਏ। (ਉਨ੍ਹਾਂ ਨੇ) (ਅਖੰਡ) ਅਟੁੱਟ (ਅਜਿੱਤ) ਵੈਰੀ ਜਿੱਤ ਜਿੱਤ ਜੇ। ਧਰਤੀ ਦਾ (ਪ੍ਰਚੰਡ) ਤੇਜ਼ਮਈ ਰਾਜ ਕੀਤਾ॥੧॥੩੨੦॥

**ਅਰਿ ਘਾਇ ਘਾਇ ਅਨੇਕ॥ ਰਿਪੁ ਛਾਡਿਯੋ ਨਹੀ ਏਕ॥**
**ਅਨਖੰਡ ਰਾਜੁ ਕਮਾਇ॥ ਛਿਤਿ ਛੀਨ ਛਤ੍ਰ ਫਿਰਾਇ॥੨॥੩੨੧॥**

***ਭਾਵਾਰਥ:–*** ਅਨੇਕ ਵੈਰੀ ਮਾਰ ਮਾਰ ਕੇ (ਸੁੱਟ ਦਿੱਤੇ)। ਇੱਕ ਵੀ ਦੁਸ਼ਮਣ ਨਾ ਛੱਡਿਆ। (ਅਨਖੰਡ) ਇਕ ਰਸ ਰਾਜ ਕਮਾਇਆ। (ਦੂਸਰਿਆਂ ਰਾਜਿਆਂ ਤੋਂ) ਧਰਤੀ ਖੋਹ ਕੇ (ਆਪਣੇ ਸਿਰ ’ਤੇ) ਛਤ੍ਰ ਝੁਲਾਇਆ॥੨॥੩੨੧॥

**ਅਨਖੰਡ ਰੂਪ ਅਪਾਰ॥ ਅਨਮੰਡ ਰਾਜੁ ਜੁਝਾਰ॥**
**ਅਬਿਕਾਰ ਰੂਪ ਪ੍ਰਚੰਡ॥ ਅਨਖੰਡ ਰਾਜ ਅਮੰਡ॥੩॥੩੨੨॥**

***ਭਾਵਾਰਥ:–*** (ਮੁਨੀ ਹਰਿ ਰਾਇ) ਦਾ ਬੇਅੰਤ ਇੱਕ ਰਸ ਰਹਿਣ ਵਾਲਾ ਰੂਪ ਸੀ। (ਅਨਮੰਡ) ਫ਼ੌਜ ਦਾ ਸ਼ਿੰਗਾਰ, ਸੂਰਵੀਰ (ਰਾਜ) ਪ੍ਰਕਾਸ਼ਦਾ ਸੀ। ਵਿਕਾਰ ਰਹਿਤ ਤੇਜ਼ ਰੂਪ ਵਾਲਾ ਸੀ। (ਅਨਖੰਡ) ਇਕ ਰਸ (ਅਮੰਡ) ਅਤੇ ਸ਼ੋਭਾਵਾਨ ਰਾਜ ਸੀ॥੩॥੩੨੨॥

**ਬਹੁ ਜੀਤਿ ਜੀਤਿ ਨ੍ਰਿਪਾਲ॥ ਬਹੁ ਛਾਡਿ ਕੈ ਸਰ ਜਾਲ॥**
**ਅਰਿ ਮਾਰਿ ਮਾਰਿ ਅਨੰਤ॥ ਛਿਤਿ ਕੀਨ ਰਾਜ ਦੁਰੰਤ॥੪॥੩੨੩॥**

***ਭਾਵਾਰਥ:–*** ਬਹੁਤ (ਨ੍ਰਿਪਾਲ) ਰਾਜੇ ਜਿੱਤ ਜਿੱਤ ਕੇ। (ਬਹੁਤ ਜਾਲ) ਬਹੁਤ ਤੋਂ ਬਹੁਤ ਤੀਰ ਛੱਡ ਕੇ। ਬੇਅੰਤ ਵੈਰੀ ਮਾਰ ਮਾਰ ਕੇ। (ਦੁਰੰਤ) ਦੂਰ ਦੂਰ ਤੱਕ ਧਰਤੀ ਦਾ ਰਾਜ ਕੀਤਾ॥੪॥੩੨੩॥

**ਬਹੁ ਰਾਜ ਭਾਗ ਕਮਾਇ॥ ਇਮ ਬੋਲਿਓ ਨ੍ਰਿਪਰਾਇ॥**
**ਇਕ ਕੀਜੀਐ ਮਖ ਸਾਲ॥ ਦਿਜ ਬੋਲਿ ਲੇਹੁ ਉਤਾਲ॥੫॥੩੨੪॥**

***ਭਾਵਾਰਥ:–*** ਬਹੁਤਾ ਸਾਰਾ ਰਾਜ ਭਾਗ ਕਮਾ ਕੇ ਰਾਜਾ (ਹਰਿ) ਰਾਇ (ਮੁਨੀ) ਇਓਂ ਬੋਲਿਆ। ਕਿ (ਇੱਕ ਯਗਸ਼ਾਲਾ ਬਣਾਓ ਅਤੇ ਛੇਤੀ ਨਾਲ ਬ੍ਰਾਹਮਣਾਂ ਨੂੰ ਬੁਲਾ ਲਓ॥੫॥੩੨੪॥

**ਦਿਜ ਬੋਲਿ ਲੀਨ ਅਨੇਕ॥ ਗ੍ਰਿਹ ਛਾਡਿਓ ਨਹੀ ਏਕ॥**

**ਮਿਲਿ ਮੰਤ੍ਰ ਕੀਨ ਬਿਚਾਰ॥ ਮਤਿ ਮਿਤ੍ਰ ਮੰਤ੍ਰ ਉਚਾਰ॥੬॥੩੨੫॥**

***ਭਾਵਾਰਥ:–*** ਬੇਅੰਤ ਬ੍ਰਾਹਮਣ ਬੁਲਾ ਲਏ। (ਏਕ) ਇੱਕ ਵੀ ਘਰ ਵਿੱਚ ਨਾ ਛੱਡਿਆ। ਵਿਦਵਾਨਾਂ ਨੇ ਮਿਲ ਕੇ (ਬਿਚਾਰ) ਵਿਚਾਰ ਕੀਤੀ। (ਮਤਿ ਮਿਤ੍ਰ) ਬੁੱਧੀਵਾਨਾਂ ਮਿੱਤਰਾਂ ਨੇ (ਮੰਤ੍ਰ) ਆਖਿਆ ਛੇਤੀ ਸਲਾਹ ਦਿੱਤੀ (ਭਾਵ– ਰਾਜਨ ਤੇਰੀ ਯੱਗ ਕਰਨ ਵਾਲੀ ਸਲਾਹ ਠੀਕ ਹੈ)॥੬॥੩੨੫॥

**ਤਬ ਬੋਲਿਓ ਨ੍ਰਿਪਰਾਇ॥ ਕਰਿ ਜਗਯ ਕੋ ਚਿਤ ਚਾਇ॥**
**ਕਿਵ ਕੀਜੀਐ ਮਖ ਸਾਲ॥ ਕਹੁ ਮੰਤ੍ਰ ਮਿਤ੍ਰ ਉਤਾਲ॥੭॥੩੨੬॥**

***ਭਾਵਾਰਥ:–*** ਤਾਂ ਚਿੱਤ ਵਿੱਚ ਯੱਗ ਦਾ ਚਾਅ ਕਰ ਕੇ ਰਾਜਾ (ਮੁਨਿ ਹਰਿ) ਰਾਇ ਬੋਲਿਆ। ਯੱਗਸ਼ਾਲਾ ਕਿਸ ਤਰ੍ਹਾਂ ਦੀ ਬਣਾਈ ਜਾਵੇ ਹੇ ਮਿੱਤਰੋ! ਛੇਤੀ ਸਲਾਹ ਦੱਸੋ॥੭॥੩੨੬॥

**ਤਬ ਮੰਤ੍ਰ ਮਿਤ੍ਰਨ ਕੀਨ॥ ਨ੍ਰਿਪ ਸੰਗ ਯਉਂ ਕਹਿ ਦੀਨ॥**
**ਸੁਨਿ ਰਾਜ ਰਾਜ ਉਦਾਰ॥ ਦਸ ਚਾਰਿ ਚਾਰਿ ਅਪਾਰ॥੮॥੩੨੭॥**

***ਭਾਵਾਰਥ:–*** ਤਾਂ ਦੋਸਤਾਂ ਅਤੇ ਮੰਤਰੀਆਂ ਨੇ ਸਲਾਹ ਕਰਕੇ ਇਉਂ ਕਿਹਾ। ਕਿ ਹੇ ਰਾਜਿਆਂ ਦੇ (ਉਦਾਰ) ਦਾਤਾਰ ਰਾਜੇ!। (ਦਸ ਚਾਰਿ) ਚੌਦਾਂ ਵਿਦਿਆ ਦੇ ਵੱਡੇ (ਚਾਰਿ) ਵਿਚਾਰਵਾਨ ਸੁਣ॥੮॥੩੨੭॥

**ਸਤਜੁਗ ਮੈ ਸੁਨਿ ਰਾਇ॥ ਮਖ ਕੀਨ ਚੰਡਿ ਬਨਾਇ॥**
**ਅਰਿ ਮਾਰ ਕੈ ਮਹਿਖੇਸ॥ ਬਹੁ ਤੋਖ ਕੀਨ ਪਸ੍ਵੇਸ॥੯॥੩੨੮॥**

***ਭਾਵਾਰਥ:–*** ਹੇ ਰਾਜਨ! ਸਤਿਜੁਗ (ਮੈਂ) ਰੂਪ[1] ਯੱਗ ਚੰਡਕਾ ਨੇ (ਬਨਾਇ) ਖ਼ੂਬ ਕੀਤਾ ਸੀ। ਮਹਿਖਾਸੁਰ ਵੈਰੀ ਮਾਰ ਕੇ (ਪਸ੍ਵੇਸ) ਸ਼ਿਵ ਨੂੰ ਬਹੁਤ (ਤੋਖ) ਖੁਸ਼ ਕੀਤਾ ਸੀ॥੯॥੩੨੮॥

**ਮਹਿਖੇਸ ਕਉ ਰਣ ਘਾਇ॥ ਸਿਰਿ ਇੰਦ੍ਰ ਛਤ੍ਰ ਫਿਰਾਇ॥**
**ਕਰਿ ਤੋਖ ਜੋਗਨਿ ਸਰਬ॥ ਕਰਿ ਦੂਰ ਦਾਨਵ ਗਰਬ॥੧੦॥੩੨੯॥**

***ਭਾਵਾਰਥ:–*** ਰਾਜੇ ਮਹਿਖੇ ਨੂੰ ਜੰਗ ਵਿੱਚ ਮਾਰ ਕੇ, ਇੰਦਰ ਦੇ ਸਿਰ 'ਤੇ ਛਤ੍ਰ ਝੁਲਵਾ ਕੇ। ਸਾਰੀਆਂ ਯੋਗਣੀਆਂ ਨੂੰ (ਤੋਖ) ਖੁਸ਼ (ਤ੍ਰਿਪਤ) ਕੀਤਾ ਅਤੇ (ਦਾਨਵ) ਦੈਂਤਾਂ ਦਾ ਹੰਕਾਰ ਦੂਰ ਕੀਤਾ ਸੀ॥੧੦॥੩੨੯॥

**ਮਹਿਖੇਸ ਕਉ ਰਣਿ ਜੀਤਿ॥ ਦਿਜ ਦੇਵ ਕੀਨ ਅਭੀਤਿ॥**
**ਤ੍ਰਿਦਸੇਸ ਲੀਨ ਬੁਲਾਇ॥ ਛਿਤਿ ਛੀਨ ਛਤ੍ਰ ਫਿਰਾਇ॥੧੧॥੩੩੦॥**

---

[1] 'ਸਤਿਜੁਗ ਵਿੱਚ' ਅਰਥ ਗ਼ਲਤ ਹੈ ਕਿਉਂਕਿ ਚੰਡਿਕਾ ਦਾ ਪ੍ਰਸੰਗ ਤ੍ਰੇਤੈ ਯੁੱਗ ਦਾ ਹੈ, ਯਥਾ– 'ਅਧਸੀਲੀ ਤ੍ਰੇਤਾ ਆਇਆ' (ਚੰਡੀ ਦੀ ਵਾਰ)।

***ਭਾਵਾਰਥ:–*** ਰਾਜੇ ਮਹਿਖੇ ਨੂੰ ਜੰਗ ਵਿੱਚ ਜਿੱਤ ਕੇ, ਬ੍ਰਾਹਮਣ ਅਤੇ ਦੇਵਤੇ (ਅਭੀਤਿ) ਨਿਡਰ ਕੀਤੇ। (ਤ੍ਰਿਦਸੇਸ) ਇੰਦਰ ਨੂੰ ਬੁਲਾ ਲਿਆ। (ਮਹਿਖਾਸੁਰ ਤੋਂ) ਜ਼ਮੀਨ ਖੋਹ ਕੇ (ਇੰਦਰ ਦੇ ਸਿਰ 'ਤੇ) ਛਤ੍ਰ ਝੁਲਵਾਇਆ ਸੀ॥੧੧॥੩੩੦॥

**ਮੁਖਚਾਰ ਲੀਨ ਬੁਲਾਇ॥ ਚਿਤ ਚਉਪ ਸਿਉ ਜਗ ਮਾਇ॥**
**ਕਰਿ ਜਗਜ ਕੋ ਆਰੰਭ॥ ਅਨਖੰਡ ਤੇਜ ਪ੍ਰਚੰਡ॥੧੨॥੩੩੧॥**

***ਭਾਵਾਰਥ:–*** ਜਗਤ ਮਾਤਾ (ਚੰਡਿਕਾ) ਨੇ ਚਿਤ ਵਿੱਚ (ਚਉਪ) ਖੁਸ਼ ਹੋ ਕੇ (ਮੁਖਚਾਰ) ਬ੍ਰਹਮਾ ਨੂੰ ਬੁਲਾ ਲਿਆ। (ਅਨਖੰਡ) ਇਕ ਰਸ (ਪ੍ਰਚੰਡ) ਤੀਖਣ ਤੇਜ਼ ਵਾਲੀ (ਚੰਡਿਕਾ) ਨੇ ਯੱਗ ਨੂੰ ਆਰੰਭ ਕਰ ਦਿੱਤਾ॥੧੨॥੩੩੧॥

**ਤਬ ਬੋਲਿਓ ਮੁਖਚਾਰ॥ ਸੁਨਿ ਚੰਡਿ ਚੰਡਿ ਜੁਹਾਰ॥**
**ਜਿਮ ਹੋਇ ਆਇਸ ਮੋਹਿ॥ ਤਿਮ ਭਾਖਊ ਮਤ ਤੋਹਿ॥੧੩॥੩੩੨॥**

***ਭਾਵਾਰਥ:–*** ਤਾਂ (ਮੁਖਚਾਰ) ਬ੍ਰਹਮਾ ਬੋਲਿਆ। ਹੇ ਤੇਜ਼ਵਾਨ ਚੰਡਿਕਾ! (ਚੰਡਿ ਜੁਹਾਰ) ਮਨ ਬਾਣੀ ਕਰ ਕੇ ਨਮਸਕਾਰ ਕਰਦਾ ਹਾਂ, ਸੁਣ। ਜਿਵੇਂ ਮੈਨੂੰ (ਆਇਸ) ਹੁਕਮ ਹੋਵੇ। ਆਪਣੀ ਮਨ ਅਨੁਸਾਰ ਤੁਹਾਨੂੰ ਆਖਾਂ॥੧੩॥੩੩੨॥

**ਜਗ ਜੀਅ ਜੰਤ ਅਪਾਰ॥ ਨਿਜ ਲੀਨ ਦੇਵ ਹਕਾਰ॥**
**ਅਰਿ ਕਾਟਿ ਕੈ ਪਲ ਖੰਡ॥ ਪੜਿ ਬੇਦ ਮੰਤ੍ਰ ਉਦੰਡ॥੧੪॥੩੩੩॥**

***ਭਾਵਾਰਥ:–*** ਸੰਸਾਰ ਦੇ ਬਹੁਤ ਹੀ ਜੀਅ ਜੰਤਾਂ ਨੂੰ (ਦੇਵ) ਬ੍ਰਹਮੇ ਨੇ (ਅਥਵਾ ਦੇਵੀ ਨੇ) ਆਪ ਹੀ ਬੁਲਾ ਲਿਆ। ਅਤੇ (ਪਲ) ਮਾਸ ਦੇ ਟੁਕੜੇ ਕੱਟ ਕੇ, (ਉਦੰਡ) ਮੁਖ ਵੇਦ ਮੰਤ੍ਰਾਂ ਨੂੰ ਪੜ੍ਹ ਕੇ॥੧੪॥੩੩੩॥

**ਰੂਆਲ ਛੰਦ॥ ਤ੍ਵ ਪ੍ਰਸਾਦਿ॥**
**ਬੋਲਿ ਬਿੱਪਨ ਮੰਤ੍ਰ ਮਿਤ੍ਰਨ ਜਗਜ ਕੀਨ ਅਪਾਰ॥**
**ਇੰਦ੍ਰ ਅਉਰ ਉਪਿੰਦ੍ਰ ਲੈ ਕੈ ਬੋਲਿ ਕੈ ਮੁਖਚਾਰ॥**
**ਕਉਨ ਭਾਂਤਿਨਿ ਕੀਜੀਐ ਅਬ ਜਗਜ ਕੋ ਆਰੰਭ॥**
**ਆਜ ਮੋਹਿ ਉਚਾਰੀਐ ਸੁਨਿ ਮਿਤ੍ਰ ਮੰਤ੍ਰ ਅਸੰਭ॥੧॥੩੩੪॥**

***ਭਾਵਾਰਥ:–*** (ਚੰਡਿਕਾ ਨੇ) ਬ੍ਰਾਹਮਣਾਂ, ਮੰਤਰੀਆਂ ਤੇ ਮਿੱਤਰਾਂ ਨੂੰ ਬੁਲਾ ਕੇ ਮਹਾਂ ਯੱਗ ਕੀਤਾ ਸੀ। ਇੰਦਰ (ਉਪਿੰਦ੍ਰ) ਵਾਮੁਨ ਅਵਤਾਰ ਅਤੇ (ਮੁਖਚਾਰ) ਬ੍ਰਹਮਾ ਤੋਂ ਲੈ ਕੇ (ਸਭ) (ਵੱਡੇ ਛੋਟੇ ਦੇਵਤਿਆਂ ਨੂੰ) ਬੁਲਾ ਕੇ (ਯੱਗ ਕੀਤਾ ਸੀ)। (ਇਹ ਪ੍ਰਸੰਗ ਬ੍ਰਾਹਮਣਾਂ ਨੇ ਸੁਣਾਇਆ ਤਾਂ ਹੁਣ ਫੇਰ ਮੁਨੀ ਹਰਿ ਰਾਇ ਪੁੱਛਦਾ ਹੈ ਕਿ) ਹੁਣ ਯੱਗ ਦੀ ਸ਼ੁਰੂਆਤ ਕਿਸ ਤਰ੍ਹਾਂ ਕਰੀਏ? ਹੇ ਮਿੱਤਰੋ! ਨਾ ਹੋ ਸਕਣ ਵਾਲੇ ਕਾਰਜ ਦੀ ਸਲਾਹ ਦੱਸੋ॥੧॥੩੩੪॥

**ਮਾਸ ਕੇ ਪਲ ਕਾਟਿ ਕੈ ਪੜਿ ਬੇਦ ਮੰਤ੍ਰ ਅਪਾਰ॥**
**ਅਗਨਿ ਭੀਤਰਿ ਹੋਮੀਐ ਸੁਨਿ ਰਾਜ ਰਾਜ ਅਬਿਚਾਰ॥**
**ਛੇਦਿ ਚਿੱਛੁਰ ਬਿੜਾਰਾਸੁਰ ਧੂਲਿਕਰਣ ਖਪਾਇ॥**
**ਮਾਰ ਦਾਨਵ ਕਉ ਕਰਿਓ ਮਖ ਦੈਤਜ ਮੇਧ ਬਨਾਇ॥੨॥੩੩੫॥**

***ਭਾਵਾਰਥ:–*** (ਬ੍ਰਾਹਮਣ ਫੇਰ ਦੱਸਦੇ ਹਨ ਕਿ) ਮਾਸ ਦੀ (ਪਲ) ਟੁਕੜੇ ਕੱਟ ਕੇ ਅਤੇ ਬਹੁਤੇ ਵੇਦ ਮੰਤਰਾਂ ਨੂੰ ਪੜ੍ਹ ਕੇ (ਅਬਿਚਾਰ) ਤੁਰੰਤ ਹੀ ਅੱਗ ਵਿੱਚ ਹਵਨ ਕਰ ਦਿਓ ਹੇ ਰਾਜਿਆਂ ਦੇ ਰਾਜੇ! ਸੁਣ। (ਚੰਡਿਕਾ ਨੇ) ਚਿਛੁੱਰ, ਬਿੜਾਲ ਅਤੇ ਧੂਲਿਕਰਣ (ਨਾਮੇ) ਅਸੁਰਾਂ ਨੂੰ (ਛੇਦਿ) ਪਾੜ ਕੇ ਖਪਾ ਦਿੱਤਾ ਸੀ। (ਇਤਿਆਦਿਕ) ਦੈਂਤਾਂ ਨੂੰ ਮਾਰ ਕੇ (ਬਨਾਇ) ਚੰਗੀ ਤਰ੍ਹਾਂ ਦੈਂਤ ਮੇਧ ਯੱਗ ਨੂੰ (ਪੂਰਾ) ਕੀਤਾ ਸੀ॥੨॥੩੩੫॥

**ਤੈਸ ਹੀ ਮਖ ਕੀਜੀਐ ਸੁਨਿ ਰਾਜ ਰਾਜ ਪ੍ਰਚੰਡ॥**
**ਜੀਤਿ ਦਾਨਵ ਦੇਸ ਕੇ ਬਲਵਾਨ ਪੁਰਖ ਅਖੰਡ॥**
**[1]ਤੈਸ ਹੀ ਮਖ ਮਾਰ ਕੈ ਸਿਰਿ ਇੰਦ੍ਰ ਛਤ੍ਰ ਫਿਰਾਇ॥**
**ਜੈਸ ਸੁਰ ਸੁਖੁ ਪਾਇਓ ਤਿਵ ਸੰਤ ਹੋਹ ਸਹਾਇ[1]॥੩॥੩੩੬॥**

***ਭਾਵਾਰਥ:–*** ਹੇ ਰਾਜਿਆਂ ਵਿੱਚ (ਪ੍ਰਚੰਡ) ਤੇਜਮਈ ਰਾਜੇ! ਸੁਣ, ਉਸੇ ਤਰ੍ਹਾਂ ਹੀ ਯੱਗ ਕਰੋ (ਅਖੰਡ) ਏਸ ਦੇਸ਼ ਦੇ ਅਤੁੱਟ ਬਲੀ ਪੁਰਸ਼ਾਂ ਅਤੇ ਅਟੁੱਟ ਦੈਂਤਾਂ ਨੂੰ ਜਿੱਤ ਕੇ (ਯੱਗ ਕਰੋ)। ਜਿਸ ਤਰ੍ਹਾਂ ਇੰਦਰ ਦੇ ਸਿਰ ’ਤੇ ਛਤਰ ਝੁਲਾਇਆ ਅਤੇ ਦੇਵਤਿਆਂ ਨੇ ਸੁੱਖ ਪਾਇਆ ਸੀ ਓਸੇ ਤਰ੍ਹਾਂ ਹੀ (ਦੁਸ਼ਟ ਪੁਰਸ਼ਾਂ ਰੂਪ ਦੈਂਤਾਂ ਨੂੰ) ਮਾਰ ਕੇ, ਯੱਗ ਕਰੋ ਅਤੇ ਉਸੇ ਤਰ੍ਹਾਂ ਹੀ ਸੰਤਾਂ ਦੇ ਵੀ ਸਹਾਈ ਹੋਵੋ॥੩॥੩੩੬॥ ਏਥੇ ਗਿਆਨ ਪ੍ਰਬੋਧ ਦਾ ਪ੍ਰਸੰਗ ਸਮਾਪਤ ਹੋਇਆ ਹੈ

[1] ਇਨ੍ਹਾਂ ਛੰਦਾਂ ਤੋਂ ਸਮਾਪਤੀ ਜਾਪਦੀ ਹੈ ਅਤੇ ਨਹੀਂ ਵੀ। ਏਸ ਭਰਮ ਜਾਲ ’ਚੋਂ ਸੰਪ੍ਰਦਾਇ ਬਿਲਕੁਲ ਨਹੀਂ ਕੱਢਦੀ, ਜਿਸ ਤੋਂ ਸ਼ੰਕਾ ਰਹਿਣੀ ਸੁਭਾਵਿਕ ਹੈ। ਮੈਨੂੰ ਜੋ ਵਿਚਾਰ ਫੁਰੇ ਹਨ, ਉਹ ਇਹ ਹਨ ਕਿ ਅੰਗ ੩੩੬ ਵਾਲਾ ਛੰਦ ਦੋ ਛੰਦਾਂ ਦਾ ਅੱਧਾ-ਅੱਧਾ ਹਿੱਸਾ ਦਿਸਦਾ ਹੈ। ਪਿਛਲੀਆਂ ਦੋ ਤੁਕਾਂ ਗਿਆਨ ਪ੍ਰਬੋਧ ਦੇ ਅੰਤ ਦੀਆਂ ਹਨ ਪ੍ਰੰਤੂ ਪਹਿਲੀਆਂ ਦੋ ਤੁਕਾਂ ਪ੍ਰਸੰਗ ਦੇ ਨਾਲ ਦੀਆਂ ਹੀ ਹਨ। ਇਨ੍ਹਾਂ ਦੇ ਵਿੱਚੋਂ ਬਹੁਤ ਸਾਰਾ ਪਾਠ ਦਸਮ ਗ੍ਰੰਥ ਸਾਹਿਬ ਜੀ ਦੇ ਇਕੱਤਰਿਤ ਕਰਨ ਵੇਲੇ ਨਹੀਂ ਮਿਲ ਸਕਿਆ ਹੋਣਾ ਅਤੇ ਹੁਣ ਤੱਕ ਵੀ ਨਹੀਂ ਮਿਲ ਸਕਿਆ। ਜਿਸ ਤੋਂ ਇਹਨਾਂ ਦੇ ਅਰਥ ਲੜੀਵਾਰ ਨਹੀਂ ਬਣ ਸਕਦੇ।... ਹੋਰ ਵੀ ਵਿਚਾਰ ਫੁਰਦੀ ਹੈ ਕਿ ਗਿਆਨ ਪ੍ਰਬੋਧ ਵਿੱਚ ਸਾਰਿਆਂ ਪ੍ਰਸੰਗਾਂ ਦੇ ਅੰਤ ਵਿੱਚ ‘ਇਤਿ ਸ੍ਰੀ’ ਜ਼ਰੂਰ ਲਿਖੀ ਹੋਈ ਹੈ ਪਰ ਗਿਆਨ ਪ੍ਰਬੋਧ ਦੀ ਸਮਾਪਤੀ ਤੇ ‘ਇਤਿ ਸ੍ਰੀ’ ਦਾ ਨਾ ਹੋਣਾ ਵੀ ਏਹ ਸਮਾਪਤੀ ਜ਼ਾਹਰ ਨਹੀਂ ਕਰਦਾ, ਜਿਸ ਤੋਂ ਹਰ ਹਾਲਤ ਵਿੱਚ ਏਥੋਂ ਪ੍ਰਸੰਗ ਰਿਹਾ ਹੋਇਆ ਹੀ ਮੰਨਣਾ ਪੈਂਦਾ ਹੈ। (੨-੧੧-੧੯੭੨)